
Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fifth Year of Publication    ਨਿਊਯਾਰਕ ਐਡੀਸ਼ਨ    Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 26, Issue 8; February 22, 2025    20451 N. Plum Grove Rd., Palatine, IL 60074    Ph:847-359-0746, Fax:847-705-9388


## ਗ਼ੈਰ-ਕਾਨੂੰਨੀ ਢੰਗਾਂ ਨਾਲ ਅਮਰੀਕਾ ਗਏ ਭਾਰਤੀਆਂ ਦੀ ਵਾਪਸੀ ਜਾਰੀ



**ਅੰਮ੍ਰਿਤਸਰ:** ਗ਼ੈਰ-ਕਾਨੂੰਨੀ ਢੰਗਾਂ ਨਾਲ ਭਾਰਤ ਤੋਂ ਅਮਰੀਕਾ ਗਏ ਪ੍ਰਵਾਸੀਆਂ ਦਾ ਅਮਰੀਕਾ-ਨਿਕਾਲਾ ਲਗਾਤਾਰ ਜਾਰੀ ਹੈ। ਅਮਰੀਕਾ ਦਾ ਤੀਜਾ ਫ਼ੌਜੀ ਜਹਾਜ਼ 112 ਭਾਰਤੀਆਂ ਨੂੰ ਲੈ ਕੇ ਐਤਵਾਰ ਰਾਤ 10:05 ਵਜੇ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡੇ 'ਤੇ ਪੁੱਜਿਆ। ਭਾਰਤ 'ਚ ਵਿਰੋਧ ਦੇ ਬਾਵਜੂਦ ਅਮਰੀਕਾ ਦਾ ਟਰੰਪ ਪ੍ਰਸ਼ਾਸਨ ਨਹੀਂ ਮੰਨਿਆ ਤੇ ਤੀਜੀ ਫੇਰੀ 'ਚ ਵਾਪਸ ਭੇਜੇ ਗਏ ਭਾਰਤੀਆਂ ਨੂੰ ਵੀ ਹੱਥਕੜੀਆਂ ਤੇ ਬੇੜੀਆਂ ਬੰਨ੍ਹ ਕੇ ਹੀ ਭਾਰਤ ਭੇਜਿਆ ਗਿਆ। ਇਸ ਫੇਰੀ 'ਚ ਸਿਰਫ਼ ਇਹ ਛੋਟ ਰਹੀ ਕਿ ਔਰਤਾਂ ਤੇ ਬੱਚਿਆਂ ਦੇ ਹੱਥ-ਪੈਰ ਨਹੀਂ ਬੰਨ੍ਹੇ ਗਏ। ਤੀਜੇ ਹਵਾਈ ਜਹਾਜ਼ 'ਚ ਆਉਣ ਵਾਲਿਆਂ 'ਚ ਹਰਿਆਣਾ ਦੇ ਸਭ ਤੋਂ ਵੱਧ 44, ਗੁਜਰਾਤ ਦੇ 33, ਪੰਜਾਬ 31, ਉੱਤਰ ਪ੍ਰਦੇਸ਼ ਦੇ ਦੋ, ਹਿਮਾਚਲ ਤੇ ਉੱਤਰਾਖੰਡ ਦਾ ਇਕ ਇਕ ਨਾਗਰਿਕ ਸ਼ਾਮਲ ਹੈ। ਇਨ੍ਹਾਂ 'ਚ 11 ਬੱਚਿਆਂ ਸਣੇ 89 ਪੁਰਸ਼ ਤੇ ਚਾਰ ਬੱਚੀਆਂ ਸਣੇ 23 ਔਰਤਾਂ ਸ਼ਾਮਲ ਹਨ। ਇਨ੍ਹਾਂ 'ਚ ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਚਾਰ, ਗੁਰਦਾਸਪੁਰ ਦੇ ਅੱਠ, ਫ਼ਿਰੋਜ਼ਪੁਰ ਤੇ ਲੁਧਿਆਣਾ ਦੇ ਦੋ-ਦੋ ਲੋਕ ਸ਼ਾਮਿਲ ਹਨ। ਹੁਣ ਤੱਕ ਤਿੰਨ ਸਮੂਹਾਂ 'ਚ 377 ਲੋਕਾਂ ਨੂੰ ਅਮਰੀਕਾ ਨੇ ਭਾਰਤ ਭੇਜਿਆ। ਇਨ੍ਹਾਂ 'ਚ 126 ਪੰਜਾਬ ਦੇ ਹਨ। ਇਸ ਤੋਂ ਪਹਿਲਾਂ ਸ਼ਨਿਚਰਵਾਰ ਰਾਤ ਦੂਜੀ ਵਾਰ ਅਮਰੀਕਾ ਤੋਂ ਭੇਜੇ ਗਏ 116 ਭਾਰਤੀਆਂ 'ਚ ਔਰਤਾਂ ਤੇ ਬੱਚਿਆਂ ਨੂੰ ਛੱਡ ਕੇ ਬਾਕੀ ਸਾਰਿਆਂ ਨੂੰ ਹੱਥਕੜੀਆਂ ਲਾ ਕੇ ਲਿਆਂਦਾ ਗਿਆ ਸੀ। ਪਹਿਲੇ ਗੇੜ 'ਚ ਪੰਜ ਫਰਵਰੀ ਨੂੰ ਡਿਪੋਰਟ ਕੀਤੇ ਗਏ 104 ਭਾਰਤੀਆਂ ਨੂੰ ਹੱਥਕੜੀਆਂ ਬੰਨ੍ਹੀਆਂ ਗਈਆਂ ਸਨ। ਐਤਵਾਰ ਨੂੰ ਹਵਾਈ ਜਹਾਜ਼ ਦੇ ਲੈਂਡ ਕਰਨ ਤੋਂ ਬਾਅਦ ਜਾਂਚ ਏਜੰਸੀਆਂ ਨੇ ਡਿਪੋਰਟ ਹੋਏ ਲੋਕਾਂ ਤੋਂ ਪੁੱਛਗਿੱਛ ਕੀਤੀ। ਉਸ ਤੋਂ ਬਾਅਦ ਸਾਰਿਆਂ ਨੂੰ ਖਾਣਾ ਖੁਆਇਆ ਗਿਆ। ਖ਼ਾਸ ਗੱਲ ਇਹ ਰਹੀ ਕਿ ਐਤਵਾਰ ਨੂੰ ਏਅਰਪੋਰਟ 'ਤੇ ਡਿਪੋਰਟ ਹੋ ਕੇ ਆਏ ਲੋਕਾਂ ਨੂੰ ਲੈਣ ਉਨ੍ਹਾਂ ਦੇ ਪਰਿਵਾਰਕ ਮੈਂਬਰ ਨਹੀਂ ਪੁੱਜੇ। ਪੁਲਿਸ ਨੇ ਪਰਿਵਾਰਕ ਮੈਂਬਰਾਂ ਨੂੰ ਦੱਸ ਦਿੱਤਾ ਸੀ ਕਿ ਉਹ ਉਨ੍ਹਾਂ ਨੂੰ ਸਿੱਧਾ ਉਨ੍ਹਾਂ ਦੇ ਘਰ ਪਹੁੰਚਾਏਗੀ। ਹਰਿਆਣਾ ਸਰਕਾਰ ਨੇ ਆਪਣੇ ਸੂਬੇ ਨਾਲ ਸਬੰਧਤ ਡਿਪੋਰਟ ਲੋਕਾਂ ਨੂੰ ਏਅਰਪੋਰਟ 'ਤੇ ਰਿਸੀਵ ਕਰਨ ਲਈ ਇਸ ਵਾਰ ਤੀਰਥ ਯਾਤਰਾ ਮਹਾਂਕੁੰਭ ਦੀ ਵੋਲਵੋ ਬੱਸ ਭੇਜੀ। ਇਸ ਤੋਂ ਪਹਿਲਾਂ ਦੋ ਅਮਰੀਕੀ ਉਡਾਣਾਂ ਰਾਹੀਂ ਆਏ ਹਰਿਆਣਾ ਦੇ ਲੋਕਾਂ ਨੂੰ ਲੈਣ ਲਈ ਉੱਥੋਂ ਦੇ ਪੁਲਿਸ ਵਿਭਾਗ ਦੀਆਂ ਗੱਡੀਆਂ ਆਈਆਂ ਸਨ। ਹਰਿਆਣਾ ਪੁਲਿਸ ਦੀਆਂ ਗੱਡੀਆਂ 'ਤੇ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਵਿਅੰਗ ਕਰਦਿਆਂ ਕਿਹਾ ਸੀ ਕਿ ਅਮਰੀਕਾ ਤੋਂ ਪਰਤੇ ਲੋਕਾਂ ਨੂੰ ਜ਼ਿਆਦਾ ਸਨਮਾਨਤ ਢੰਗ ਨਾਲ ਰਿਸੀਵ ਕਰਨ ਲਈ ਹਰਿਆਣਾ ਨੂੰ ਚੰਗੇ ਵਾਹਨ ਭੇਜਣੇ ਚਾਹੀਦੇ ਹਨ। **(ਬਾਕੀ ਸਫ਼ਾ 6 'ਤੇ)**

# ਹਰਜਿੰਦਰ ਸਿੰਘ ਧਾਮੀ ਦੇ ਅਸਤੀਫ਼ੇ ਨਾਲ ਹੋਰ ਉਲਝਿਆ ਪੰਥਕ ਸੰਕਟ

### ਜਥੇਦਾਰ ਰਘਬੀਰ ਸਿੰਘ ਦੀ ਟਿੱਪਣੀ ਕਾਰਨ ਛੱਡ ਰਿਹਾਂ ਅਹੁਦਾ: ਧਾਮੀ



**ਅੰਮ੍ਰਿਤਸਰ:** ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਹੁਦੇ ਤੋਂ ਹਟਾਉਣ ਦੇ ਮੁੱਦੇ 'ਤੇ ਐਸ.ਜੀ.ਪੀ.ਸੀ. ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੋਮਵਾਰ ਨੂੰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਨੇ ਆਪਣਾ ਅਸਤੀਫ਼ਾ ਐੱਸਜੀਪੀਸੀ ਦੀ ਐਗਜ਼ੈਕਟਿਵ ਕਮੇਟੀ ਨੂੰ ਭੇਜ ਦਿੱਤਾ ਹੈ। ਸੋਮਵਾਰ ਨੂੰ ਦੁਪਹਿਰ 12 ਵਜੇ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਵਿਖੇ ਪ੍ਰੈਸ ਕਾਨਫਰੰਸ ਸੱਦੀ ਸੀ। ਪਹਿਲਾਂ ਉਨ੍ਹਾਂ ਅਮਰੀਕਾ ਤੋਂ ਡਿਪੋਰਟ ਹੋ ਕੇ ਆਏ ਸਿੱਖਾਂ ਦੀਆਂ ਦਸਤਾਰਾਂ ਉਤਰਵਾਉਣ ਦਾ ਜ਼ਿਕਰ ਕੀਤਾ। ਫਿਰ ਹਰਿਆਣਾ ਕਮੇਟੀ, ਦਿੱਲੀ ਕਮੇਟੀ ਤੇ ਹੋਰ ਸਿੱਖ ਸੰਸਥਾਵਾਂ 'ਚ ਸਰਕਾਰੀ ਦਖ਼ਲ-ਅੰਦਾਜੀ ਦਾ ਦੋਸ਼ ਲਾਉਂਦਿਆਂ ਸਿੱਖਾਂ ਨੂੰ ਸਿੱਖ ਸੰਸਥਾਵਾਂ ਪ੍ਰਤੀ ਲਾਮਬੰਦ ਹੋਣ ਦਾ ਸੁਨੇਹਾ ਵੀ ਦਿੱਤਾ। ਇਸ ਤੋਂ ਬਾਅਦ ਅਸਲ ਮੁੱਦੇ 'ਤੇ ਆਏ 'ਤੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ੇ ਦਾ ਐਲਾਨ ਕਰ ਦਿੱਤਾ।

ਧਾਮੀ ਨੇ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਫਾਰਗ ਕਰਨ ਤੋਂ ਬਾਅਦ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਆਪਣੀ ਫੇਸਬੁੱਕ 'ਤੇ ਪੋਸਟ ਲਿਖ ਕੇ ਇਸ ਫ਼ੈਸਲੇ ਨੂੰ 'ਨਿੰਦਣਯੋਗ ਤੇ ਮੰਦਭਾਗਾ ਵਰਤਾਰਾ, ਤਖ਼ਤ ਸਾਹਿਬਾਨ ਦੀ ਆਜ਼ਾਦ ਹਸਤੀ ਨੂੰ ਵੀ ਨੁਕਸਾਨ ਪਹੁੰਚਾਉਂਣ ਵਾਲਾ' ਦੱਸਿਆ ਹੈ। ਧਾਮੀ ਨੇ ਕਿਹਾ ਕਿ ਇਸ ਪੋਸਟ ਤੋਂ ਬਾਅਦ ਮੈਂ ਨੈਤਿਕਤਾ ਦੇ ਆਧਾਰ 'ਤੇ ਇਸ ਫ਼ੈਸਲੇ ਦੀ ਜ਼ਿੰਮੇਵਾਰੀ ਲੈਂਦਿਆਂ ਅਸਤੀਫ਼ਾ ਦੇ ਰਿਹਾ ਹਾਂ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਵੱਲੋਂ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਤੇ 11 ਅੰਤ੍ਰਿੰਗ ਕਮੇਟੀ ਮੈਂਬਰ ਚੁਣ ਕੇ ਸ਼੍ਰੋਮਣੀ ਕਮੇਟੀ ਪ੍ਰਤੀ ਸਾਰੇ ਫ਼ੈਸਲੇ ਲੈਣ ਦਾ ਅਧਿਕਾਰ ਦਿੱਤਾ ਜਾਂਦਾ ਹੈ ਤੇ ਗਿਆਨੀ ਹਰਪ੍ਰੀਤ ਸਿੰਘ ਦੇ ਮਾਮਲੇ 'ਚ ਵੀ ਜੋ ਫ਼ੈਸਲਾ ਲਿਆ ਗਿਆ, ਪੂਰੀ ਅੰਤ੍ਰਿੰਗ ਕਮੇਟੀ 'ਚ ਡੇਢ ਘੰਟੇ ਦੀ ਵਿਚਾਰ ਚਰਚਾ ਮਗਰੋਂ ਸਹਿਮਤੀ ਨਾਲ ਹੀ ਲਿਆ ਗਿਆ ਹੈ। ਇਸ ਦੇ ਬਾਵਜੂਦ ਅੰਤ੍ਰਿੰਗ ਕਮੇਟੀ ਦੀ ਪ੍ਰਧਾਨਗੀ ਕਰਨ ਦੇ ਨਾਤੇ ਇਸ ਦੀ ਜ਼ਿੰਮੇਵਾਰੀ ਲੈਂਦੇ ਹੋਏ ਅੰਤ੍ਰਿੰਗ ਕਮੇਟੀ ਨੂੰ ਅਸਤੀਫ਼ਾ ਭੇਜ ਦਿੱਤਾ ਹੈ। ਮੈਂ ਹਮੇਸ਼ਾ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਿਪਤ ਰਿਹਾ ਹਾਂ ਇਸ ਲਈ ਜਥੇਦਾਰ ਦੀ ਕਹੀ ਗੱਲ ਨੂੰ ਸਿਰ ਮੱਥੇ ਪ੍ਰਵਾਨ ਕੀਤਾ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸੰਬੰਧੀ ਬਣਾਈ ਸੱਤ ਮੈਂਬਰੀ ਕਮੇਟੀ ਦੇ ਮੁਖੀ ਵਜੋਂ ਸੇਵਾਵਾਂ ਤੋਂ ਮੁਕਤੀ ਲਈ ਵੀ ਉਨ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਪੱਤਰ ਲਿਖ ਕੇ ਦੇ ਦਿੱਤਾ ਹੈ।

### ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਮਾਣ ਬਖ਼ਸ਼ਿਆ: ਧਾਮੀ

ਧਾਮੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਹੀ ਉਨ੍ਹਾਂ ਨੂੰ ਮਾਣ-ਸਤਿਕਾਰ ਦਿੱਤਾ ਹੈ। ਜਦੋਂ ਉਹ ਪਹਿਲੀ ਵਾਰੀ 1996 'ਚ

**(ਬਾਕੀ ਸਫ਼ਾ 6 'ਤੇ)**


Singh Tax & Accounting Services LLC.
SINGH AUTO & HOME INSURANCE
Individual & Business Tax related Services

ਸੇਵਾਵਾਂ: *ਇਨਕਮ ਟੈਕਸ ਨਾਲ ਸਬੰਧਤ ਹਰੇਕ ਸੇਵਾ ਜਿਵੇਂ, ਟੈਕਸ ਫਾਈਲਿੰਗ, ਟੈਕਸ ਪਲਾਨਿੰਗ ਅਤੇ ਆਈਆਰਐਸ ਔਡਿਟ (ਨਿੱਜੀ ਅਤੇ ਬਿਜ਼ਨਸ) ਲਈ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।
* ਅਸੀਂ ਅਮਰੀਕਾ ਭਰ ਵਿਚ ਘਰਾਂ ਅਤੇ ਕਾਰਾਂ ਦੀ ਨਿੱਜੀ ਅਤੇ ਕਮਰਸ਼ੀਅਲ ਇੰਸ਼ੋਰੈਂਸ ਵੀ ਕਰਦੇ ਹਾਂ।



Ph: 248-982-2036

Office Locations
Michigan:
36167 Ford Rd.Westland, MI 48185
Minnesota:
6043 Hudson Rd, Suite#399A
Woodbury, Minnesota 55125

Mohan Singh MST
IRS Enrolled agent,
Insurance Agent-
Casualty & Property
Notary Public

Email: STS2021@SinghTaxServices.com; www.SinghTaxServices.com



Corporate NMLS# 68434
AZ License# BK-0945946


Balbir (Bill) Grewal
MORTGAGE LOAN OFFICER
NMLS# 353442

Sistar Mortgage
A Nationwide Lender

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org


(ਬਾਕੀ ਸਫ਼ਾ 6 'ਤੇ)

# ਪੰਜਾਬ ਸਰਕਾਰ ਵਲੋਂ ਮੁਲਾਜ਼ਮਾਂ ਨੂੰ ਵੱਡਾ ਵਿੱਤੀ ਤੋਹਫ਼ਾ

### *1 ਜਨਵਰੀ 2016 ਤੋਂ 30 ਜੂਨ 2022 ਤੱਕ ਲਈ ਸੋਧੀਆਂ ਤਨਖਾਹਾਂ, ਪੈਨਸ਼ਨਾਂ ਤੇ ਛੁੱਟੀ ਦੇ ਭੁਗਤਾਨ ਦੇ ਬਕਾਏ ਅਤੇ 1 ਜੁਲਾਈ 2021 ਤੋਂ 31 ਮਾਰਚ 2024 ਤੱਕ ਦੇ ਡੀ ਏ ਤੇ ਡੀ ਆਰ ਜਾਰੀ ਕਰਨ ਨੂੰ ਦਿੱਤੀ ਮਨਜ਼ੂਰੀ*

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਦਿੱਲੀ 'ਚ ਵਿਧਾਨ ਸਭਾ ਚੋਣਾਂ 'ਚ ਹਾਰ ਤੋਂ ਬਾਅਦ ਵੱਡਾ ਫੈਸਲਾ ਲੈਂਦੇ ਹੋਏ ਸੂਬੇ ਦੇ ਛੇ ਲੱਖ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਵੱਡੀ ਰਾਹਤ ਦਿੱਤੀ ਹੈ। ਸਰਕਾਰ ਨੇ 1 ਜਨਵਰੀ 2016 ਤੋਂ 30 ਜੂਨ 2022 ਤੱਕ ਲਈ ਸੋਧੀਆਂ ਤਨਖਾਹਾਂ, ਪੈਨਸ਼ਨਾਂ ਤੇ ਛੁੱਟੀ ਦੇ ਭੁਗਤਾਨ ਦੇ ਬਕਾਏ ਅਤੇ 1 ਜੁਲਾਈ 2021 ਤੋਂ 31 ਮਾਰਚ 2024 ਤੱਕ ਦੇ ਡੀ ਏ ਤੇ ਡੀ ਆਰ ਜਾਰੀ ਕਰਨ ਨੂੰ ਮਨਜ਼ੂਰੀ ਦੇ ਦਿੱਤੀ ਹੈ।

ਸਰਕਾਰ ਦੇ ਇਸ ਫ਼ੈਸਲੇ ਨਾਲ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਖਾਤੇ 'ਚ 14 ਹਜ਼ਾਰ ਕਰੋੜ ਰੁਪਏ ਜਾਣਗੇ। ਇਹ ਫ਼ੈਸਲਾ ਵੀਰਵਾਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਹੋਈ ਕੈਬਨਿਟ ਬੈਠਕ 'ਚ ਕੀਤਾ ਗਿਆ। ਦੱਸਣਯੋਗ ਹੈ ਕਿ ਚਾਰ ਮਹੀਨੇ ਤੋਂ ਜ਼ਿਆਦਾ ਸਮੇਂ ਤੋਂ ਪੈਂਡਿੰਗ ਕੈਬਨਿਟ ਬੈਠਕ 'ਤੇ ਮੁਲਾਜ਼ਮਾਂ ਦੀ ਨਜ਼ਰ ਲੱਗੀ ਹੋਈ ਸੀ। ਸੂਬੇ 'ਚ ਤਿੰਨ ਲੱਖ ਸਰਕਾਰੀ ਮੁਲਾਜ਼ਮ ਤੇ ਤਿੰਨ ਲੱਖ ਦੇ ਕਰੀਬ ਹੀ ਪੈਨਸ਼ਨਰ ਹਨ।

ਇਸ ਦੇ ਨਾਲ ਹੀ ਪੰਜਾਬ ਮੰਤਰੀ ਮੰਡਲ ਨੇ ਸਰਕਾਰੀ ਤੇ ਨਿੱਜੀ ਖੇਤਰ 'ਚ 60 ਹਜ਼ਾਰ ਨੌਕਰੀਆਂ ਦੀ ਸਿਰਜਣਾ ਤੇ ਭਰਤੀ ਨੂੰ ਵੀ ਮਨਜ਼ੂਰੀ ਦਿੱਤੀ ਹੈ। ਇਸ ਤਹਿਤ ਸਰਕਾਰ ਨੇ ਕਿਹਾ ਹੈ ਕਿ ਟੈਕਸ ਚੋਰੀ ਰੋਕਣ ਲਈ ਐਕਸਾਈਜ਼ ਵਿਭਾਗ 'ਚ 476 ਨਵੀਆਂ ਪੋਸਟਾਂ ਕੱਢੀਆਂ ਜਾਣਗੀਆਂ। ਇਸ ਨਾਲ ਹੀ ਵਿਭਾਗ ਦੇ ਇੰਸਪੈਕਟਰ ਹੁਣ ਸੂਬਾਈ ਐਕਸਾਈਜ਼ ਅਧਿਕਾਰੀ ਦੇ ਰੂਪ 'ਚ ਜਾਣੇ ਜਾਣਗੇ। ਇਸੇ ਤਰ੍ਹਾਂ ਐਕਸਾਈਜ਼ ਵਿਭਾਗ 'ਚ ਰੈਗੂਲਰ ਆਧਾਰ 'ਤੇ 53 ਡਰਾਈਵਰਾਂ ਦੀ ਭਰਤੀ ਹੋਵੇਗੀ। ਪ੍ਰਾਇਮਰੀ ਸਿੱਖਿਆ ਵਿਭਾਗ 'ਚ ਸਰੀਰਕ ਸਿਖਲਾਈ ਕੋਚਾਂ (ਪੀਟੀਆਈ ਅਧਿਆਪਕਾਂ) ਦੀ ਸਿੱਧੀ ਭਰਤੀ ਲਈ ਨਿਯਮਾਂ ਤੇ ਯੋਗਤਾਵਾਂ 'ਚ ਸੋਧ ਕਰਨ ਨੂੰ ਵੀ ਹਰੀ ਝੰਡੀ ਦੇ ਦਿੱਤੀ ਗਈ ਹੈ। ਇਸ ਨਾਲ ਆਉਣ ਵਾਲੇ ਦਿਨਾਂ 'ਚ ਸੂਬੇ ਭਰ 'ਚ ਅਜਿਹੇ 2000 ਅਧਿਆਪਕਾਂ ਦੀ ਭਰਤੀ ਹੋ ਸਕੇ।



## ਮੰਤਰੀ ਮੰਡਲ ਦੇ ਹੋਰ ਅਹਿਮ ਫ਼ੈਸਲੇ

* ਐਨ.ਆਰ.ਆਈਜ਼. ਦੀ ਸਹੂਲਤ ਲਈ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ, ਸ਼ਹੀਦ ਭਗਤ ਸਿੰਘ ਨਗਰ, ਮੋਗਾ ਤੇ ਲੁਧਿਆਣਾ 'ਚ ਵਿਸ਼ੇਸ਼ ਫਾਸਟ ਟ੍ਰੈਕ ਅਦਾਲਤਾਂ ਸਥਾਪਤ ਕੀਤੀਆਂ ਜਾਣਗੀਆਂ।
* ਪੰਜਾਬ ਵਿੱਤੀ ਸਹਾਇਤਾ ਐਸਿਡ ਪੀੜਤਾਂ ਲਈ ਯੋਜਨਾ, 2024' 'ਚ ਮਰਦਾਂ ਤੇ ਟਰਾਂਸਜੈਂਡਰ ਪੀੜਤ ਸ਼ਾਮਲ ਕੀਤੇ ਜਾਣਗੇ। ਪੀੜਤਾਂ ਨੂੰ ਹੁਣ 8 ਹਜ਼ਾਰ ਰੁਪਏ ਦੀ ਬਜਾਏ ਦਸ ਹਜ਼ਾਰ ਰੁਪਏ ਮਾਸਿਕ ਸਹਾਇਤਾ ਦੇਣ ਦਾ ਫ਼ੈਸਲਾ ਕੀਤਾ ਗਿਆ।
* ਪਰਾਲੀ 'ਤੇ ਆਧਾਰਿਤ ਨਵਾਂ ਬਾਇਲਰ ਸਥਾਪਤ ਕਰਨ ਲਈ ਪੂੰਜੀਗਤ ਸਬਸਿਡੀ ਇਕ ਕਰੋੜ ਰੁਪਏ ਤੇ ਮੌਜੂਦਾ ਪਲਾਂਟ ਨੂੰ ਅਪਗ੍ਰੇਡ ਕਰਨ ਲਈ 50 ਲੱਖ ਰੁਪਏ ਸਬਸਿਡੀ ਦੇਣ ਦੀ ਸਹਿਮਤੀ ਦੇ ਦਿੱਤੀ।
* ਲੋਕਾਂ ਨੂੰ ਇਨਸਾਫ਼ ਦਿਵਾਉਣ ਲਈ ਸੂਬੇ 'ਚ 22 ਨਵੀਆਂ ਲੋਕ ਅਦਾਲਤਾਂ ਸਥਾਪਤ ਕਰਨ ਲਈ ਪੰਜਾਬ ਸੂਬਾਈ ਕਾਨੂੰਨੀ ਸੇਵਾ ਅਥਾਰਟੀ 'ਚ ਨਵੀਆਂ ਪੋਸਟਾਂ ਦੀ ਸਿਰਜਣਾ ਕੀਤੀ ਜਾਏਗੀ।
* ਨਵੇਂ ਬਣੇ ਜ਼ਿਲ੍ਹੇ ਮਾਲੇਰਕੋਟਲਾ 'ਚ ਸਹਾਇਕ ਡਾਇਰੈਕਟਰ, ਸੀਨੀਅਰ ਸਹਾਇਕ ਤੇ ਸੇਵਾਦਾਰ ਦੀਆਂ ਤਿੰਨ ਨਵੀਂ ਪੋਸਟਾਂ ਦੀ ਸਿਰਜਣਾ ਕੀਤੀ ਜਾਏਗੀ।
* 1500 ਏਕੜ ਜ਼ਮੀਨ ਐਕਵਾਇਰ ਕਰ ਕੇ ਇਸ ਨੂੰ ਆਰਥਿਕ ਰੂਪ ਨਾਲ ਕਮਜ਼ੋਰ ਵਰਗਾਂ ਲਈ ਮਕਾਨ ਬਣਾਉਣ ਲਈ ਇਸਤੇਮਾਲ ਕੀ ਜਾਵੇਗਾ।
* ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਪਟਿਆਲਾ ਲਈ ਯੂਜੀਸੀ ਸਕੇਲ ਨੂੰ ਮਨਜ਼ੂਰੀ
* ਮੰਤਰੀ ਮੰਡਲ ਦੀ ਬੈਠਕ 'ਚ ਪੇਂਡੂ ਚੌਕੀਦਾਰਾਂ ਦਾ ਮਾਣਭੱਤਾ 1,250 ਰੁਪਏ ਤੋਂ ਵਧਾ ਕੇ 1500 ਰੁਪਏ ਕਰਨ ਦੇ ਫ਼ੈਸਲੇ 'ਤੇ ਵੀ ਮੋਹਰ ਲਾਈ ਗਈ ਹੈ।

# ਜ਼ਿਲ੍ਹਾ ਪ੍ਰੀਸ਼ਦ ਚੋਣਾਂ 31 ਮਈ ਤੋਂ ਪਹਿਲਾਂ ਹੋਣਗੀਆਂ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ 'ਚ ਪੰਚਾਇਤ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਕਰਵਾਉਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਇਸ ਵਿਚ ਕਿਹਾ ਗਿਆ ਹੈ ਕਿ ਇਹ ਚੋਣਾਂ 31 ਮਈ ਤੋਂ ਪਹਿਲਾਂ ਕਰਵਾਈਆਂ ਜਾ ਸਕਦੀਆਂ ਹਨ। ਵਿਭਾਗ ਦੇ ਸਕੱਤਰ ਦਿਲਰਾਜ ਸਿੰਘ ਵਲੋਂ ਜਾਰੀ ਨੋਟੀਫਿਕੇਸ਼ਨ 'ਚ ਸੂਬਾਈ ਚੋਣ ਕਮਿਸ਼ਨ ਨੂੰ ਕਿਹਾ ਗਿਆ ਹੈ ਕਿ 31 ਮਈ ਤੋਂ ਪਹਿਲਾਂ ਚੋਣਾਂ ਕਰਵਾਈਆਂ ਜਾ ਸਕਦੀਆਂ ਹਨ। ਇਸ ਤੋਂ ਪਹਿਲਾਂ ਸਾਲ 2018 ਦੇ ਸਤੰਬਰ ਮਹੀਨੇ 'ਚ ਚੋਣਾਂ ਕਰਵਾਈਆਂ ਗਈਆਂ ਸਨ।

ਜ਼ਿਕਰਯੋਗ ਹੈ ਕਿ ਅਪ੍ਰੈਲ ਮਹੀਨੇ 'ਚ ਪੰਜਾਬ 'ਚ ਕਣਕ ਦੀ ਵਾਢੀ ਹੁੰਦੀ ਹੈ ਜਿਹੜੀ ਲਗਪਗ ਇਕ ਮਹੀਨੇ ਤੱਕ ਚੱਲਦੀ ਹੈ। ਕਿਉਂਕਿ ਉਸ ਵਿਚ ਸਾਰੇ ਜ਼ਿਲ੍ਹਿਆਂ ਦੇ ਅਧਿਕਾਰੀ ਰੁੱਝੇ ਹੁੰਦੇ ਹਨ। ਅਜਿਹੇ 'ਚ ਸੂਬਾਈ ਚੋਣ ਕਮਿਸ਼ਨ 20 ਮਈ ਤੋਂ ਬਾਅਦ ਚੋਣਾਂ ਕਰਵਾ ਸਕਦਾ ਹੈ। ਪੰਜਾਬ ਦੇ ਸਾਰੇ 23 ਜ਼ਿਲ੍ਹਿਆਂ 'ਚ ਇਹ ਚੋਣਾਂ ਹੋਣੀਆਂ ਹਨ। ਸਾਫ਼ ਹੈ ਕਿ ਪੰਜਾਬ ਦੇ ਸਿਆਸਤਦਾਨਾਂ ਨੂੰ ਇਕ ਵਾਰ ਮੁੜ ਚੋਣ ਮੈਦਾਨ 'ਚ ਆਉਣਾ ਪਵੇਗਾ।



# ਗਿਆਨੀ ਹਰਪ੍ਰੀਤ ਸਿੰਘ ਦੇ ਹੱਕ 'ਚ ਆਏ ਜਥੇਦਾਰ ਰਘਬੀਰ ਸਿੰਘ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਗਿਆਨੀ ਹਰਪ੍ਰੀਤ ਸਿੰਘ ਦੇ ਹੱਕ 'ਚ ਇੰਟਰਨੈੱਟ ਮੀਡੀਆ 'ਤੇ ਪੋਸਟ ਪਾ ਕੇ ਲਿਖਿਆ ਹੈ ਕਿ ਪਿਛਲੇ ਦਿਨਾਂ ਤੋਂ ਜਿਸ ਤਰ੍ਹਾਂ ਦੇ ਘਟਨਾਕਮ ਵਾਪਰ ਰਹੇ ਹਨ, ਮੈਂ ਉਨ੍ਹਾਂ ਨੂੰ ਸਾਰੇ ਪੱਖਾਂ ਤੋਂ ਬੜੀ ਗੰਭੀਰਤਾ ਨਾਲ ਵਾਚ ਰਿਹਾ ਹਾਂ। ਇਨ੍ਹਾਂ ਹਾਲਾਤ ਤੋਂ ਮੇਰਾ ਮਨ ਬੇਹੱਦ ਦੁਖੀ ਹੋਇਆ ਹੈ। ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਅਹੁਦੇ ਤੋਂ ਹਟਾਉਣ ਲਈ ਵਰਤਿਆ ਗਿਆ ਕਾਰਨ ਅਤੇ ਤਰੀਕਾ ਬਿਲਕੁਲ ਵੀ ਸਹੀ ਨਹੀਂ ਹੈ। 2 ਦਸੰਬਰ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥਕ ਭਾਵਨਾਵਾਂ ਅਤੇ ਪਰੰਪਰਾਵਾਂ ਦੀ ਰੋਸ਼ਨੀ ਵਿਚ ਹੋਏ ਫ਼ੈਸਲਿਆਂ ਤੋਂ ਬਾਅਦ ਹੀ ਇਸ ਤਰ੍ਹਾਂ ਜਾਪ ਰਿਹਾ ਸੀ ਕਿ ਸਿੰਘ ਸਾਹਿਬਾਨ ਖ਼ਿਲਾਫ਼ ਗਿਣੇ ਮਿੱਥੇ ਤਰੀਕੇ ਦੇ ਨਾਲ ਮਾਹੌਲ ਬਣਾਇਆ ਜਾ ਰਿਹਾ ਹੈ। ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ 18 ਸਾਲ ਪੁਰਾਣੇ ਪਰਿਵਾਰਕ ਮਸਲੇ ਨੂੰ ਗ਼ਲਤ ਰੰਗਤ ਦੇ ਕੇ ਮੀਡੀਆ ਟਰਾਇਲ ਚਲਾਇਆ ਗਿਆ। ਇਸ ਸਬੰਧ 'ਚ ਬਤੌਰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਮੈਂ ਸ਼੍ਰੋਮਣੀ ਕਮੇਟੀ ਵਲੋਂ ਜਾਂਚ ਕਮੇਟੀ ਬਿਠਾਉਣ ਵੇਲੇ ਵੀ ਆਖਿਆ ਸੀ ਕਿ ਇਹ ਠੀਕ ਨਹੀਂ ਹੈ। ਜੇਕਰ ਕਿਸੇ ਵੀ ਤਖ਼ਤ ਸਾਹਿਬ ਦੇ ਕਿਸੇ ਜਥੇਦਾਰ ਸਾਹਿਬ ਵਿਰੁੱਧ ਕਿਸੇ ਤਰ੍ਹਾਂ ਦੇ ਦੋਸ਼ਾਂ ਦੀ ਪੜਤਾਲ ਕਰਨ ਦੀ ਲੋੜ ਹੋਵੇ ਤਾਂ ਇਹ ਕੇਵਲ ਸ੍ਰੀ ਅਕਾਲ ਤਖ਼ਤ ਸਾਹਿਬ ਹੀ ਕਰਵਾ ਸਕਦਾ ਹੈ। ਗਿਆਨੀ ਹਰਪ੍ਰੀਤ ਸਿੰਘ ਨੂੰ ਫਿਰ ਵੀ ਅਹੁਦੇ ਤੋ ਸੇਵਾਮੁਕਤ ਕਰਨਾ ਮੰਦਭਾਗਾ ਹੈ। ਇਸ ਤਰ੍ਹਾਂ ਜਥੇਦਾਰ ਸਾਹਿਬਾਨ ਨੂੰ ਜ਼ਲੀਲ ਕਰ ਕੇ ਸੇਵਾਮੁਕਤ ਕਰਨਾ ਬੇਹਦ ਮੰਦਭਾਗਾ ਵਰਤਾਰਾ ਹੈ। ਇਹ ਤਖ਼ਤ ਸਾਹਿਬਾਨ ਦੀ ਆਜ਼ਾਦ ਹਸਤੀ ਨੂੰ ਵੀ ਨੁਕਸਾਨ ਪਹੁੰਚਾਉਣ ਵਾਲਾ ਹੈ।





## ਬੰਗਲਾ ਦੇਸ਼ 'ਚ ਦਸੰਬਰ ਤੱਕ ਚੋਣਾਂ ਕਰਵਾਉਣ ਦੀ ਤਿਆਰੀ

**ਢਾਕਾ:** ਬੰਗਲਾਦੇਸ਼ 'ਚ ਦਸੰਬਰ ਤੱਕ ਆਮ ਚੋਣਾਂ ਕਰਵਾਉਣ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਚੋਣ ਕਮਿਸ਼ਨ ਨੇ ਮੰਗਲਵਾਰ ਨੂੰ ਕਿਹਾ ਕਿ ਦਸੰਬਰ ਤੱਕ ਆਮ ਚੋਣਾਂ ਕਰਵਾਉਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਪਿਛਲੇ ਹਫਤੇ ਦੇਸ਼ ਭਰ 'ਚ ਭੰਨਤੋੜ ਦੀਆਂ ਘਟਨਾਵਾਂ ਤੋਂ ਬਾਅਦ ਅੰਤਰਿਮ ਸਰਕਾਰ ਦੇ ਮੁਖੀ ਮੁਹੰਮਦ ਯੂਨਸ ਨੇ ਚੋਣਾਂ ਕਰਵਾਉਣ ਦੇ ਪ੍ਰਸਤਾਵ 'ਤੇ ਸਹਿਮਤੀ ਜਤਾਈ ਸੀ। ਚੋਣ ਕਮਿਸ਼ਨ ਦੇ ਇਸ ਬਿਆਨ ਤੋਂ ਇਕ ਦਿਨ ਪਹਿਲਾਂ ਯੂਨਸ ਨੇ ਸਾਬਕਾ ਪ੍ਰਧਾਨ ਮੰਤਰੀ ਖਾਲਿਦਾ ਜ਼ਿਆ ਦੀ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (ਬੀਐੱਨਪੀ) ਨੂੰ ਭਰੋਸਾ ਦਿੱਤਾ ਸੀ ਕਿ ਦਸੰਬਰ ਤੱਕ ਚੋਣਾਂ ਕਰਵਾਈਆਂ ਜਾਣਗੀਆਂ।



# ਇਮਰਾਨ ਵੱਲੋਂ ਮਾਮਲਿਆਂ ਦੀ ਖੁੱਲ੍ਹੀ ਸੁਣਵਾਈ ਦੀ ਅਪੀਲ

**ਇਸਲਾਮਾਬਾਦ:** ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਆਪਣੇ ਮਾਮਲਿਆਂ ਦੀ ਖੁੱਲ੍ਹੀ ਸੁਣਵਾਈ ਦੀ ਅਦਾਲਤ ਨੂੰ ਅਪੀਲ ਕੀਤੀ ਹੈ। ਇਸਲਾਮਾਬਾਦ ਹਾਈਕੋਰਟ ਵਿਚ ਦਾਖਲ ਪਟੀਸ਼ਨ ਵਿਚ ਇਮਰਾਨ ਨੇ ਕਿਹਾ ਕਿ ਉਨ੍ਹਾਂ ਦੇ ਖ਼ਿਲਾਫ਼ ਕਈ ਝੂਠੇ ਮਾਮਲੇ ਦਰਜ ਹਨ।

ਜਾਣਕਾਰੀ ਮੁਤਾਬਿਕ ਆਪਣੀ ਪਟੀਸ਼ਨ ਵਿਚ ਪਾਕਿਸਤਾਨ ਦੇ ਸਾਬਕਾ ਵਜ਼ੀਰੇ ਆਜ਼ਮ ਇਮਰਾਨ ਖਾਨ ਨੇ ਕਿਹਾ ਕਿ ਸੰਵਿਧਾਨ ਤੇ ਕਾਨੂੰਨ ਦਾ ਉਲੰਘਣ ਕਰਦਿਆਂ ਅਦਿਆਲਾ ਜੇਲ੍ਹ ਵਿਚ ਉਨ੍ਹਾਂ ਦੀ ਸੁਣਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਦੇ ਵਕੀਲਾਂ ਨੂੰ ਤੰਗ ਕੀਤਾ ਜਾ ਰਿਹਾ ਹੈ। ਇਮਰਾਨ ਨੇ ਸੋਮਵਾਰ ਨੂੰ ਐਕਸ 'ਤੇ ਪੋਸਟ ਪਾ ਕੇ ਕਿਹਾ ਕਿ ਬੱਚਾ ਵੀ ਜਾਣਦਾ ਹੈ ਕਿ ਪਾਕਿਸਤਾਨ ਨੂੰ ਸੈਨਾ ਮੁਖੀ ਜਨਰਲ ਅਸੀਮ ਮੁਨੀਰ ਚਲਾ ਰਹੇ ਹਨ। ਇਮਰਾਨ ਖਾਨ ਵੱਲੋਂ ਦਾਖਲ ਕੀਤੀ ਗਈ ਆਪਣੇ ਮਾਮਲਿਆਂ ਬਾਰੇ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਪਾਕਿਸਤਾਨ ਤਹਿਰੀਕ ਏ ਇਨਸਾਫ ਦੇ ਸੰਸਥਾਪਕ ਇਮਰਾਨ 2023 'ਚ ਗ੍ਰਿਫਤਾਰੀ ਦੇ ਬਾਅਦ ਕਦੇ ਵੀ ਖੁੱਲ੍ਹੀ ਅਦਾਲਤ ਵਿਚ ਪੇਸ਼ ਨਹੀਂ ਕੀਤੇ ਗਏ ਤੇ ਜੇਲ੍ਹ ਵਿਚ ਅਸਥਾਈ ਕੋਰਟ ਵਿਚ ਉਨ੍ਹਾਂ ਦੀ ਸੁਣਵਾਈ ਕੀਤੀ ਜਾ ਰਹੀ ਹੈ। ਪਟੀਸ਼ਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਜੇਲ੍ਹ ਪ੍ਰਸ਼ਾਸਨ ਅੰਤਰਰਾਸ਼ਟਰੀ ਮੀਡੀਆ ਨੂੰ ਸੁਣਵਾਈ ਦੀ ਪ੍ਰਕਿਰਿਆ ਦੀ ਰਿਪੋਰਟਿੰਗ ਦੀ ਮਨਜ਼ੂਰੀ ਨਹੀਂ ਦਿੰਦਾ ਹੈ। ਪ੍ਰਕਿਰਿਆ ਦੌਰਾਨ ਸਿਰਫ ਕੁਝ ਚੁਣੇ ਹੋਏ ਪਸੰਦੀਦਾ ਪੱਤਰਕਾਰਾਂ ਨੂੰ ਹੀ ਹਾਜ਼ਰ ਹੋਣ ਦੀ ਮਨਜ਼ੂਰੀ ਦਿੱਤੀ ਜਾਂਦੀ ਹੈ। ਮੀਡੀਆ ਵਿਚ ਪਾਕਿਸਤਾਨ ਦੇ ਸਾਬਕਾ ਪੀਐੱਮ ਦਾ ਨਾਮ ਨਹੀਂ ਲਿਖ ਕੇ ਉਨ੍ਹਾਂ ਲਈ ਸਿਰਫ ਪੀਟੀਆਈ ਸੰਸਥਾਪਕ ਦੀ ਵਰਤੋਂ ਕੀਤੀ ਜਾਂਦੀ ਹੈ।



ਦੋ ਲਫ਼ਜ਼

## ਅਕਾਲੀ ਦਲ ਦੀਆਂ ਵੋਟਾਂ 18 ਲੱਖ ਤੇ ਮੈਂਬਰਾਂ ਦੀ ਭਰਤੀ 35 ਲੱਖ

**ਲਖਵਿੰਦਰ ਜੌਹਲ**

ਬਠਿੰਡਾ: ਤਖਤ ਸ੍ਰੀ ਦਮਦਮਾ ਸਾਹਿਬ ਦੀ ਜਥੇਦਾਰੀ ਤੋਂ ਸੇਵਾਮੁਕਤ ਕੀਤੇ ਗਏ ਗਿਆਨੀ ਹਰਪ੍ਰੀਤ ਸਿੰਘ ਨੇ ਮੁੜ ਸ਼੍ਰੋਮਣੀ ਅਕਾਲੀ ਦਲ 'ਤੇ ਵੱਡਾ ਹਮਲਾ ਕੀਤਾ ਹੈ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਹੁਣ ਤੱਕ ਕੀਤੀ ਗਈ ਭਰਤੀ ਨੂੰ ਬੋਗਸ ਕਰਾਰ ਦਿੰਦਿਆਂ ਕਿਹਾ ਹੈ ਕਿ ਲੋਕ ਸਭਾ ਚੋਣਾਂ ਵਿਚ ਜਦੋਂ ਸੁਧਾਰ ਲਹਿਰ ਬਾਰੇ ਵੀ ਅਕਾਲੀ ਦਲ ਨਾਲ ਸਨ ਤਾਂ 18 ਲੱਖ ਵੋਟ ਪਈ ਸੀ ਪਰ ਹੁਣ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਕਹਿ ਰਹੇ ਹਨ ਕਿ ਉਨ੍ਹਾਂ 35 ਲੱਖ ਦੀ ਭਰਤੀ ਕਰ ਲਈ ਹੈ। ਉਨ੍ਹਾਂ ਕਿਹਾ ਕਿ ਇਹ ਸਾਰੀ ਭਰਤੀ ਬੋਗਸ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਪੂਰੀ ਤਰ੍ਹਾਂ ਆਪਣੇ ਸਿਧਾਂਤਾਂ ਤੋਂ ਖਿਙਕ ਚੁੱਕੇ ਹਨ। ਕਦੇ ਸਮਾਂ ਹੁੰਦਾ ਸੀ ਕਿ ਦੂਜੇ ਸੂਬਿਆ ਦੇ ਆਗੂ ਵੀ ਸ਼੍ਰੋਮਣੀ ਅਕਾਲੀ ਦਲ ਦੀਆਂ ਉਦਾਹਰਨਾਂ ਦੇ ਕੇ ਖੇਤਰੀ ਪਾਰਟੀ ਦਾ ਜ਼ਿਕਰ ਕਰਿਆ ਕਰਦੇ ਸਨ, ਸ਼੍ਰੋਮਣੀ ਅਕਾਲੀ ਦਲ ਦੇ ਆਗੂ ਪੰਥ ਲਈ ਲੜਨ ਮਰਨ ਵਾਲੇ ਅਤੇ ਨਿਤਨੇਮ ਕਰਨ ਵਾਲੇ ਸਨ ਪਰ ਇਹ ਸਾਰੇ ਸ਼੍ਰੋਮਣੀ ਅਕਾਲੀ ਦਲ ਵਿੱਚੋਂ ਦਰਕਿਨਾਰ ਕਰ ਦਿੱਤੇ ਗਏ ਪਰ ਬਾਅਦ ਵਿਚ ਨਸ਼ੇ, ਰੇਤਾ ਅਤੇ ਬਜਰੀ ਵੇਚਣ ਵਾਲੇ ਅਤੇ ਹੋਰ ਛੋਟੇ-ਮੋਟੇ ਕਾਰੋਬਾਰ ਕਰਨ ਵਾਲੇ ਆ ਗਏ। ਜਦੋਂ ਮੁਨਾਫਾ ਲੈਣ ਵਾਲੇ ਲੋਕਾਂ ਦੇ ਹੱਥਾਂ ਵਿਚ ਸ਼੍ਰੋਮਣੀ ਅਕਾਲੀ ਦਲ ਆ ਗਿਆ ਤਾਂ ਫਿਰ ਸਾਰੇ ਸਿਧਾਂਤ ਖ਼ਤਮ ਹੋ ਗਏ। ਅਜਿਹੇ ਆਗੂਆਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸਿਧਾਂਤਾਂ ਦਾ ਉੱਕਾ ਹੀ ਪਤਾ ਨਹੀਂ ਹੈ। ਉਨ੍ਹਾਂ ਕਿਹਾ ਕਿ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਦਾਅਵਾ ਕਰ ਰਹੇ ਹਨ ਕਿ ਉਨ੍ਹਾਂ 35 ਲੱਖ ਲੋਕਾਂ ਦੀ ਮੈਂਬਰਸ਼ਿਪ ਕੀਤੀ ਹੈ ਜਦੋਂ ਕਿ ਸੁਧਾਰ ਲਹਿਰ ਵਾਲੇ ਆਗੂਆਂ ਸਮੇਤ ਸ਼੍ਰੋਮਣੀ ਅਕਾਲੀ ਦਲ ਨੂੰ ਲੋਕ ਸਭਾ ਚੋਣਾਂ ਦੌਰਾਨ ਸਿਰਫ 18 ਲੱਖ ਵੋਟਾਂ ਮਿਲੀਆਂ ਸਨ।

## ਤੰਦੂਰੀਏ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਅਤੇ ਕਿਚਨ ਹੈਲਪਰ ਦੀ ਲੋੜ ਹੈ।

* ਚੰਗੀ ਤਨਖਾਹ ਅਤੇ ਰਿਹਾਇਸ਼ ਫਰੀ



ਚਾਹਵਾਨ ਕਾਲ ਕਰੋ:

**ਮਿ. ਸਿੰਘ ਫੋਨ: 515-291-1961**




## ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ? ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

**Gurdip Singh Sandhu DHMS, BAMS**

**HOMEOPATHIC NATURAL MEDICINES**

When Tired of all Treatments, For any Disease, At any Age, Try Alternative Treatment

Homeopathic Natural Medicines — Serving Since 1973



*Gurdip Singh Sandhu*

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

**Ph: (408) 687-1899**
**(925) 557-9093**

Email: Homeomdicine@yahoo.com
Website: www.Homeopathyatoz.com

7021 Village Parkway, Dublin, CA 94568
Practice under provision of Act S8_577 State of CA





# Matrimonials

## ਲੜਕੇ ਦੀ ਲੋੜ ਹੈ

Ramgarhia family seeks a suitable match for their 35 Years old daughter, 5'-5", MBA, Divorced, 8 years old daughter, US citizen. All family well settled in California, USA. For more information please contact: +1 (559) 803-8860 or Email: Onelifeusa17@gmail.co

8-11

---

Sikh parents looking for a suitable match for their daughter, USA born 1992, 5'4" , vegetarian, non-drinker. She has completed B.S. EHS and Paralegal Studies. She is currently working in a reputable law firm. Looking for a Sikh groom who is a USA born, non-drinker, well-educated, respectful, kind heart and compatible with her personality. Caste no bar. Please send biodata and recent photos at 1-248-840-7938 (WhatsApp only). Marriage bureau, please excuse."

6-9

---

Jat Sikh family is looking for a suitable match for their beautiful daughter 38, 5'4". She has done her Bachelor of Commerce and Charted Accountant degree from India. Currently she is working as Finance Manager for Amazon in Seattle. She belongs to a well settled family in Mohali. Her Father is running his own business in Punjab. She is deeply rooted in strong family values. She has L1 Visa and her Green Card application is in progress. She moved to the USA in 2022. If interested please contact Darshan Dhillon at dhillondans@gmail.com, Phone: (360) 961-4387.

2-5

## ਲੜਕੀ ਦੀ ਲੋੜ ਹੈ

Jatt Sikh SF Bay Area family seeking bride for their USA born Son 25, 5'10". Our Son wears a turban and keeps his hair. He has a BS and MS in Computer Science and is well settled in his profession. Beyond education, girl must have a joint family-oriented mindset with good moral family values. Please Contact ph: 510 861 6491 or email: pgrrealty@gmail.com

---

Ramgarhia family seeks a suitable match for their son, born on 35, 5'-6", born in Ludhiana and raised in the US. He is a US citizen, never married, and working in healthcare field. Seeking a kind-hearted, family-oriented, and educated girl, preferably settled in the US or Canada. Please call 1 (312) 217-8849 or 1 262-515-8955

6-9

---

USA Citizen, handsome, Jatt Sinkh boy, 31, 5'8". Highly educated, high profile job as coordinator in California Govt. education department, Salary $ 12000/- per month. No sibling. Parents are well educated, US citizen, financially sound & contented. No bargaining, no demand, no bar. Whatsapp: +1-661-578-2261

5-8

---

Well settled U.S. Jatt Sikh parents looking for a compatible match for their 28, 5'7" turbaned diligent, athletic son; has a bachelors of science in computer engineering. Endeavors include Legacy Program Developer/Business Analyst working on the modernization of Mainframe systems for the IRS, and Chief Executive of family business. For inquiries, please contact: 301-653-7029 or E-mail at: Gorayads@yahoo.com

5-8

---

Sikh Family looking for a professionally qualified match for their 36, 5'8" handsome, turbaned son. Shortly divorced with no kids. Currently working as a Senior Software Engineer in Investment Banking, Owns a house. On H1B with I-140 approved. Caste no bar. Contact us at +1 631-624-8279

5-8

---

ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੇ 24 ਸਾਲਾ 5'10" ਕੈਨੇਡੀਅਨ ਜੰਮਪਲ ਪਗੜੀਧਾਰੀ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨੀਅਰ ਦੀ ਡਿਗਰੀ ਕਰ ਕੇ ਵਧੀਆ ਨਾਮੀ ਇੰਜੀਨੀਅਰਿੰਗ ਫਰਮ ਵਿਚ ਕੰਮ ਕਰ ਰਿਹਾ ਹੈ। ਪਰਿਵਾਰਕ ਅਤੇ USA ਦੀ ਲੜਕੀ ਨੂੰ ਪਹਿਲ। ਚਾਹਵਾਨ ਸੰਪਰਕ ਕਰਨ: 604-763-7068 ਜਾਂ ਈ-ਮੇਲ ਕਰੋ gillco1977@gmail.com

5-8

---

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.


**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**
**847-359-0746**

# ਕੇਜਰੀਵਾਲ ਨਾਲ ਵਿਧਾਇਕਾਂ ਦੀ ਮੀਟਿੰਗ ਤੋਂ ਬਾਅਦ ਪੰਜਾਬ ਸਰਕਾਰ ਹਰਕਤ 'ਚ ਆਈ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਮੰਤਰੀਆਂ ਤੇ ਵਿਧਾਇਕਾਂ ਦੀ ਦਿੱਲੀ ਵਿਖੇ ਪਾਰਟੀ ਸੁਪਰੀਮੋ ਵਲੋਂ ਲਈ ਗਈ ਮੀਟਿੰਗ ਭਾਵੇਂ ਕਾਫ਼ੀ ਸੰਖੇਪ ਸੀ,ਪਰ ਉਸ ਤੋਂ ਬਾਅਦ ਰਾਜ ਸਰਕਾਰ ਤੇ ਅਫ਼ਸਰਸ਼ਾਹੀ ਕਾਫ਼ੀ ਹਰਕਤ 'ਚ ਨਜ਼ਰ ਆ ਰਹੀ ਹੈ। ਰਾਜ ਸਰਕਾਰ ਵਲੋਂ ਜਿਵੇਂ ਸਥਾਨਕ ਤੇ ਜ਼ਿਲ੍ਹਾ ਅਧਿਕਾਰੀਆਂ ਨੂੰ ਸਥਾਨਕ ਘਟਨਾਵਾਂ, ਅਮਨ ਕਾਨੂੰਨ, ਜਨਤਕ ਮਾਮਲਿਆਂ 'ਤੇ ਭ੍ਰਿਸ਼ਟਾਚਾਰ ਲਈ ਇਕ ਲਿਖਤੀ ਹੁਕਮ ਰਾਹੀਂ ਜਵਾਬ-ਦੇਹ ਬਣਾਇਆ ਹੈ, ਉਸ ਕਾਰਨ ਅਫ਼ਸਰਸ਼ਾਹੀ 'ਚ ਵੀ ਹਲਚਲ ਹੈ ਅਤੇ ਸਪੱਸ਼ਟ ਹੈ ਕਿ ਅਫ਼ਸਰਸ਼ਾਹੀ ਨੂੰ ਵਿਧਾਇਕਾਂ ਤੇ ਜਨਤਕ ਨੁਮਾਇੰਦਿਆਂ ਪ੍ਰਤੀ ਜਵਾਬ ਦੇਹ ਹੋਣਾ ਪਵੇਗਾ, ਜਦੋਂਕਿ ਪਹਿਲਾ ਅਫ਼ਸਰਸ਼ਾਹੀ ਦੇ ਹਾਵੀ ਹੋਣ ਦਾ ਪ੍ਰਭਾਵ ਬਣ ਰਿਹਾ ਸੀ। ਪਾਰਟੀ ਸੁਪਰੀਮੋ ਵਲੋਂ ਜਿਵੇ ਪੰਜਾਬ ਦੇ ਆਗੂਆਂ ਤੇ ਵਿਧਾਇਕਾਂ ਨੂੰ ਇਹ ਸਪੱਸ਼ਟ ਕੀਤਾ ਹੈ ਕਿ ਪੰਜਾਬ ਦੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਨੂੰ ਜਿੱਤਣਾ ਪਾਰਟੀ ਲਈ ਅਤਿ ਜ਼ਰੂਰੀ ਹੈ। ਜੇਕਰ ਕੋਈ ਅਧਿਕਾਰੀ ਉਨ੍ਹਾਂ ਦੀ ਪ੍ਰਵਾਹ ਨਹੀਂ ਕਰਦਾ ਤਾਂ ਅਜਿਹੇ ਮਾਮਲੇ ਮੇਰੇ ਧਿਆਨ 'ਚ ਵੀ ਲਿਆਂਦੇ ਜਾ ਸਕਦੇ ਹਨ। ਸਰਕਾਰ ਵਲੋਂ ਸਾਲਾਨਾ ਬਜਟ ਨੂੰ ਮਾਰਚ ਦੇ ਅਖੀਰ 'ਚ ਪੇਸ਼ ਤੇ ਪਾਸ ਕਰਨ ਫ਼ੈਸਲੇ ਤੋਂ ਵੀ ਇਹ ਸਪੱਸ਼ਟ ਹੈ ਕਿ ਸਰਕਾਰ ਆਪਣੀਆਂ ਬਜਟ ਤਜਵੀਜ਼ਾਂ ਨੂੰ ਕਾਫ਼ੀ ਗੰਭੀਰਤਾ ਨਾਲ ਲੈ ਰਹੀ ਹੈ ਅਤੇ ਸਰਕਾਰ ਆਪਣੇ ਚੋਣ ਵਾਅਦਿਆਂ ਨੂੰ ਆਉਂਦੇ ਵਿੱਤੀ ਸਾਲ 'ਚ ਲਾਗੂ ਕਰਨਾ ਚਾਹੁੰਦੀ ਹੈ। ਸਰਕਾਰ 'ਚ ਆਮ ਲੋਕਾਂ 'ਤੇ ਕੋਈ ਵਾਧੂ ਬੋਝ ਪਾਏ ਰਾਜ ਦੀ ਆਮਦਨ ਨੂੰ ਵਧਾਉਣ ਲਈ ਵੀ ਕਾਫ਼ੀ ਵਿਚਾਰ-ਵਟਾਂਦਰੇ ਚੱਲ ਰਹੇ ਹਨ। ਸਰਕਾਰ ਆਪਣੇ ਬਾਕੀ ਦੇ ਸਾਲਾਂ ਦੌਰਾਨ ਵਿਧਾਨ ਸਭਾ ਹਲਕਿਆਂ ਵਿਚਲੇ ਉਹ ਸਾਰੇ ਵਿਕਾਸ ਕਾਰਜਾਂ 'ਤੇ ਵੀ ਧਿਆਨ ਕੇਂਦਰਿਤ ਕਰਨਾ ਚਾਹੁੰਦੀ ਹੈ, ਜਿਨ੍ਹਾਂ ਸੰਬੰਧੀ ਵਿੱਤੀ ਔਕੜਾਂ ਹੈ।



ਕਾਰਨ ਕੰਮ ਨਹੀਂ ਹੋ ਸਕਿਆ ਸੀ। ਪਾਰਟੀ ਪੱਧਰ 'ਤੇ ਵੀ ਹੁਣ ਕਾਂਗਰਸ ਤੇ ਭਾਜਪਾ ਸੰਬੰਧੀ ਹਮਲਾਵਰ ਰੁਖ ਅਪਣਾਉਣ ਦੀ ਨੀਤੀ ਬਣਾਈ ਗਈ ਹੈ, ਜਦੋਂਕਿ ਅਕਾਲੀ ਦਲ ਨੂੰ ਪਾਰਟੀ ਇਸ ਵੇਲੇ ਆਪਣੇ ਲਈ ਬਹੁਤੇ ਖ਼ਤਰਾ ਵਜੋਂ ਨਹੀਂ ਦੇਖ ਰਹੀ। ਰ ਜਾਣਕਾਰ ਸੂਤਰਾਂ ਦੇ ਕਹਿਣਾ ਹੈ ਕਿ ਇਸ ਸਰਕਾਰ ਵਲੋਂ ਸੱਤਾ 'ਚ ਆਉਂਦਿਆਂ ਭ੍ਰਿਸ਼ਟਾਚਾਰ ਵਿਰੁੱਧ ਜੋ ਮੁਹਿੰਮ ਵਿੱਢੀ ਸੀ, ਉਸ ਨੂੰ ਹੁਣ ਦੁਬਾਰਾ ਕੇਂਦਰ ਵਿਚ - ਲਿਆਉਣ ਦਾ ਫ਼ੈਸਲਾ ਲਿਆ ਗਿਆ ਹੈ। ਵਿਧਾਇਕਾਂ ਤੇ ਮੰਤਰੀਆਂ ਆਦਿ ਦੀ ਰਾਏ ਨਾਲ ਆਉਂਦੇ ਦਿਨਾਂ ਦੌਰਾਨ ਰਾਜ ਦੇ ਸਿਵਲ ਤੇ ਪ੍ਰਸ਼ਾਸਨਿਕ ਢਾਂਚੇ 'ਚ ਵੀ ਵੱਡਾ ਰੱਦੋਬਦਲ ਹੋ ਸਕਦਾ ਹੈ। ਸਰਕਾਰ ਵਲੋਂ ਆਪਣੇ ਲਈ ਤਰਜੀਹ ਵਾਲੇ ਖੇਤਰਾਂ ਦੀ ਸੂਚੀ ਵੀ ਬਣਾਈ ਜਾ ਰਹੀ ਹੈ, ਜਿਸ 'ਤੇ ਅਫ਼ਸਰਸ਼ਾਹੀ ਨੂੰ ਧਿਆਨ ਕੇਂਦਰਿਤ ਕਰਨਾ ਹੋਵੇਗਾ। ਮੁੱਖ ਮੰਤਰੀ ਖ਼ੁਦ ਵੀ ਮਗਰਲੇ ਕੁਝ ਦਿਨਾਂ ਤੋਂ ਸਰਗਰਮ ਨਜ਼ਰ ਆ ਰਹੇ ਹਨ, ਉਸ ਦੀ ਵੀ ਰਾਜਸੀ ਖੇਤਰਾਂ 'ਚ ਚਰਚਾ ਹੈ। ਸਮਝਿਆ ਜਾ ਰਿਹਾ ਹੈ ਕਿ ਅੰਮ੍ਰਿਤਸਰ ਵਿਖੇ ਅਮਰੀਕਾ ਤੋਂ ਦੇਸ਼ ਨਿਕਾਲਾ ਦਿੱਤੇ ਜਾਣ ਵਾਲੇ ਭਾਰਤੀ ਨੂੰ ਉਤਾਰਨ ਵਿਰੁੱਧ ਮੁੱਖ ਮੰਤਰੀ ਨੇ ਮੋਦੀ ਸਰਕਾਰ 'ਤੇ ਜਿਵੇਂ ਵੱਡਾ ਹਮਲਾ ਬੋਲਿਆ ਹੈ ਅਤੇ ਪੰਜਾਬ ਨਾਲ ਵਿਤਕਰੇ ਅਤੇ ਪੰਜਾਬ ਨੂੰ ਬਦਨਾਮ ਕਰਨ ਦੀ ਕੇਂਦਰ ਦੀ ਨੀਤੀ ਨੂੰ ਕੇਂਦਰ 'ਚ ਲਿਆਂਦਾ ਹੈ, ਉਹ ਆਮ ਆਦਮੀ ਪਾਰਟੀ ਦੀ ਨਵੀਂ ਰਣਨੀਤੀ ਦਾ ਹਿੱਸਾ ਹੈ।

ਪੰਜਾਬ ਪ੍ਰਤੀ ਕੇਂਦਰ ਦੀ ਕਥਿਤ ਤੌਰ 'ਤੇ ਬੇਰੁਖ਼ੀ ਵਾਲੀ ਨੀਤੀ ਵਿਰੁੱਧ ਆਮ ਆਦਮੀ ਪਾਰਟੀ ਦੀ ਸਰਕਾਰ ਆਉਂਦੇ ਦਿਨਾਂ ਦੌਰਾਨ ਹੋਰ ਹਮਲਾਵਰ ਵੀ ਹੋ ਸਕਦੀ ਹੈ। ਵੇਖਣ ਵਾਲੀ ਗੱਲ ਇਹ ਹੋਵੇਗੀ ਕਿ ਕੀ ਸਰਕਾਰ ਤੇ ਪਾਰਟੀ ਦੀ ਇਹ ਨਵੀਂ ਰਣਨੀਤੀ ਆਉਂਦੇ ਦਿਨਾਂ ਦੌਰਾਨ ਸਰਕਾਰ 'ਤੇ ਪ੍ਰਸ਼ਾਸਨ ਦੀ ਦਿੱਖ 'ਚ ਕੀ ਫ਼ਰਕ ਲਿਆਉਂਦੀ ਹੈ, ਕਿਉਂਕਿ ਸਰਕਾਰ ਦੇ ਅਕਸ 'ਚ ਸੁਧਾਰ ਲਿਆਉਣਾ ਪਾਰਟੀ ਵਲੋਂ ਸਮੇਂ ਦੀ ਲੋੜ ਸਮਝੀ ਜਾ ਰਹੀ ਹੈ।

# ਦਿੱਲੀ ਦੀ ਹਾਰ ਤੋਂ ਬਾਅਦ ਪੰਜਾਬ 'ਚ ਸਰਗਰਮ ਹੋਈ ਆਮ ਆਦਮੀ ਪਾਰਟੀ

## ਹਾਈ ਕਮਾਨ ਵਲੋਂ ਮੰਤਰੀਆਂ ਨੂੰ ਲੋਕਾਂ ਦੇ ਕੰਮ ਕਰਨ ਦੀ ਹਦਾਇਤ

**ਚੰਡੀਗੜ੍ਹ:** ਦਿੱਲੀ ਵਿਧਾਨ ਸਭਾ ਚੋਣਾਂ 'ਚ ਹਾਰ ਤੋਂ ਬਾਅਦ ਆਮ ਆਦਮੀ ਪਾਰਟੀ ਦੀ ਨਜ਼ਰ ਹੁਣ ਚੰਡੀਗੜ੍ਹ ਅਤੇ ਪੰਜਾਬ 'ਤੇ ਹੈ। ਪੰਜਾਬ ਸਮੇਤ ਰਾਜਧਾਨੀ ਚੰਡੀਗੜ੍ਹ 'ਚ ਆਮ ਆਦਮੀ ਪਾਰਟੀ ਕਾਫ਼ੀ ਸਰਗਰਮ ਦਿਖਾਈ ਦੇ ਰਹੀ ਹੈ। ਜਾਣਕਾਰੀ ਅਨੁਸਾਰ ਦਿੱਲੀ ਹਾਈਕਮਾਨ ਵਲੋਂ ਵੀ ਪੰਜਾਬ ਦੇ ਮੰਤਰੀਆਂ ਨੂੰ ਪੰਜਾਬ 'ਚ ਲੋਕਾਂ ਨਾਲ ਰਾਬਤਾ ਵਧਾਉਣ ਤੇ ਉਨ੍ਹਾਂ ਦੇ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਦੱਸਿਆ ਜਾ ਰਿਹਾ ਹੈ ਕਿ ਮੰਤਰੀ ਲੋਕ ਰਾਬਤਾ ਵਧਾਉਣ ਲਈ ਲੋਕ ਮਿਲਣੀਆਂ ਦੇ ਪ੍ਰੋਗਰਾਮ ਤੈਅ ਕਰਨ 'ਤੇ ਵੀ ਲੱਗ ਗਏ ਹਨ। ਜਾਣਕਾਰੀ ਅਨੁਸਾਰ 'ਆਪ' ਹਾਈਕਮਾਨ ਵਲੋਂ ਮੰਤਰੀਆਂ ਤੋਂ ਮਹੀਨਾਵਾਰ ਰਿਪੋਰਟ ਵੀ ਲਈ ਜਾਵੇਗੀ।



ਪਾਰਟੀ ਆਪਣਾ ਸੰਗਠਨ ਮਜ਼ਬੂਤ ਕਰਨ 'ਚ ਲੱਗੀ ਦਿਖਾਈ ਦੇ ਰਹੀ ਹੈ। ਇਸ ਲਈ ਆਮ ਆਦਮੀ ਪਾਰਟੀ ਨੇ ਚੰਡੀਗੜ੍ਹ 'ਚ 19 ਨਿਗਰਾਨ ਵੀ 'ਤੇ ਆਮ ਆਦਮੀ ਪਾਰਟੀ ਵਲੋਂ ਚੰਡੀਗੜ੍ਹ 'ਚ ਵੀ ਲੋਕਾਂ ਨਾਲ ਰਾਬਤਾ ਵਧਾਉਣ 'ਤੇ ਜ਼ੋਰ ਦਿੱਤਾ ਜਾਵੇਗਾ। ਇਸ ਸੰਬੰਧੀ 'ਆਪ' ਕੌਂਸਲਰਾਂ ਤੇ ਵਰਕਰਾਂ ਨੂੰ ਹਦਾਇਤ ਦਿੱਤੀ ਗਈ ਹੈ। ਦਿੱਲੀ 'ਚ ਪਾਰਟੀ ਦੀ ਹਾਰ ਨੂੰ ਵੇਖਦੇ ਹੋਏ ਆਮ ਆਦਮੀ ਪਾਰਟੀ ਨੇ ਫ਼ੈਸਲਾ ਕੀਤਾ ਹੈ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ-ਪਹਿਲਾਂ ਪੰਜਾਬ 'ਚ ਸੰਗਠਨ ਨੂੰ ਮਜ਼ਬੂਤ ਕੀਤਾ ਜਾਵੇ ਤੇ ਆਮ ਲੋਕਾਂ ਨਾਲ ਰਾਬਤਾ ਬਣਾ ਕੇ ਉਨ੍ਹਾਂ ਦੇ ਇਲਾਕੇ ਦੀਆਂ ਸਮੱਸਿਆਵਾਂ ਬਾਰੇ ਡਾਟਾ ਇਕੱਤਰ ਕੀਤਾ ਜਾਵੇ। ਇਸ ਦੇ ਇਲਾਵਾ ਆਮ ਆਦਮੀ ਪਾਰਟੀ ਵਿਸ਼ੇਸ਼ ਰਣਨੀਤੀ 'ਤੇ ਕੰਮ ਕਰੇਗੀ ਤਾਂ ਜੋ ਵਿਧਾਨ ਸਭਾ ਚੋਣਾਂ ਤੱਕ ਆਮ ਆਦਮੀ ਪਾਰਟੀ ਦਾ ਮਜ਼ਬੂਤ ਢਾਂਚਾ ਤੇ ਸੰਗਠਨ ਬਣ ਸਕੇ ਜੋ ਲੋਕਾਂ ਤੇ ਪਾਰਟੀ ਵਿਚਾਲੇ ਪੁਲ ਦਾ ਕੰਮ ਕਰ ਸਕੇ। ਜ਼ਿਕਰਯੋਗ ਹੈ ਕਿ ਮੰਤਰੀ ਮੰਡਲ ਦੀ ਹਾਲ ਹੀ 'ਚ ਹੋਈ ਮੀਟਿੰਗ 'ਚ ਸਰਕਾਰ ਵਲੋਂ ਮੰਤਰੀਆਂ ਸਮੇਤ ਅਫ਼ਸਰਸ਼ਾਹੀ ਨੂੰ ਵੀ ਲੋਕਾਂ ਦੇ ਕੰਮਾਂ ਨੂੰ ਤਰਜੀਹ ਦੇਣ ਨੂੰ ਕਿਹਾ ਗਿਆ।

# ਪੰਜਾਬ 'ਚ ਇਮੀਗ੍ਰੇਸ਼ਨ ਚੈੱਕ ਪੋਸਟ ਸਥਾਪਤ ਹੋਵੇ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਫ਼ਰਜ਼ੀ ਟਰੇਵਲ ਏਜੰਟਾਂ ਵਿਰੁੱਧ ਕਾਰਵਾਈ ਕਰਨ ਤੇ ਪੰਜਾਬ ਵਿਚ ਇਮੀਗ੍ਰੇਸ਼ਨ ਚੈੱਕ ਪੋਸਟ ਸਥਾਪਤ ਕਰਨ ਦੀ ਮੰਗ ਕਰਨ ਵਾਲੀ ਪਟੀਸ਼ਨ 'ਤੇ ਸੂਬਾਈ ਅਧਿਕਾਰੀਆਂ ਨੂੰ ਇਕ ਮਹੀਨੇ ਦੇ ਅੰਦਰ ਫੈਸਲਾ ਲੈਣ ਦੇ ਨਿਰਦੇਸ਼ ਦਿੱਤੇ ਹਨ। ਇਹ ਪਟੀਸ਼ਨ ਐਡਵੋਕੇਟ ਕੰਵਰ ਪਾਹੁਲ ਸਿੰਘ ਦੁਆਰਾ ਦਾਇਰ ਕੀਤੀ ਗਈ ਸੀ, ਜਿਸ ਨੇ ਹਾਲ ਹੀ ਵਿਚ ਅਮਰੀਕਾ ਤੋਂ ਵੱਡੀ ਗਿਣਤੀ ਵਿਚ ਪੰਜਾਬ ਦੇ ਨਿਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦਾ ਹਵਾਲਾ ਦਿੱਤਾ ਸੀ। ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਹਰਮੀਤ ਸਿੰਘ ਗਰੇਵਾਲ ਦੀ ਡਿਵੀਜ਼ਨ ਬੈਂਚ ਨੇ ਪਟੀਸ਼ਨਰ ਨੂੰ ਢੁੱਕਵੇਂ ਅਧਿਕਾਰੀਆਂ ਸਾਹਮਣੇ ਇਕ ਅਰਜ਼ੀ ਦਾਇਰ ਕਰਨ ਦੀ ਸਲਾਹ ਦਿੱਤੀ ਤੇ ਨਿਰਦੇਸ਼ ਦਿੱਤਾ ਕਿ ਅਧਿਕਾਰੀ ਇਸ ਅਰਜ਼ੀ 'ਤੇ 30 ਦਿਨਾਂ ਦੇ ਅੰਦਰ ਇਕ ਸਪੱਸ਼ਟ ਆਦੇਸ਼ ਪਾਸ ਕਰਨ ਤੇ ਪਟੀਸ਼ਨਰ ਨੂੰ ਸੂਚਿਤ ਕਰਨ। ਪਟੀਸ਼ਨਕਰਤਾ ਨੇ ਆਪਣੀ ਪਟੀਸ਼ਨ ਵਿਚ ਮੰਗ ਕੀਤੀ ਸੀ ਕਿ ਇਮੀਗ੍ਰੇਸ਼ਨ ਐਕਟ, 1983 ਦੀ ਧਾਰਾ 6 ਦੇ ਤਹਿਤ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਇਮੀਗ੍ਰੇਸ਼ਨ ਚੈਕ ਪੋਸਟਾਂ ਸਥਾਪਤ ਕੀਤੀਆਂ ਜਾਣ ਤਾਂ ਜੋ ਵਿਦੇਸ਼ ਜਾਣ ਵਾਲੇ ਪ੍ਰਵਾਸੀਆਂ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਇਆ ਜਾ ਸਕੇ ਤੇ ਭਵਿੱਖ ਵਿਚ ਗੈਰ-'ਕਾਨੂੰਨੀ ਪ੍ਰਵਾਸ ਨੂੰ ਰੋਕਿਆ ਜਾ ਸਕੇ।

# ਨਿਗਮ ਚੋਣਾਂ 'ਚ 'ਆਪ' ਦੀ ਜਿੱਤ ਲਈ ਅਮਨ ਅਰੋੜਾ ਨੂੰ ਥਾਪੜਾ



ਪੰਜਾਬ 'ਚ ਹੋਈਆਂ ਨਗਰ ਨਿਗਮ ਚੋਣਾਂ 'ਚ ਆਮ ਆਦਮੀ ਪਾਰਟੀ ਦੀ ਵੱਡੀ ਜਿੱਤ ਦਾ ਸਿਹਰਾ ਆਮ ਆਦਮੀ ਪਾਰਟੀ ਦੇ ਪ੍ਰਧਾਨ ਅਮਨ ਅਰੋੜਾ ਨੂੰ ਮਿਲਿਆ ਹੈ ਤੇ ਦੱਸਿਆ ਜਾ ਰਿਹਾ ਹੈ। ਕਿ ਹਾਈਕਮਾਨ ਵਲੋਂ ਇਸ ਲਈ ਅਮਨ ਅਰੋੜਾ ਦੀ ਪਿੱਠ ਵੀ ਥਾਪੜੀ ਗਈ ਹੈ।

# ਰੁੱਖ ਬਚਾਉਣੇ ਸਭ ਦਾ ਸੰਵਿਧਾਨਕ ਫਰਜ਼:ਸੁਪਰੀਮ ਕੋਰਟ



**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਕਿਹਾ ਕਿ ਦਰੱਖਤਾਂ ਦੀ ਸੁਰੱਖਿਆ ਕਰਨਾ ਹਰ ਕਿਸੇ ਦਾ ਸੰਵਿਧਾਨਕ ਫਰਜ਼ ਹੈ। ਜ਼ਰੂਰਤ ਤੋਂ ਜ਼ਿਆਦਾ ਦਰੱਖਤਾਂ ਨੂੰ ਨਹੀਂ ਕੱਟਿਆ ਜਾਣਾ ਚਾਹੀਦਾ। ਸਰਕਾਰੀ ਅਧਿਕਾਰੀਆਂ ਨੂੰ ਇਸ ਮਾਮਲੇ 'ਚ ਸਾਵਧਾਨੀ ਵਰਤਣੀ ਚਾਹੀਦੀ ਹੈ। ਜਸਟਿਸ ਅਭੈ ਐਸ ਓਕਾ ਤੇ ਜਸਟਿਸ ਉੱਜਵਲ ਭੁਈਆਂ ਦੇ ਬੈਂਚ ਨੇ ਭਾਰਤੀ ਰਾਸ਼ਟਰੀ ਰਾਜਮਾਰਗ ਅਥਾਰਟੀ ਦੀ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਇਹ ਟਿੱਪਣੀ ਕੀਤੀ।

ਪਟੀਸ਼ਨ 'ਚ ਆਗਰਾ ਤੇ ਗਵਾਲੀਅਰ ਵਿਚਾਲੇ ਛੇ ਲੇਨ ਵਾਲੇ ਰਾਜਮਾਰਗ ਦੇ ਵਿਕਾਸ ਲਈ ਤਾਜ ਟ੍ਰੈਪੇਜੀਅਮ ਖੇਤਰ 'ਚ 800 ਤੋਂ ਜ਼ਿਆਦਾ ਦਰੱਖਤਾਂ ਨੂੰ ਕੱਟਣ ਦੀ ਇਜਾਜ਼ਤ ਮੰਗੀ ਗਈ ਸੀ। ਅਦਾਲਤ ਨੇ ਕਿਹਾ ਕਿ ਸਾਰੇ ਸਰਕਾਰੀ ਅਧਿਕਾਰੀਆਂ ਦਾ ਇਹ ਸੰਵਿਧਾਨਕ ਫਰਜ਼ ਹੈ ਕਿ ਉਹ ਵੱਧ ਤੋਂ ਵੱਧ ਦਰੱਖਤਾਂ ਨੂੰ ਬਚਾਉਣ ਤੇ ਉਨ੍ਹਾਂ ਦੀ ਸੁਰੱਖਿਆ ਕਰਨ।

ਜਦੋਂ ਦਰੱਖਤਾਂ ਨੂੰ ਕੱਟਣ ਲਈ ਅਰਜ਼ੀਆਂ ਦਿੱਤੀਆਂ ਜਾਂਦੀਆਂ ਹਨ ਤਾਂ ਅਧਿਕਾਰੀਆਂ ਨੂੰ ਸਾਵਧਾਨੀ ਵਰਤਣੀ ਚਾਹੀਦੀ ਹੈ ਤੇ ਉਨ੍ਹਾਂ ਨੂੰ ਜ਼ਰੂਰਤ ਤੋਂ ਜ਼ਿਆਦਾ ਦਰੱਖਤਾਂ ਨੂੰਕੱਟਣ ਲਈ ਅਰਜ਼ੀਆਂ ਨਹੀਂ ਦੇਣੀਆਂ ਚਾਹੀਦੀਆਂ।

# ਦਿੱਲੀ 'ਚ ਭੂਚਾਲ; ਕਈ ਸੂਬਿਆਂ ਦੇ ਲੋਕ ਸਹਿਮੇ

**ਨਵੀਂ ਦਿੱਲੀ:** ਸੋਮਵਾਰ ਸਵੇਰੇ ਜਦ ਜ਼ਿਆਦਾਤਰ ਲੋਕ ਸੌਂ ਰਹੇ ਸਨ, ਭੂਚਾਲ ਦੇ ਤੇਜ਼ ਝਟਕੇ ਨੇ ਉਨ੍ਹਾਂ ਨੂੰ ਨੀਂਦ ਤੋਂ ਜਗਾ ਦਿੱਤਾ। ਸਵੇਰੇ 5 ਵੱਜ ਕੇ 36 ਮਿੰਟ ਤੇ 55 ਸਕਿੰਟ 'ਤੇ ਆਏ ਭੂਚਾਲ ਦੀ ਤੀਬਰਤਾ ਰਿਏਕਟਰ ਸਕੇਲ 'ਤੇ ਚਾਰ ਮਾਪੀ ਗਈ। ਰਾਸ਼ਟਰੀ ਭੂਚਾਲ ਵਿਗਿਆਨ ਕੇਂਦਰ (ਐਨਸੀਐੱਸ) ਮੁਤਾਬਕ, ਭੂਚਾਲ ਦਾ ਕੇਂਦਰ ਰਾਜਧਾਨੀ 'ਚ ਧੌਲਾ ਕੁਆਂ ਦੇ ਨਜ਼ਦੀਕ ਝੀਲ ਪਾਰਕ ਕੋਲ ਜ਼ਮੀਨ 'ਚ ਸਿਰਫ਼ ਪੰਜ ਕਿਲੋਮੀਟਰ ਗਹਿਰਾਈ 'ਤੇ ਰਿਹਾ। ਇਸ ਕਾਰਨ ਤੀਬਰਤਾ ਘੱਟ ਹੋਣ ਦੇ ਬਾਵਜੂਦ ਤੇਜ਼ ਝਟਕੇ ਮਹਿਸੂਸ ਕੀਤੇ ਗਏ। ਨਾਲ ਹੀ ਗੜਗੜਾਹਟ ਦੀ ਆਵਾਜ਼ ਵੀ ਸੁਣੀ ਗਈ। ਕਿਤਿਓਂ ਕਿਸੇ ਨੁਕਸਾਨ ਦੀ ਖ਼ਬਰ ਨਹੀਂ ਹੈ। ਐੱਨਸੀਐੱਸ ਮੁਤਾਬਕ, ਦਿੱਲੀ ਐਨਸੀਆਰ ਦੇ ਨਾਲ-ਨਾਲ ਹਰਿਆਣਾ ਤੇ ਪੱਛਮੀ ਉੱਤਰ ਪ੍ਰਦੇਸ਼ ਦੇ ਕਈ ਇਲਾਕਿਆਂ 'ਚ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ।

## ਬਿਹਾਰ 'ਚ ਵੀ ਭੂਚਾਲ

ਓਧਰ: ਬਿਹਾਰ ਦੇ ਸਿਵਾਨ ਜ਼ਿਲ੍ਹੇ 'ਚ ਸੋਮਵਾਰ ਸਵੇਰੇ 8.02 ਵਜੇ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਰਿਏਕਟਰ ਸਕੇਲ 'ਤੇ ਇਸ ਦੀ ਤੀਬਰਤਾ 4.0 ਸੀ। ਭੂਚਾਲ ਦਾ ਕੇਂਦਰ ਸਿਵਾਨ 'ਚ 10 ਕਿਲੋਮੀਟਰ ਦੀ ਗਿਹਰਾਈ ਵਿਚ ਸੀ। ਭੂਚਾਲ ਦੇ ਝਟਕੇ ਕਾਰਨ ਲੋਕ ਆਪਣੇ ਘਰਾਂ 'ਚੋਂ ਡਰ ਕਾਰਨ ਬਾਹਰ ਨਿਕਲ ਗਏ। ਹਾਲਾਂਕਿ ਕਿਸੇ ਤਰ੍ਹਾਂ ਦੇ ਨੁਕਸਾਨ ਦੀ ਕੋਈ ਸੂਚਨਾ ਨਹੀਂ ਹੈ।

# ਥਾਣਿਆਂ ਤੋਂ ਬਾਅਦ ਪੁਲਿਸ ਮੁਲਾਜ਼ਮ ਦੇ ਘਰ ਨੇੜੇ ਧਮਾਕਾ

**ਬਟਾਲਾ:** ਪੰਜਾਬ ਦੇ ਵੱਖ-ਵੱਖ ਥਾਣਿਆਂ 'ਤੇ ਹੋਏ ਧਮਾਕਿਆਂ ਤੋਂ ਬਾਅਦ ਬਟਾਲਾ ਦੇ ਨੇੜਲੇ ਪਿੰਡ ਰਾਏ ਮੱਲ 'ਚ ਇਕ ਪੁਲਿਸ ਮੁਲਾਜ਼ਮ ਦੇ ਘਰ ਨਜ਼ਦੀਕ ਸੋਮਵਾਰ ਦੇਰ ਰਾਤ ਬੰਬ ਧਮਾਕਾ ਹੋਇਆ ਹੈ। ਐੱਸਐੱਸਪੀ ਬਟਾਲਾ ਸੁਹੇਲ ਕਾਸਮ ਮੀਰ ਨੇ ਪਿੰਡ ਰਾਏ ਮੱਲ 'ਚ ਹੋਏ ਧਮਾਕੇ 'ਚ ਕਿਸੇ ਦੇ ਜਾਨੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਇਸ ਤੋਂ ਇਲਾਵਾ ਘਰ 'ਚ ਖੜ੍ਹੀ ਕਾਰ ਦੇ ਵੀ ਸ਼ੀਸ਼ੇ ਟੁੱਟ ਗਏ। ਧਮਾਕੇ ਦੀ ਖ਼ਬਰ ਮਿਲਦਿਆਂ ਹੀ ਪੁਲਿਸ ਜ਼ਿਲ੍ਹਾ ਬਟਾਲਾ ਦੇ ਉੱਚ ਅਧਿਕਾਰੀ ਤੇ ਥਾਣਾ ਕੋਟਲੀ ਸੂਰਤ ਮੱਲੀ ਦੇ ਐੱਸਐੱਚਓ ਮੌਕੇ 'ਤੇ ਪੁੱਜੇ। ਐੱਸਐੱਸਪੀ ਨੇ ਦੱਸਿਆ ਕਿ ਇਸ ਨੂੰ ਗ੍ਰਨੇਡ ਹਮਲਾ ਕਹਿਣਾ ਜਲਦਬਾਜ਼ੀ ਹੋਵੇਗੀ। ਧਮਾਕੇ ਦੀ ਜਾਂਚ ਕੀਤੀ ਜਾ ਰਹੀ ਹੈ। ਇੱਥੇ ਇਹ





ਹੈ। ਓਧਰ ਦੇਰ ਰਾਤ ਅੱਤਵਾਦੀ ਹੈਪੀ ਪੱਸ਼ੀਆਂ ਨੇ ਇੰਟਰਨੈੱਟ ਮੀਡੀਆ 'ਤੇ ਪੋਸਟ ਪਾ ਕੇ ਇਸ ਧਮਾਕੇ ਦੀ ਜ਼ਿੰਮੇਵਾਰੀ ਲੈ ਲਈ।

ਪੰਜਾਬ ਪੁਲਿਸ 'ਚ ਮੁਲਾਜ਼ਮ ਜਤਿੰਦਰ ਸਿੰਘ ਦੇ ਚਾਚਾ ਸੁਖਦੇਵ ਸਿੰਘ ਦੇ ਘਰ ਅੰਦਰ ਮੋਟਰਸਾਈਕਲ 'ਤੇ ਆਏ ਦੋ ਵਿਅਕਤੀ ਬੰਬ ਨੁਮਾ ਚੀਜ਼ ਸੁੱਟ ਕੇ ਫ਼ਰਾਰ ਹੋ ਗਏ। ਕੁਝ ਦੇਰ 'ਚ ਹੀ ਘਰ ਅੰਦਰ ਧਮਾਕਾ ਹੋਇਆ ਜਿਸ ਨਾਲ ਘਰ ਦੇ ਫਰਸ਼ 'ਚ ਟੋਆ ਪੈ ਗਿਆ ਅਤੇ ਖਿੜਕੀਆਂ ਤੇ ਦਰਵਾਜ਼ਿਆਂ ਦੇ ਸ਼ੀਸ਼ੇ ਟੁੱਟ ਗਏ। ਵੀ ਜ਼ਿਕਰਯੋਗ ਹੈ ਕਿ ਜਿਸ ਮੁਲਾਜ਼ਮ ਦੇ ਘਰ ਨਜ਼ਦੀਕ ਹਮਲਾ ਹੋਇਆ ਹੈ ਉਸ 'ਤੇ ਦੋ ਮਹੀਨੇ ਪਹਿਲਾਂ ਵੀ ਅਣਪਛਾਤਿਆਂ ਨੇ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ ਸੀ ਜਿਸ ਤੋਂ ਬਾਅਦ ਉਸ ਦੇ ਘਰ ਪੁਲਿਸ ਦੀ ਸੁਰੱਖਿਆ ਦਾ ਇੰਤਜ਼ਾਮ ਕੀਤਾ ਗਿਆ ਸੀ ਪਰ ਕੁਝ ਸਮਾਂ ਪਹਿਲਾਂ ਹੀ ਸੁਰੱਖਿਆ ਮੁਲਾਜ਼ਮ ਵਾਪਸ ਬੁਲਾ ਲਏ ਗਏ ਸਨ। ਪਿੰਡ ਰਾਏ ਮੱਲ ਦੇ ਨਜ਼ਦੀਕ ਹੀ ਮੈਂਬਰ ਪਾਰਲੀਮੈਂਟ ਸੁਖਜਿੰਦਰ ਸਿੰਘ ਰੰਧਾਵਾ ਦਾ ਪਿੰਡ ਧਾਰੋਵਾਲੀ ਵੀ ਹੈ।

# ਅਮਰੀਕਾ ਮਗਰੋਂ ਮੈਕਸੀਕੋ ਬਣਿਆ ਪਨਾਹਗੀਰਾਂ ਦਾ ਟਿਕਾਣਾ



**ਮੈਕਸੀਕੋ ਸਿਟੀ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਨਾਜਾਇਜ਼ ਤਰੀਕੇ ਨਾਲ ਰਹਿਣ ਵਾਲੇ ਪਰਵਾਸੀਆਂ ਖ਼ਿਲਾਫ਼ ਸਖ਼ਤੀ ਤੋਂ ਬਾਅਦ ਸ਼ਰਨ ਚਾਹੁਣ ਵਾਲੇ ਹੁਣ ਆਪਣਾ ਟਿਕਾਣਾ ਮੈਕਸੀਕੋ ਨੂੰ ਬਣਾ ਰਹੇ ਹਨ। ਸ਼ਰਨ ਚਾਹੁਣ ਵਾਲੀ ਐਂਜੈਲਿਕਾ ਡੇਲਗਾਡੋ ਨੇ ਕਿਹਾ ਕਿ ਦਸੰਬਰ 'ਚ ਕਿਊਬਾ ਤੋਂ ਜਦੋਂ ਮੈਕਸੀਕੋ ਲਈ ਉਡਾਣ ਭਰੀ ਸੀ, ਤਾਂ ਅਮਰੀਕਾ 'ਚ ਸ਼ਰਨ ਮੰਗਣ ਲਈ ਤਿਆਰ ਸੀ। ਪਰ ਅਮਰੀਕੀ ਦਰਵਾਜ਼ਾ ਬੰਦ ਹੋਣ ਤੋਂ ਬਾਅਦ ਹੁਣ ਉਹ ਮੈਕਸੀਕੋ 'ਚ ਸੁਰੱਖਿਆ ਮੰਗੇਗੀ।

23 ਸਾਲਾ ਐਂਜੇਲਿਕਾ ਡੇਲਗਾਡੋ ਨੇ ਕਿਹਾ ਕਿ ਉਸ ਨੇ ਆਪਣੀਆਂ ਯੋਜਨਾਵਾਂ ਨੂੰ ਬਦਲਣ ਦਾ ਫ਼ੈਸਲਾ ਕੀਤਾ ਹੈ। ਲਗਪਗ ਸਾਰੇ ਕਿਊਬਾ ਵਾਸੀਆਂ ਵਾਂਗ ਮੇਰਾ ਮਕਸਦ ਅਮਰੀਕਾ ਜਾਣਾ ਸੀ। ਰੁਕਣਾ ਯੋਜਨਾ 'ਚ ਨਹੀਂ ਸੀ, ਪਰ ਹੁਣ ਅਸਲੀਅਤ ਦਾ ਸਾਹਮਣਾ ਰ ਕਰਨਾ ਪਵੇਗਾ। ਡੇਲਗਾਡੋ ਕਿਊਬਾ, ਵੈਨੇਜ਼ੁਏਲਾ, ਹੈਤੀ, ਅਫਗਾਨਿਸਤਾਨ ਤੇ ਹੋਰ ਦੇਸ਼ਾਂ ਦੇ ਸੈਂਕੜੇ ਪਰਵਾਸੀਆਂ 'ਚੋਂ ਇਕ ਹੈ। 6 ਜਿਹੜੇ ਪਿਛਲੇ ਮਹੀਨੇ ਟਰੰਪ ਵਲੋਂ ਸ਼ਰਨ 1 ਤੱਕ ਪਹੁੰਚ ਨੂੰ ਘੱਟ ਕਰਨ ਤੇ ਸਰਹੱਦ ਦਾ । ਫ਼ੌਜੀਕਰਨ ਕਰਨ ਦੇ ਕਾਰਜਕਾਰੀ ਆਦੇਸ਼ਾਂ 1 ਦੇ ਬਾਅਦ ਮੈਕਸੀਕੋ ਸਿਟੀ 'ਚ ਸ਼ਰਨਾਰਥੀ । ਏਜੰਸੀ ਦੇ ਬਾਹਰ ਇਕੱਠੇ ਹੋਏ ਸਨ। ਉਹ । ਸਾਰੇ ਅਮਰੀਕਾ ਪਹੁੰਚਣ ਦੀਆਂ ਖਾਹਿਸ਼ਾਂ ਨੂੰ । ਹਾਲੇ ਛੱਡ ਰਹੇ ਹਨ ਤੇ ਮੈਕਸੀਕੋ 'ਚ ਸ਼ਰਨ ਲੈਣ 'ਤੇ ਧਿਆਨ ਕੇਂਦਰਿਤ ਕਰ ਰਹੇ ਹਨ।

ਇਕ ਅੰਤਰਰਾਸ਼ਟਰੀ ਅਧਿਕਾਰੀ ਦੇ ਮੁਤਾਬਕ, ਜਨਵਰੀ 'ਚ ਮੈਕਸੀਕੋ 'ਚ ਸ਼ਰਨ ਲਈ ਅਪਲਾਈ ਕਰਨ ਵਾਲੇ ਪਰਵਾਸੀ ਪਿਛਲੇ ਸਾਲ ਦੇ ਮਾਸਿਕ ਔਸਤ ਦੇ ਮੁਕਾਬਲੇ ਤਿੰਨ ਗੁਣਾ ਤੋਂ ਜ਼ਿਆਦਾ ਹੋ ਗਏ। ਹਾਲਾਂਕਿ, ਮੈਕਸੀਕੋ ਦੀ ਸ਼ਰਨਾਰਥੀ ਏਜੰਸੀ ਨੇ ਹਾਲੇ ਤੱਕ ਜਨਵਰੀ ਦੇ ਅੰਕੜੇ ਪ੍ਰਕਾਸ਼ਿਤ ਨਹੀਂ ਕੀਤੇ। ਸ਼ਰਨਾਰਥੀ ਸਹਾਇਤਾ ਲਈ ਮੈਕਸੀਕਨ ਕਮਿਸ਼ਨ ਦੇ ਸਾਬਕਾ ਡਾਇਰੈਕਟਰ ਐਪ੍ਰੈਸ ਰਾਮਿਰੇਜ ਨੇ ਕਿਹਾ ਕਿ ਟਰੰਪ ਦੀਆਂ ਨੀਤੀਆਂ ਲੋਕਾਂ ਨੂੰ ਮੈਕਸੀਕੋ 'ਚ ਅੰਤਰਰਾਸ਼ਟਰੀ ਸੁਰੱਖਿਆ ਦੀ ਭਾਲ ਕਰਨ ਲਈ ਮਜਬੂਰ ਕਰ ਰਹੀਆਂ ਹਨ। ਜ਼ਿਕਰਯੋਗ ਹੈ ਕਿ ਦੁਨੀਆ ਭਰ ਤੋਂ ਵੱਡੀ ਗਿਣਤੀ 'ਚ ਲੋਕ ਆਪਣੇ ਆਪ ਨੂੰ ਖ਼ਤਰੇ 'ਚ ਦੱਸ ਕੇ ਅਮਰੀਕਾ ਦੀ ਪਨਾਹ ਲੈ ਲੈਂਦੇ ਸਨ। ਇਸ ਲਈ ਉਹ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਤਰੀਕੇ ਦਾ ਇਸਤੇਮਾਲ ਕਰਦੇ ਸਨ। ਇਨ੍ਹਾਂ 'ਚ ਵੱਡੀ ਗਿਣਤੀ 'ਚ ਭਾਰਤੀ ਲੋਕ ਵੀ ਸ਼ਾਮਲ ਸਨ। ਰਾਸ਼ਟਰਪਤੀ ਚੁਣੇ ਜਾਣ ਤੋਂ ਬਾਅਦ ਟਰੰਪ ਦੀ ਨਵੀਂ ਇਮੀਗ੍ਰੇਸ਼ਨ ਨੀਤੀ ਨੇ ਇਸ ਰੁਝਾਨ 'ਤੇ ਰੋਕ ਲਗਾ ਦਿੱਤੀ ਹੈ। ਪਰ ਅਮਰੀਕਾ ਜਾਣ ਦੇ ਚਾਹਵਾਨ ਇਸਦੇ ਨੇੜਲੇ ਦੇਸ਼ ਮੈਕਸੀਕੋ ਨੂੰ ਤਰਜੀਹ ਦੇਣ ਲੱਗੇ ਹਨ।

# ਅਮਰੀਕੀ ਡਿਪਲੋਮੈਟ ਬਣੇ ਪਾਲ ਕਪੂਰ



**ਵਾਸ਼ਿੰਗਟਨ:** ਦੱਖਣੀ ਏਸ਼ਿਆਈ ਸੁਰੱਖਿਆ ਦੇ ਮਾਹਰ ਪਾਲ ਕਪੂਰ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੱਖਣ ਏਸ਼ਿਆਈ ਮਾਮਲਿਆਂ ਦੇ ਸਹਾਇਕ ਵਿਦੇਸ਼ ਮੰਤਰੀ ਦੇ ਰੂਪ 'ਚ ਨਾਮਜ਼ਦਕ ਕੀਤਾ ਹੈ। ਜੇਕਰ ਸੀਨੈਟ ਤੋ ਮਨਜ਼ੂਰੀ ਮਿਲ ਜਾਂਦੀ ਹੈ ਤਾਂ ਡੋਨਾਲਡ ਲੂ ਦੀ ਥਾਂ ਲੈਣਗੇ। ਉਨ੍ਹਾਂ ਦਾ ਕਾਰਜਕਾਲ 17 ਜਨਵਰੀ 2025 ਨੂੰ ਖ਼ਤਮ ਹੋ ਗਿਆ।

ਦੱਖਣੀ ਤੇ ਮੱਧ ਏਸ਼ਿਆਈ ਮਾਮਲਿਆਂ ਦਾ ਬਿਊਰੋ ਅਮਰੀਕੀ ਵਿਦੇਸ਼ ਨੀਤੀ ਤੇ ਅਫ਼ਗਾਨਿਸਤਾਨ, ਬੰਗਲਾਦੇਸ਼, ਭੂਟਾਨ, ਭਾਰਤ, ਕਜ਼ਾਕਿਸਤਾਨ, ਕਿਰਗਿਸਤਾਨ, ਮਾਲਦੀਵ, ਨੇਪਾਲ, ਪਾਕਿਸਤਾਨ, ਸ੍ਰੀਲੰਕਾ, ਤਾਜ਼ਿਕਿਸਤਾਨ, ਤੁਰਮੇਨਿਸਤਾਨ ਤੇ ਉਜ਼ਬੇਕਿਸਤਾਨ ਦੇਸ਼ਾਂ ਨਾਲ ਅਮਰੀਕੀ ਸਬੰਧਾਂ ਨਾਲ ਸਬੰਧਤ ਹੈ। ਭਾਰਤੀ ਮੂਲ ਦੇ ਕਪੂਰ ਯੂਨਾਈਟਡ ਸਟੇਟਸ ਨੇਵਲ ਪੋਸਟ ਗ੍ਰੈਜੁਏਟ ਸਕੂਲ 'ਚ ਰਾਸ਼ਟਰੀ ਸੁਰੱਖਿਆ ਮਾਮਲਿਆਂ ਦੇ ਵਿਭਾਗ 'ਚ ਪ੍ਰੋਫੈਸਰ ਹਨ। 2020-2021 ਤੱਕ ਉਨ੍ਹਾਂ ਨੇ ਰਾਜ ਵਿਭਾਗ ਦੇ ਨੀਤੀ ਘਾੜੇ ਸਟਾਫ 'ਚ ਦੱਖਣੀ ਤੇ ਮੱਧ ਏਸ਼ੀਆ, ਹਿੰਦ-ਪ੍ਰਸ਼ਾਂਤ ਰਣਨੀਤੀ ਤੇ ਅਮਰੀਕਾ ਭਾਰਤ ਸਬੰਧਾਂ ਨਾਲ ਸਬੰਧਤ ਮੁੱਦਿਆਂ 'ਤੇ ਕੰਮ ਕੀਤਾ ਹੈ। ਉਹ ਇੰਡੀਆ, ਪਾਕਿਸਤਾਨ ਐਂਡ ਦਿ ਬੌਬ : ਡਿਬੇਟਿੰਗ ਨਿਕਲੀਅਰ ਸਟੇਬਿਲਿਟੀ ਇਨ ਸਾਊਥ ਏਸ਼ੀਆ ਦੇ ਸਹਿ ਲੇਖਕ ਤੇ ਦਿ ਚੈਲੰਜਿਜ ਆਫ ਨਿਊਕਲੀਅਰ ਸਕਿਓਰਿਟੀ : ਯੂਐੱਸ ਇੰਡੀਅਨ ਪਰਸਪੈਕਟਿਵਸ ਦੇ ਸਹਿ ਸੰਪਾਦਕ ਵੀ ਹਨ।

# ਜਿਹੜਾ ਵੀ ਮੁੱਖ ਮੰਤਰੀ ਬਣਨਾ ਚਾਹੁੰਦਾ ਬਣ ਜਾਏ: ਮਾਨ



**ਚੰਡੀਗੜ੍ਹ:** ਮੰਤਰੀ ਭਗਵੰਤ ਮਾਨ ਨੇ ਸਾਰੇ ਮੰਤਰੀਆਂ ਦੇ ਸਾਹਮਣੇ ਕਿਹਾ ਕਿ ਜੇਕਰ ਕੋਈ ਮੁੱਖ ਮੰਤਰੀ ਬਣਨਾ ਚਾਹੁੰਦਾ ਹੈ ਤਾਂ ਉਸ ਨੂੰ ਬਣਨਾ ਚਾਹੀਦਾ ਹੈ, ਉਨ੍ਹਾਂ ਨੂੰ ਅਹੁਦਾ ਛੱਡਣ ਵਿਚ ਕੋਈ ਇਤਰਾਜ਼ ਨਹੀਂ ਹੈ। ਉਹ ਨਵੇਂ ਮੁੱਖ ਮੰਤਰੀ ਦਾ ਸਵਾਗਤ ਕਰਨਗੇ। ਉਹ ਇਸ ਅਹੁਦੇ 'ਤੇ ਨਹੀਂ ਰਹਿਣਾ ਚਾਹੁੰਦੇ ਅਤੇ ਪਾਰਟੀ ਆਗੂਆਂ ਵੱਲੋਂ ਦਿੱਤੇ ਗਏ ਬਿਆਨਾਂ ਤੋਂ ਨਾਖੁਸ਼ ਹਨ। ਮੁੱਖ ਮੰਤਰੀ ਨੇ ਇਹ ਗੱਲ ਉਦੋਂ ਕਹੀ ਜਦੋਂ ਕੈਬਨਿਟ ਮੀਟਿੰਗ ਤੋਂ ਬਾਅਦ ਸਾਰੇ ਮੰਤਰੀ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਜਿੱਤਣ ਦੀ ਰਣਨੀਤੀ 'ਤੇ ਚਰਚਾ ਕਰ ਰਹੇ ਸਨ। ਇਸ ਦੌਰਾਨ ਅੰਮ੍ਰਿਤਸਰ ਤੋਂ ਪਾਰਟੀ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਉਸ ਬਿਆਨ ਦਾ ਜ਼ਿਕਰ ਕੀਤਾ ਗਿਆ, ਜਿਸ ਵਿਚ ਕੁੰਵਰ ਨੇ ਵੀਰਵਾਰ ਨੂੰ ਹੀ ਜਨਤਕ ਤੌਰ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਬਦਲਣ ਦੀ ਮੰਗ ਕੀਤੀ ਸੀ। ਕੁੰਵਰ ਨੇ ਕਿਹਾ ਕਿ ਮੁੱਖ ਮੰਤਰੀ ਵਿਧਾਇਕਾਂ ਦੇ ਨੇਤਾ ਹਨ ਅਤੇ ਜੇਕਰ ਅਸੀ ਵਿਧਾਇਕ ਚਾਹੁੰਦੇ ਹਾਂ, ਤਾਂ ਅਸੀਂ ਜਦੋਂ ਚਾਹੀਏ ਉਨ੍ਹਾਂ ਨੂੰ ਬਦਲ ਸਕਦੇ ਹਾਂ। ਸੂਤਰਾਂ ਅਨੁਸਾਰ ਜਿਵੇਂ ਹੀ ਮੀਟਿੰਗ ਵਿਚ ਕੁੰਵਰ ਦੇ ਬਿਆਨ ਦਾ ਜ਼ਿਕਰ ਕੀਤਾ ਗਿਆ, ਮੁੱਖ ਮੰਤਰੀ ਨੇ ਸਖ਼ਤ ਪ੍ਰਤੀਕਿਰਿਆ ਦਿੱਤੀ ਅਤੇ ਕਿਹਾ ਕਿ ਉਨ੍ਹਾਂ ਨੂੰ ਅਹੁਦਾ ਛੱਡਣ 'ਤੇ ਕੋਈ ਇਤਰਾਜ਼ ਨਹੀਂ ਹੈ। ਜੋ ਵੀ ਚਾਹੁੰਦਾ ਹੈ ਉਹ ਮੁੱਖ ਮੰਤਰੀ ਬਣਨ ਲਈ ਆਜ਼ਾਦ ਹੈ। ਇਸ 'ਤੇ ਪਾਰਟੀ ਮੁਖੀ ਅਮਨ ਅਰੋੜਾ ਅਤੇ ਵਿੱਤ ਮੰਤਰੀ ਹਰਪਾਲ ਚੀਮਾ ਨੇ ਕੁੰਵਰ ਦੀਆਂ ਟਿੱਪਣੀਆਂ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਅਤੇ ਭਗਵੰਤ ਮਾਨ ਦੀ ਅਗਵਾਈ 'ਤੇ ਪੂਰਾ ਭਰੋਸਾ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਪਾਰਟੀ ਦਾ ਕੋਈ ਵੀ ਵਿਧਾਇਕ ਅਤੇ ਮੰਤਰੀ ਤੁਹਾਨੂੰ ਇਹ ਅਹੁਦਾ ਛੱਡਦੇ ਨਹੀਂ ਦੇਖਣਾ ਚਾਹੁੰਦਾ। ਤੁਸੀਂ ਹੀ ਸਾਡੇ ਮੁੱਖ ਮੰਤਰੀ ਬਣੇ ਰਹੋਗੇ।

# ਮਨੀਪੁਰ 'ਚ ਰਾਸ਼ਟਰਪਤੀ ਰਾਜ ਲਾਗੂ




**ਨਵੀਂ ਦਿੱਲੀ:** ਮੁੱਖ ਮੰਤਰੀ ਐੱਨ ਬੀਰੇਨ ਸਿੰਘ ਦੇ ਅਸਤੀਫ਼ੇ ਤੋਂ ਚਾਰ ਦਿਨਾਂ ਦੇ ਬਾਅਦ ਫ਼ਿਰਕੂ ਹਿੰਸਾ ਨਾਲ ਜੂਝ ਰਹੇ ਮਨੀਪੁਰ 'ਚ ਵੀਰਵਾਰ ਨੂੰ ਰਾਸ਼ਟਰਪਤੀ ਸ਼ਾਸਨ ਲਗਾ ਦਿੱਤਾ ਗਿਆ। ਸੂਬੇ 'ਚ ਰਾਸ਼ਟਰਪਤੀ ਸ਼ਾਸਨ ਲਗਾਉਣ ਦਾ ਫ਼ੈਸਲਾ ਅਜਿਹੇ ਸਮੇਂ ਹੋਇਆ ਹੈ, ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਦੇਸ਼ ਯਾਤਰਾ 'ਤੇ ਹਨ। ਵਿਧਾਨ ਸਭਾ ਨੂੰ ਫ਼ਿਲਹਾਲ ਮੁਅੱਤਲ ਰੱਖਿਆ ਗਿਆ ਹੈ। ਮੌਜੂਦਾ ਵਿਧਾਨ ਸਭਾ ਦਾ ਕਾਰਜਕਾਲ 2027 ਤੱਕ ਹੈ।

ਜ਼ਿਕਰਯੋਗ ਹੈ ਕਿ 21 ਮਹੀਨੇ ਤੋਂ ਜਾਰੀ ਫ਼ਿਰਕੂ ਹਿੰਸਾ 'ਚ ਕਰੀਬ ਢਾਈ ਸੌ ਲੋਕਾਂ ਦੀ ਮੌਤ ਹੋ ਚੁੱਕੀ ਹੈ ਤੇ ਹਜ਼ਾਰਾਂ ਲੋਕ ਬੇਘਰ ਹੋ ਚੁੱਕੇ ਹਨ। ਮਨੀਪੁਰ 'ਚ ਪਹਾੜੀਆਂ 'ਤੇ ਕੁਕੀ ਤੇ ਘਾਟੀ 'ਚ ਮੈਤੇਈ ਫ਼ਿਰਕੇ ਦੇ ਲੋਕ ਰਹਿੰਦੇ ਹਨ। ਤਿੰਨ ਮਈ, 2023 ਨੂੰ ਰਾਖਵੇਂਕਰਨ 'ਤੇ ਹਾਈ ਕੋਰਟ ਦੇ ਫ਼ੈਸਲੇ ਤੋਂ ਬਾਅਦ ਦੋਵਾਂ ਫ਼ਿਰਕਿਆਂ 'ਚ ਹਿੰਸਾ ਭੜਕ ਗਈ ਸੀ।

ਗ੍ਰਹਿ ਮੰਤਰਾਲੇ ਵਲੋਂ ਜਾਰੀ ਰ ਨੋਟੀਫਿਕੇਸ਼ਨ 'ਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੀ ਰਾਇ ਹੈ ਕਿ ਅਜਿਹੀ ਸਥਿਤੀ ਪੈਦਾ ਹੋ ਗਈ ਹੈ, ਜਿਸ ਵਿਚ ਸੂਬਾ ਸਰਕਾਰ ਸੰਵਿਧਾਨ ਦੀ ਵਿਵਸਥਾ ਮੁਤਾਬਕ ਨਹੀਂ ਚੱਲ ਸਕਦੀ। ਮਨੀਪੁਰ ਦੇ ਰਾਜਪਾਲ ਅਜੇ ਕੁਮਾਰ ਭੱਲਾ ਤੋਂ ਮਿਲੀ ਰਿਪਰੋਟ ਤੇ ਹੋਰ ਵਸੀਲਿਆਂ ਰਾ ਤੋਂ ਜਾਣਕਾਰੀ ਮਿਲਣ ਤੋਂ ਬਾਅਦ ਵ ਰਾਸ਼ਟਰਪਤੀ ਸ਼ਾਸਨ ਲਗਾਉਣ ਦਾ ਵਿ ਫੈਸਲਾ ਕੀਤਾ ਗਿਆ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਭਾਜਪਾ ਦੇ ਪ੍ਰਧਾਨ ਜੇਪੀ ਨੱਡਾ ਨਾਲ ਮੁਲਾਕਾਤ ਤੋਂ ਬਾਅਦ ਬੀਰੇਨ ਸਿੰਘ ਨੇ ਨੇ ਫਰਵਰੀ ਤੋਂ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦਿੱਤਾ ਸੀ। ਰਾਜਪਾਲ ਨੇ ਉਨ੍ਹਾਂ ਦਾ ਅਸਤੀਫ਼ਾ ਸਵੀਕਾਰ ਕਰ ਲਿਆ ਸੀ ਹੈ ਤੇ ਉਨ੍ਹਾਂ ਨੂੰ ਬਦਲਵੀਂ ਵਿਵਸਥਾ ਹੋਣ ਹੋ ਤੱਕ ਅਹੁਦੇ 'ਤੇ ਬਣੇ ਰਹਿਣ ਦੀ ਅਪੀਲ ਕੀਤੀ ਸੀ। ਨਵੰਬਰ 2024 'ਚ ਕੈਨਰਾਡ ਸੰਗਮਾ ਦੀ ਅਗਵਾਈ ਵਾਲੀ ਨੈਸ਼ਨਲ ਪੀਪਲਜ਼ ਪਾਰਟੀ ਵਲੋਂ ਸਮਰਥਨ ਵਾਪਸ ਲਏ ਜਾਣ ਤੋਂ ਬਾਅਦ ਬੀਰੇਨ ਸਿੰਘ ਸਰਕਾਰ ਦੀ ਸਥਿਰਤਾ 'ਤੇ ਸਵਾਲ ਚੁੱਕੇ ਜਾਣ ਲੱਗੇ ਸਨ। ਭਾਜਪਾ ਲੀਡਰਸ਼ਿਪ ਨੇ ਬੀਰੇਨ ਸਿੰਘ ਦੇ ਵਾਰਿਸ ਨੂੰ ਲੈ ਕੇ ਸਹਿਮਤੀ ਬਣਾਉਣ ਦੀ ਕੋਸ਼ਿਸ਼ ਕੀਤੀ, ਪਰ ਸਹਿਮਤੀ ਨਹੀਂ ਬਣ ਸਕੀ। ਮਨੀਪੁਰ 'ਚ ਲੀਡਰਸ਼ਿਪ ਸੰਕਟ ਵਿਚਾਲੇ ਕਾਂਗਰਸ ਸਮੇਤ ਤਮਾਮ ਵਿਰੋਧੀ ਪਾਰਟੀਆਂ ਨੇ ਸੂਬੇ 'ਚ ਰਾਸ਼ਟਰਪਤੀ ਸ਼ਾਸਨ ਲਗਾਉਣ ਦੀ ਮੰਗ ਕੀਤੀ ਸੀ।

ਬੀਰੇਨ ਸਿੰਘ ਦੇ ਮੁੱਖ ਮੰਤਰੀ ਅਹੁਦੇ ਤੋਂ ਅਸਤੀਫ਼ੇ ਤੋਂ ਬਾਅਦ ਸੂਬੇ 'ਚ ਸਿਆਸੀ ਗ਼ੈਰਯਕੀਨੀ ਬਣੀ ਹੋਈ ਸੀ। ਭਾਜਪਾ ਇਸ ਦੌਰਾਨ ਸੀਐੱਮ ਦਾ ਚਿਹਰਾ ਨਹੀਂ ਤੈਅ ਕਰ ਸਕੀ। ਭਾਜਪਾ ਦੇ ਉੱਤਰ ਪੂਰਬ ਇੰਚਾਰਜ ਸੰਬਿਤ ਪਾਤਰਾ ਨੇ ਪਾਰਟੀ ਦੇ ਵਿਧਾਇਕਾਂ ਨਾਲ ਕਈ ਦੌਰ ਦੀ ਚਰਚਾ ਕੀਤੀ, ਪਰ ਰੇੜਕਾ ਬਰਕਰਾਰ ਰਿਹਾ। ਪਿਛਲੇ ਦੋ ਦਿਨਾਂ 'ਚ ਸੰਬਿਤ ਰਾਜਪਾਲ ਅਜੇ ਕੁਮਾਰ ਭੱਲਾ ਨਾਲ ਕਈ ਵਾਰ ਮਿਲ ਚੁੱਕੇ ਸਨ। ਕਾਂਗਰਸੀ ਵਿਧਾਇਕ ਥੋਕਚੋਮ ਲੋਕੇਸ਼ਵਰ ਨੇ ਸੰਬਿਤ ਦੇ ਸੂਬੇ ਦੇ ਦੌਰੇ ਦੇ ਮਕਸਦ 'ਤੇ ਸਵਾਲ ਚੁੱਕਿਆ।

# ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦਿਆ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਵਿਧਾਨ ਸਭਾ ਦਾ 24 ਤੇ 25 ਫਰਵਰੀ ਨੂੰ ਦੋ ਦਿਨਾਂ ਦਾ ਵਿਸ਼ੇਸ਼ ਸੈਸ਼ਨ ਬੁਲਾ ਲਿਆ ਹੈ। ਇਹ ਸੈਸ਼ਨ ਉਸ ਸਮੇਂ ਬੁਲਾਇਆ ਗਿਆ ਹੈ ਜਦੋਂ ਮਾਰਚ ਮਹੀਨੇ 'ਚ ਬਜਟ ਸੈਸ਼ਨ ਬੁਲਾਉਣ ਦੀ ਤਜਵੀਜ਼ ਹੈ। ਹਾਲਾਂਕਿ ਸੂਤਰਾਂ ਦੇ ਮੁਤਾਬਕ ਹਾਲੇ ਤੱਕ ਸਰਕਾਰ ਵਲੋਂ ਬਜਟ ਤਿਆਰ ਨਹੀਂ ਕੀਤਾ ਗਿਆ। ਅਜਿਹੇ 'ਚ ਸਵਾਲ ਉੱਠਦਾ ਹੈ ਕਿ ਇਹ ਵਿਸ਼ੇਸ਼ ਸੈਸ਼ਨ ਕਿਉਂ ਬੁਲਾਇਆ ਗਿਆ ਹੈ ਤੇ ਇਸ ਵਿਚ ਕੀ ਹੋਣਾ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਕਹਿਣਾ ਹੈ ਕਿ ਸਾਡੇ ਕੋਲ ਕਈ ਬਿੱਲ ਪੈਂਡਿੰਗ ਸਨ ਜਿਹੜੇ ਇਸ ਸੈਸ਼ਨ ਦੌਰਾਨ ਪਾਸ ਕੀਤੇ ਜਾਣਗੇ। ਜ਼ਿਕਰਯੋਗ ਹੈ ਕਿ ਵਿਧਾਨ ਸਭਾ ਦਾ ਪਿਛਲਾ ਸੈਸ਼ਨ ਤਿੰਨ ਸਤੰਬਰ ਨੂੰ ਬੁਲਾਇਆ ਗਿਆ ਸੀ ਜਿਹੜਾ ਚਾਰ ਸਤੰਬਰ ਤੱਕ ਚੱਲਿਆ। ਸੀ। ਅਜਿਹੇ 'ਚ ਛੇ ਮਹੀਨਿਆਂ ਦੇ ਅੰਦਰ ਸੈਸ਼ਨ ਬੁਲਾਉਣਾ ਜ਼ਰੂਰੀ ਹੁੰਦਾ ਹੈ। ਯਾਨੀ ਸਰਕਾਰ ਨੇ ਹਰ ਹਾਲ 'ਚ ਤਿੰਨ ਮਾਰਚ ਤੋਂ ਪਹਿਲਾਂ ਸੈਸ਼ਨ ਬੁਲਾਉਣਾ ਸੀ।

# ਈ.ਵੀ.ਐੱਮ. ਦੀ ਬਰਨ ਮੈਮੋਰੀ ਬਾਰੇ ਦੱਸੇ ਚੋਣ ਕਮਿਸ਼ਨ

## ਕੋਰਟ ਨੇ ਚੋਣ ਕਮਿਸ਼ਨ ਨੂੰ ਮਾਮਲੇ 'ਚ ਰਸਮੀ ਨੋਟਿਸ ਨਹੀਂ ਕੀਤਾ ਜਾਰੀ




**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ ਈ.ਵੀ.ਐਮ. ਦੀ ਬਰਨ ਮੈਮੋਰੀ ਤਸਦੀਕ ਕਰਨ ਲਈ ਅਪਣਾਈ ਜਾਣ ਵਾਲੀ ਪ੍ਰਕਿਰਿਆ ਦੱਸਣ ਲਈ ਕਿਹਾ ਹੈ। ਕੋਰਟ ਨੇ ਇਹ ਆਦੇਸ਼ ਮੰਗਲਵਾਰ ਨੂੰ ਈਵੀਐਮ ਦੀ ਮੈਮੋਰੀ ਤੇ ਮਾਈਕ੍ਰੋਕੰਟਰੋਲਰ ਦੇ ਤਸਦੀਕ ਕਰਨ ਤੇ ਜਾਂਚ ਦੀ ਪ੍ਰਕਿਰਿਆ ਦੇ ਸਬੰਧ 'ਚ ਦਿਸ਼ਾ-ਨਿਰਦੇਸ਼ ਤੈਅ ਕਰਨ ਦੀ ਮੰਗ 'ਤੇ ਸੁਣਵਾਈ ਦੌਰਾਨ ਦਿੱਤੇ। ਹਾਲਾਂਕਿ, ਕੋਰਟ ਨੇ ਅਜੇ ਚੋਣ ਕਮਿਸ਼ਨ ਨੂੰ ਮਾਮਲੇ 'ਚ ਰਸਮੀ ਨੋਟਿਸ ਜਾਰੀ ਨਹੀਂ ਕੀਤਾ। ਪਰ, ਕਮਿਸ਼ਨ ਤੋਂ ਅਪਣਾਈ ਜਾਣ ਵਾਲੀ ਪ੍ਰਕਿਰਿਆ ਪੁੱਛੀ ਹੈ। ਤਿੰਨ ਮਾਰਚ ਨੂੰ ਮੁੜ ਸੁਣਵਾਈ ਕਰੇਗੀ।ਇਹ ਆਦੇਸ਼ ਚੀਫ ਜਸਟਿਸ ਸੰਜੀਵ ਖੰਨਾ ਤੇ ਦੀਪਾਂਕਰ ਦਿੱਤਾ ਦੇ ਬੈਂਚ ਨੇ ਈਵੀਐੱਮ ਦੀ ਬਰਨ ਮੈਮੋਰੀ ਤੇ ਮਾਈਕ੍ਰੋਕੰਟਰੋਲਰ ਦੀ ਵੈਰੀਫਿਕੇਸ਼ਨ ਦੀ ਪ੍ਰਕਿਰਿਆ 'ਤੇ ਸਵਾਲ ਚੁੱਕਣ ਦੇ ਮਾਮਲੇ 'ਚ ਸੁਣਵਾਈ ਦੌਰਾਨ ਦਿੱਤੇ। ਬੈਂਚ ਨੇ ਕਿਹਾ ਕਿ ਉਹ ਸਿਰਫ਼ ਏਨਾ ਜਾਨਣਾ ਚਾਹੁੰਦੇ ਹਨ ਕਿ ਈਵੀਐੱਮ ਦੀ ਕਰਨ ਮੈਮੋਰੀ ਆਦਿ ਦੀ ਜਾਂਚ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਚੋਣ ਕਮਿਸ਼ਨ ਤਸਦੀਕ ਕਰਨ ਲਈ ਕੀ ਪ੍ਰਕਿਰਿਆ ਮਾਰਚ ਨੂੰ ਅਪਣਾਉਂਦਾ ਹੈ। ਜਸਟਿਸ ਖੰਨਾ ਨੇ ਕਿਹਾ ਕਿ ਇਹ ਬਹੁਤ ਜ਼ਿਆਦਾ ਵਿਸਥਾਰ ਨਾਲ ਨਹੀਂ ਜਾਨਣਾ ਚਾਹੁੰਦੇ। ਸਿਰਫ਼ ਇਹ ਚਾਹੁੰਦੇ ਹਨ ਕਿ ਕੋਈ ਆ ਕੇ ਤਸਦੀਕ ਕਰ ਦੇਵੇ। ਚੋਣ ਕਮਿਸ਼ਨ ਵਲੋਂ ਪੇਸ਼ ਸੀਨੀਅਰ ਵਕੀਲ ਮਨਿੰਦਰ ਸਿੰਘ ਨੇ ਪਟੀਸ਼ਨਾਂ ਦਾ ਵਿਰੋਧ ਕਰਦੇ ਹੋਏ ਕਿਹਾ ਕਿ ਕੋਰਟ ਨੂੰ ਇਨ੍ਹਾਂ 'ਤੇ ਵਿਚਾਰ ਨਹੀਂ ਕਰਨਾ ਚਾਹੀਦਾ। ਚੋਣ ਕਮਿਸ਼ਨ ਕੋਰਟ ਦੇ ਆਦੇਸ਼ ਦੇ ਮੁਤਾਬਕ ਹੀ ਤਸਦੀਕ ਕਰਨ ਦੀ ਪ੍ਰਕਿਰਿਆ ਅਪਣਾਉਂਦਾ ਹੈ। ਉਨ੍ਹਾਂ ਨੇ ਏਡੀਆਰ ਦੀ ਅਰਜ਼ੀ 'ਤੇ ਕਿਹਾ ਕਿ ਪਹਿਲਾਂ ਵੀ ਅਜਿਹੀ ਹੀ ਅਰਜ਼ੀ ਦਾਖ਼ਲ ਕੀਤੀ ਗਈ ਸੀ, ਪਰ ਉਹ ਵਾਪਸ ਲੈ ਲਈ ਗਈ ਤੇ ਹੁਣ ਨਵੀਂ ਦਾਖ਼ਲ ਕੀਤੀ ਹੈ ਤੇ ਪਹਿਲਾਂ ਵਾਲੀ ਦਾ ਜ਼ਿਕਰ ਵੀ ਨਹੀਂ ਕੀਤਾ ਜਦਕਿ ਵਕੀਲ ਉਹੀ ਹਨ। ਜਸਟਿਸ ਦੀਪਾਂਕਰ ਦੱਤਾ ਨੇ ਵਾਪਸ ਲਈ ਗਈ ਅਰਜ਼ੀ ਦੇ ਆਦੇਸ਼ ਦਾ ਜ਼ਿਕਰ ਨਾ ਕੀਤੇ ਜਾਣ 'ਤੇ ਸਵਾਲ ਚੁੱਕਿਆ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

(ਪਹਿਲੇ ਸਫ਼ੇ ਦੀ ਬਾਕੀ)

## ਚਾਰ ਲੋੜੀਂਦੇ ਏਅਰਪੋਰਟ ਤੋਂ ਹੀ ਗ੍ਰਿਫ਼ਤਾਰ

ਜਾਣਕਾਰੀ ਮੁਤਾਬਕ 25 ਜੂਨ, 2023 ਨੂੰ ਰਾਤ ਸਮੇਂ ਬਾਈਕ ਸਵਾਰਾਂ ਨੇ ਰਾਜਪੁਰਾ ਦੀ ਬੈਂਕ ਸਬਜ਼ੀ ਮੰਡੀ ਨੇੜੇ ਰੇਹੜੀ ਲਗਾਉਣ ਵਾਲੇ ਗੁਰਮੀਤ ਸ਼ਰਮਾ ਤੋਂ ਅੰਬ ਖ਼ਰੀਦੇ ਸਨ। ਕੁਝ ਅੰਬ ਖ਼ਰਾਬ ਨਿਕਲਣ 'ਤੇ ਰੇਹੜੀ ਵਾਲੇ ਨਾਲ ਬਹਿਸ ਕਰਦੇ ਹੋਏ ਉਨ੍ਹਾਂ ਨੇ ਉਸ ਨੂੰ ਥੱਪੜ ਮਾਰ ਦਿੱਤੇ। ਮੰਡੀ 'ਚ ਫਰੂਟ ਦੀ ਫੜ੍ਹੀ ਲਗਾਉਣ ਵਾਲਾ ਪਿੰਡ ਮੰਡੋਲੀ ਵਾਸੀ ਸੱਚਇੰਦਰ ਸਿੰਘ ਬਚਾਅ ਲਈ ਆਇਆ ਤਾਂ ਮੁਲਜ਼ਮਾਂ ਨੇ ਉਸ ਨੂੰ ਵੀ ਥੱਪੜ ਮਾਰ ਦਿੱਤੇ। ਸੱਚਇੰਦਰ ਨੇ ਪਿੰਡ ਨੀਲਪੁਰ ਵਾਸੀ ਆਪਣੇ ਰਿਸ਼ਤੇਦਾਰ ਆਪ ਸਮਰਥਕ ਸਵਰਣ ਸਿੰਘ ਨੂੰ ਬੁਲਾ ਲਿਆ। ਮੁਲਜ਼ਮਾਂ ਨੇ ਫੋਨ ਕਰ ਕੇ ਆਪਣੇ ਸਾਥੀਆਂ ਨੂੰ ਬੁਲਾ ਲਿਆ। ਦੋਵਾਂ ਧਿਰਾਂ 'ਚ ਬਹਿਸ ਤੋਂ ਬਾਅਦ ਮਾਮਲਾ ਸ਼ਾਂਤ ਹੋ ਗਿਆ ਸੀ। ਬਾਅਦ 'ਚ ਮੁਲਜ਼ਮਾਂ ਨੇ ਤਲਵਾਰਾਂ ਨਾਲ ਸਵਰਣ ਸਿੰਘ 'ਤੇ ਹਮਲਾ ਕਰ ਦਿੱਤਾ। ਜ਼ਖ਼ਮੀ ਸਵਰਣ ਸਿੰਘ ਦੀ ਇਲਾਜ ਦੌਰਾਨ ਮੌਤ ਹੋ ਗਈ ਸੀ। ਪੁਲਿਸ ਨੇ ਕਈ ਲੋਕਾਂ ਖ਼ਿਲਾਫ਼ ਕੇਸ ਦਰਜ ਕੀਤਾ ਸੀ, ਇਨ੍ਹਾਂ 'ਚ ਪ੍ਰਦੀਪ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਮਕਾਨ ਨੰਬਰ 469 ਵਿਕਾਸ ਨਗਰ ਰਾਜਪੁਰਾ ਟਾਊਨ ਪਟਿਆਲਾ ਤੇ ਸੰਦੀਪ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਬਲਾਕ ਬੀ-10, ਪਲਾਟ ਨੰਬਰ 6, ਰਾਜਪੁਰਾ ਟਾਊਨ ਵੀ ਸ਼ਾਮਲ ਸਨ। ਪਟਿਆਲਾ ਪੁਲਿਸ ਨੇ ਦੋਵਾਂ ਖ਼ਿਲਾਫ ਐੱਲਓਜੀ ਜਾਰੀ ਕਰਵਾਇਆ ਹੋਇਆ ਸੀ। ਦੂਜੇ ਪਾਸੇ ਦੋਵਾਂ ਦੇ ਪਰਿਵਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਲੜਕਿਆਂ ਨੂੰ ਝੂਠੇ ਕਤਲ ਕੇਸ 'ਚ ਫਸਾਇਆ ਜਾ ਰਿਹਾ ਹੈ। ਉਨ੍ਹਾਂ ਨੇ ਆਪਣੀ ਤਿੰਨ ਏਕੜ ਜ਼ਮੀਨ ਵੇਚ ਕੇ ਘਰ ਤੇ ਸੋਨੇ ਦੇ ਗਹਿਣੇ ਗਿਰਵੀ ਰੱਖ ਕੇ 10 ਮਹੀਨੇ ਪਹਿਲਾਂ 1 ਕਰੋੜ 20 ਲੱਖ ਰੁਪਏ ਜਲੰਧਰ ਦੇ ਏਜੰਟ ਨੂੰ ਦੇ ਕੇ ਦੋਵਾਂ ਨੂੰ ਅਮਰੀਕਾ ਭੇਜਿਆ। ਦੋਵੇਂ ਡੰਕੀ ਰੂਟ ਜ਼ਰੀਏ ਕਰੀਬ ਤਿੰਨ ਮਹੀਨੇ ਪਹਿਲਾਂ ਹੀ ਅਮਰੀਕਾ ਪੁੱਜੇ ਸਨ। ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਪੁਲਿਸ ਉਨ੍ਹਾਂ ਨੂੰ ਆਪਣੇ ਬੱਚਿਆਂ ਨਾਲ ਮਿਲਣ ਨਹੀਂ ਦੇ ਰਹੀ। ਓਧਰ ਥਾਣਾ ਸਿਟੀ ਐੱਸਐੱਚਓ ਇੰਸਪੈਕਟਰ ਬਲਵਿੰਦਰ ਸਿੰਘ ਨੇ ਕਿਹਾ ਕਿ ਕਤਲ ਕੇਸ ਮਾਮਲੇ 'ਚ ਪੁਛਗਿੱਛ ਲਈ ਆਦਲਤ ਤੋਂ ਦੋਵਾਂ ਮੁਲਜ਼ਮਾਂ ਦਾ ਤਿੰਨ ਦਿਨਾ ਪੁਲਿਸ ਰਿਮਾਂਡ ਲਿਆ ਗਿਆ ਹੈ।



### ਗੁਰਵਿੰਦਰ ਲੁੱਟ-ਖੋਹ 'ਚ ਹੈ ਨਾਮਜ਼ਦ

ਲੁਧਿਆਣਾ ਦੇ ਪਿੰਡ ਸਸਰਾਲੀ ਵਾਸੀ ਗੁਰਵਿੰਦਰ ਸਿੰਘ ਥਾਣਾ ਜੋਧੇਵਾਲ ਬਸਤੀ 'ਚ ਤਾਇਨਾਤ ਹੈੱਡ ਕਾਂਸਟੇਬਲ ਦਾਰੀ ਸਿੰਘ ਦਾ ਪੁੱਤਰ ਹੈ। ਲੁਧਿਆਣਾ ਦੇ ਸਹਾਇਕ ਪੁਲਿਸ ਕਮਿਸ਼ਨਰ ਪੂਰਬੀ ਸੁਮਿਤ ਸੂਦ ਨੇ ਦੱਸਿਆ ਕਿ ਗੁਰਵਿੰਦਰ ਸਿੰਘ 'ਤੇ ਲੁਧਿਆਣਾ ਤੇ ਫ਼ਰੀਦਕੋਟ 'ਚ ਲੁੱਟ ਦੇ ਪਰਚੇ ਦਰਜ ਹਨ। ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ ਪਰ ਜ਼ਮਾਨਤ 'ਤੇ ਬਾਹਰ ਆਉਣ ਮਗਰੋਂ ਉਹ ਡੰਕੀ ਲਾ ਕੇ ਅਮਰੀਕਾ ਚਲਾ ਗਿਆ ਸੀ। ਫ਼ਰੀਦਕੋਟ ਨਾਲ ਸਬੰਧਤ ਕੇਸ 'ਚ ਉਹ ਭਗੌੜਾ ਕਰਾਰ ਵੀ ਦਿੱਤਾ ਜਾ ਚੁੱਕਾ ਹੈ। ਉਸ ਖ਼ਿਲਾਫ਼ ਐੱਲਓਸੀ ਜਾਰੀ ਕਰਵਾਇਆ ਹੋਇਆ ਸੀ।

### ਸਾਹਿਲ 'ਤੇ ਛੇੜ-ਛਾੜ ਦਾ ਦੋਸ਼

ਹਰਿਆਣਾ ਦੇ ਪਿਹੋਵਾ ਦੇ ਡੇਰਾ ਪੂਰਨ ਨਾਥ ਵਾਸੀ ਸਾਹਿਲ ਵਰਮਾ 'ਤੇ 14 ਮਈ 2020 ਨੂੰ ਦਸਵੀਂ ਦੀ ਵਿਦਿਆਰਥਣ ਨਾਲ ਛੇੜਛਾੜ ਦਾ ਕੇਸ ਦਰਜ ਹੋਇਆ ਸੀ। ਸਾਹਿਲ ਨੇ ਵਿਦਿਆਰਥਣ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ। ਮਾਮਲਾ ਦਰਜ ਹੋਣ ਦੇ 4-5 ਦਿਨਾਂ ਬਾਅਦ ਉਹ 38 ਲੱਖ ਰੁਪਏ ਦੇ ਕੇ ਵਿਦੇਸ਼ ਭੱਜ ਗਿਆ ਸੀ। ਉਹ ਇਟਲੀ 'ਚ ਦੋ ਸਾਲ ਰਿਹਾ ਫਿਰ ਡੰਕੀ ਰੂਟ ਰਾਹੀਂ ਅਮਰੀਕਾ 'ਚ ਦਾਖ਼ਲ ਹੋ ਰਿਹਾ ਸੀ ਕਿ 25 ਜਨਵਰੀ ਨੂੰ ਫੜਿਆ ਗਿਆ। ਉਸ ਨੂੰ ਗ੍ਰਿਫ਼ਤਾਰ ਕਰਨ ਲਈ ਪਿਹੋਵਾ ਦੇ ਪੁਲਿਸ ਅਧਿਕਾਰੀ ਪਹਿਲਾਂ ਹੀ ਏਅਰਪੋਰਟ 'ਤੇ ਖੜ੍ਹੇ ਸਨ।

(ਪਹਿਲੇ ਸਫ਼ੇ ਦੀ ਬਾਕੀ)

ਸ਼੍ਰੋਮਣੀ ਕਮੇਟੀ ਮੈਂਬਰ ਬਣੇ ਤਾਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਤੇ ਪ੍ਰਕਾਸ਼ ਸਿੰਘ ਬਾਦਲ ਨੇ ਉਨ੍ਹਾਂ ਨੂੰ ਅੰਤ੍ਰਿੰਗ ਕਮੇਟੀ 'ਚ ਸ਼ਾਮਲ ਕੀਤਾ। 2019 'ਚ ਉਨ੍ਹਾਂ ਸ਼੍ਰੋਮਣੀ ਕਮੇਟੀ ਦਾ ਜਨਰਲ ਸਕੱਤਰ ਬਣਾਇਆ ਗਿਆ। ਫਿਰ 2020 'ਚ ਮੁੱਖ ਸਕੱਤਰ ਤੇ ਸਾਲ 2021, 22, 23 ਤੇ 24 'ਚ ਚਾਰ ਵਾਰ ਲਗਾਤਾਰ ਪ੍ਰਧਾਨ ਵਜੋਂ ਸੇਵਾਵਾਂ ਸੌਂਪੀਆਂ। ਉਨ੍ਹਾਂ ਕਿਹਾ ਕਿ ਇਸ ਲਈ ਸ਼੍ਰੋਮਣੀ ਅਕਾਲੀ ਦਲ ਦਾ ਜਿੰਨਾਂ ਵੀ ਉਹ ਧੰਨਵਾਦ ਕਰਨ, ਥੋੜ੍ਹਾ ਹੈ। ਉਨ੍ਹਾਂ ਕਿਹਾ ਕਿ ਧਾਮੀ ਵਰਗੇ ਕਈ ਪ੍ਰਧਾਨ ਆਉਂਦੇ ਰਹਿਣਗੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਸਿਰਮੌਰ ਸੰਸਥਾ ਹੈ, ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦਾ ਸਰਮੌਰ ਤਖ਼ਤ ਹੈ, ਜਿੱਥੋਂ ਕੋਈ ਵੀ ਸਿੱਖ ਮੁਨਕਰ ਨਹੀਂ ਹੋ ਸਕਦਾ। ਸ਼੍ਰੋਮਣੀ ਅਕਾਲੀ ਦਲ ਸੰਸਥਾ ਵੀ ਇੱਥੋਂ ਹੀ ਥਾਪੀ ਗਈ ਹੈ, ਇਨ੍ਹਾਂ ਸੰਸਥਾਵਾਂ ਨੂੰ ਸਰਕਾਰਾਂ ਲਗਾਤਾਰ ਕਮਜ਼ੋਰ ਕਰਨ ਦੇ ਯਤਨ ਕਰ ਰਹੀਆਂ ਹਨ। ਉਨ੍ਹਾਂ ਸਿੱਖਾਂ ਨੂੰ ਅਪੀਲ ਕੀਤੀ ਕਿ ਸੰਸਥਾਵਾਂ ਨੂੰ ਕਮਜ਼ੋਰ ਹੋਣ ਤੋਂ ਬਚਾਓ ਤਾਂ ਹੀ ਪੰਥ ਚੜ੍ਹਦੀਕਲਾ 'ਚ ਰਹਿ ਸਕਦਾ ਹੈ।

### ਸਰਵਿਸ ਰੂਲ ਤਹਿਤ ਸਰਬਸੰਮਤੀ ਨਾਲ ਕੀਤਾ ਗਿਆ ਹੈ ਫ਼ੈਸਲਾ

ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਬੀਤੀ 10 ਫਰਵਰੀ ਨੂੰ ਗਿਆਨੀ ਹਰਪ੍ਰੀਤ ਸਿੰਘ ਸਬੰਧੀ ਕੀਤੇ ਆਪਣੇ ਫੈਸਲੇ ਨੂੰ ਜਾਇਜ਼ ਦੱਸਿਆ। ਉਨ੍ਹਾਂ ਗਿਆਨੀ ਹਰਪ੍ਰੀਤ ਸਿੰਘ ਸਬੰਧੀ ਲਏ ਫ਼ੈਸਲੇ ਨੂੰ ਸ਼੍ਰੋਮਣੀ ਕਮੇਟੀ ਦੇ ਸਰਵਿਸ ਰੂਲ ਦਾ ਹਿੱਸਾ ਦੱਸਦਿਆਂ ਕਿਹਾ ਕਿ ਜਿਹੜੇ ਵੀ ਸਿੰਘ ਸਾਹਿਬਾਨ ਖ਼ਿਲਾਫ਼ ਸ਼ਿਕਾਇਤ ਆਈ ਹੈ, ਸ਼੍ਰੋਮਣੀ ਕਮੇਟੀ ਨੇ ਜਾਂਚ ਕਰ ਕੇ ਕਾਰਵਾਈ ਕੀਤੀ ਹੈ, ਇਸ ਤਰ੍ਹਾਂ ਦੇ ਕਈ ਫ਼ੈਸਲੇ ਪਹਿਲਾਂ ਵੀ ਹੋਏ ਹਨ, ਗਿਆਨੀ ਹਰਪ੍ਰੀਤ ਸਿੰਘ ਨੂੰ ਫਾਰਗ ਕਰਨ ਦਾ ਪਹਿਲਾ ਫੈਸਲਾ ਨਹੀਂ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ 170 ਮੈਂਬਰ ਜਰਨਲ ਚੋਣ ਨਾਲ ਚੁਣੇ ਜਾਂਦੇ ਹਨ।

ਕਮੇਟੀ 'ਚ 22 ਹਜ਼ਾਰ ਮੁਲਾਜ਼ਮ ਸਰਵਿਸ ਰੂਲ ਤਹਿਤ ਕੰਮ ਕਰ ਰਹੇ ਹਨ। ਭਾਵੇਂ ਸਿੰਘ ਸਾਹਿਬਾਨ ਦਾ ਰੁਤਬਾ ਸਭ ਤੋਂ ਵੱਡਾ ਹੈ, ਪਰ ਉਹ ਵੀ ਇਸੇ ਸਿਸਟਮ ਚੋਂ ਹੀ ਆਉਂਦੇ ਹਨ। ਗ੍ਰੰਥੀ, ਸਿੰਘ ਸਾਹਿਬਾਨ, ਪੰਜ ਪਿਆਰੇ ਆਦਿ ਦੀ ਵੀ ਬਾਕੀ ਮੁਲਾਜ਼ਮਾਂ ਵਾਂਗ ਸਰਵਿਸ ਰੂਲ ਤਹਿਤ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 1925 ਐਕਟ ਤਹਿਤ ਨਿਯੁਕਤੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਪ੍ਰਧਾਨਗੀ ਸਮੇਂ ਇਹ ਸਵਾਲ ਉੱਠੇ ਸਨ। ਕਿ ਸਿੰਘ ਸਾਹਿਬਾਨ ਨੂੰ ਸਨਮਾਨ ਭੱਤਾ ਵੱਖਰਾ ਦੇਣਾ ਚਾਹੀਦਾ ਹੈ, ਕਿਉਂਕਿ ਸਿੰਘ ਸਾਹਿਬਾਨ ਨੂੰ ਮੁਲਾਜ਼ਮ ਕਹਿਣਾ ਇਸ ਅਹੁਦੇ ਦੀ ਤੌਹੀਨ ਹੈ। ਪਰ ਉਸ ਸਮੇਂ ਦੇ ਸਿੰਘ ਸਾਹਿਬਾਨ ਨੇ ਕਿਹਾ ਸੀ ਕਿ ਜੋ ਸਾਡਾ ਸਿਸਟਮ ਚੱਲਦਾ ਹੈ ਉਸ ਤਰ੍ਹਾਂ ਹੀ ਚੱਲਦਾ ਰਹਿਣਾ ਦਿਓ। ਇਸ ਕਰਕੇ ਸਿੰਘ ਸਾਹਿਬਾਨ ਸਰਵਿਸ ਰੂਲ ਤਹਿਤ ਹੀ ਸੇਵਾ ਨਿਭਾ ਰਹੇ ਹਨ।

### ਹੁਣ ਅੱਗੇ ਕੀ?

ਹਰਜਿੰਦਰ ਸਿੰਘ ਧਾਮੀ ਵੱਲੋਂ ਅੰਤ੍ਰਿੰਗ ਕਮੇਟੀ ਨੂੰ ਅਸਤੀਫਾ ਭੇਜੇ ਜਾਣ ਤੋਂ ਬਾਅਦ ਹੁਣ ਕਮੇਟੀ ਛੇਤੀ ਬੈਠਕ ਬੁਲਾ ਕੇ ਅਸਤੀਫ਼ਾ ਮਨਜ਼ੂਰ ਜਾਂ ਨਾਮਨਜ਼ੂਰ ਕਰਨ 'ਤੇ ਫ਼ੈਸਲਾ ਕਰੇਗੀ। ਅਸਤੀਫ਼ਾ ਮਨਜ਼ੂਰ ਕਰਨ ਦੀ ਸਥਿਤੀ 'ਚ ਅੰਤ੍ਰਿੰਗ ਕਮੇਟੀ ਦੇ ਮੈਂਬਰ ਉਨ੍ਹਾਂ ਨੂੰ ਅਗਲੇ ਪ੍ਰਧਾਨ ਦੀ ਚੋਣ ਤੱਕ ਕਾਰਜਕਾਰੀ ਪ੍ਰਧਾਨ ਬਣੇ ਰਹਿਣ ਦੀ ਅਪੀਲ ਕਰ ਸਕਦੀ ਹੈ। ਉਨ੍ਹਾਂ ਦੇ ਰਾਜ਼ੀ ਹੋਣ 'ਤੇ ਚੋਣ ਇਜਲਾਸ ਬੁਲਾਉਣ ਦੀ ਤਿਆਰੀ ਕੀਤੀ ਜਾ ਸਕਦੀ ਹੈ, ਉਦੋਂ ਤੱਕ ਕਾਰਜਕਾਰਨੀ ਦੇ ਕਿਸੇ ਹੋਰ ਅਹੁਦੇਦਾਰ ਨੂੰ ਕਾਰਜਕਾਰੀ ਪ੍ਰਧਾਨ ਬਣਾਇਆ ਜਾ ਸਕਦਾ ਹੈ।

### ਧਾਮੀ ਦਾ ਅਸਤੀਫ਼ਾ ਮੰਦਭਾਗਾ ਕਰਾਰ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਦਿੱਤਾ ਅਸਤੀਫ਼ਾ ਬਹੁਤ ਮੰਦਭਾਗਾ ਹੈ। ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਗਿਆਨੀ ਕੇਵਲ ਸਿੰਘ ਸਾਬਕਾ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ, ਕੋ-ਕਨਵੀਨਰ ਜਸਵਿੰਦਰ ਸਿੰਘ ਐਡਵੋਕੇਟ ਨੇ ਕਿਹਾ



ਗਿਆਨੀ ਕੇਵਲ ਸਿੰਘ

ਕਿ ਇਸ ਤੋਂ ਸਿੱਧਾ ਸਪੱਸ਼ਟ ਹੁੰਦਾ ਹੈ ਕਿ ਉਹਨਾਂ ਉੱਪਰ ਕਿੰਨਾ ਦਬਾਅ ਸੀ ਤੇ ਹੋਵੇਗਾ।

ਇਸ ਦੇ ਨਾਲ ਗਿਆਨੀ ਹਰਪ੍ਰੀਤ ਸਿੰਘ ਦੇ ਮਸਲੇ ਉੱਤੇ ਬਣੀ ਤਿੰਨ ਮੈਂਬਰੀ ਕਮੇਟੀ ਦੀ ਰਿਪੋਰਟ ਮੰਗਵਾ ਕੇ ਸਪੱਸ਼ਟੀਕਰਨ ਲੈਣ ਜਿਨ੍ਹਾਂ ਨੇ ਬਿਨਾਂ ਸਿਰ-ਪੈਰ ਰਿਪੋਰਟ ਦੇ ਕੇ ਪੰਥਕ ਸੰਸਥਾਵਾਂ ਲਈ ਵੱਡਾ ਸੰਕਟ ਪੈਦਾ ਕੀਤਾ ਤੇ ਪੰਥਕ ਸੰਸਥਾਵਾਂ ਨੂੰ ਇਕ ਵਿਅਕਤੀ ਵਿਸ਼ੇਸ ਲਈ ਦਾਅ 'ਤੇ ਲਾਇਆ ਹੈ। ਸੱਤ ਮੈਂਬਰੀ ਕਮੇਟੀ ਨੂੰ ਕੰਮ ਕਰਨ ਲਈ ਕਹਿਣਾ ਚਾਹੀਦਾ ਹੈ।

# ਅਮਰੀਕਾ 'ਚ 20 ਹਜ਼ਾਰ ਤੋਂ ਵੱਧ ਹੋਰ ਭਾਰਤੀਆਂ 'ਤੇ ਵਾਪਸੀ ਦਾ ਖ਼ਤਰਾ

## *ਏਜੰਸੀਆਂ ਨੇ 'ਡਿਪੋਰਟੇਸ਼ਨ' ਦੀ ਕਾਰਵਾਈ ਹੋਰ ਤੇਜ਼ ਕੀਤੀ*

**ਸਿਆਟਲ:** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਕੀਤੇ ਹੁਕਮਾਂ ਦੀ ਪਾਲਣਾ ਕਰਦੇ ਹੋਏ 'ਆਈਸ' ਬਾਰਡਰ ਸਕਿਉਰਿਟੀ ਤੇ ਕਸਟਮ ਅਤੇ ਇਮੀਗ੍ਰੇਸ਼ਨ ਮਹਿਕਮੇ ਵਲੋਂ ਕੀਤੀ ਜਾ ਰਹੀ ਫੜੋ-ਫੜਾਈ ਦੇ ਚਲਦਿਆਂ ਬਗੈਰ ਪੇਪਰਾਂ ਤੋਂ ਰਹਿ ਰਹੇ ਲੋਕਾਂ ਦੀ ਸ਼ਾਮਤ ਆਈ ਹੋਈ ਹੈ। ਇਮੀਗ੍ਰੇਸ਼ਨ ਤੇ ਭਰੋਸੇਯੋਗ ਸੂਤਰਾ ਮੁਤਾਬਿਕ ਅਮਰੀਕਾ ਵਿਚ ਸਵਾ ਸੱਤ ਲੱਖ ਗੈਰ-ਕਾਨੂੰਨੀ ਭਾਰਤੀ ਰਹਿ ਰਹੇ ਹਨ. ਜਿਨ੍ਹਾਂ ਵਿਚੋਂ ਤਕਰੀਬਨ 20 ਹਜ਼ਾਰ ਲੋਕਾਂ ਉਤੇ 'ਡਿਪੋਰਟੇਸ਼ਨ' (ਜਬਰੀ ਵਾਪਸ ਭੇਜਣ ਦਾ ਹੁਕਮ) ਲੱਗੀ ਹੋਈ ਹੈ। ਸੂਤਰਾਂ ਮੁਤਾਬਿਕ 17,940 ਲੋਕਾਂ ਦੇ ਪੈਰਾਂ ਵਿਚ ਆਈਸ ਨੇ ਟਰੈਕਰ ਨੇਵੀਗੇਸ਼ਨ ਲਗਾਏ ਹੋਏ ਹਨ। ਉਹ ਜਦੋਂ ਮਰਜ਼ੀ ਇਨ੍ਹਾਂ ਨੂੰ ਬੁਲਾ ਕੇ ਜਹਾਜ਼ੇ ਚੜ੍ਹਾ ਸਕਦੇ ਹਨ।

'ਐਕਸਪੀਡਾਈਟਡ ਰਿਮੂਵਲ' ਦਾ ਨਾਂਅ ਦੇ ਕੇ ਕਾਨੂੰਨ ਵਿੱਚ ਸੋਧ ਕੀਤੀ ਗਈ ਹੈ, ਜਿਸ ਨਾਲ ਜਿਨ੍ਹਾਂ ਲੋਕਾਂ ਦੇ ਸ਼ਰਨਾਰਥੀ ਕੇਸ ਚੱਲ ਰਹੇ ਹਨ। ਹੁਣ 'ਆਈਸ' ਅਧਿਕਾਰੀ ਉਨ੍ਹਾਂ ਨੂੰ ਬੁਲਾ ਕੇ ਉਨ੍ਹਾਂ ਦਾ ਕੇਸ ਸੁਣਨਗੇ ਅਤੇ ਉਸ ਅਧਿਕਾਰੀ ਕੋਲ ਸ਼ਕਤੀ ਹੋਵੇਗੀ ਕਿ ਉਹ ਕੇਸ ਨੂੰ ਪਾਸ ਜਾਂ ਫੇਲ੍ਹ ਕਰ ਸਕਦਾ ਹੈ, ਜਿਸ ਨੂੰ ਹੁਣ ਜੱਜ ਕੋਲ ਜਾਣ ਦੀ ਲੋੜ ਨਹੀਂ ਪਵੇਗੀ। ਭਰੋਸੇਯੋਗ ਸੂਤਰਾਂ ਮੁਤਾਬਿਕ ਆਉਣ ਵਾਲੇ ਦਿਨਾਂ ਵਿਚ ਗ਼ੈਰ-ਕਾਨੂੰਨੀ ਭਾਰਤੀ ਜੋ ਤਕਰੀਬਨ 20 ਹਜ਼ਾਰ ਤੋਂ ਵੱਧ ਹਨ, ਉਨ੍ਹਾਂ ਨੂੰ ਭਾਰਤ ਭੇਜਣ ਦੀ ਪ੍ਰਕਿਰਿਆ ਤੇਜ਼ ਕਰ ਦਿੱਤੀ ਜਾਵੇਗੀ। ਆਉਣ ਵਾਲੇ ਦਿਨਾਂ 'ਚ ਗ਼ੈਰ-ਕਾਨੂੰਨੀ ਭਾਰਤੀਆਂ ਦੇ ਹੋਰ ਜਹਾਜ਼ ਆਉਣਗੇ।

ਅਮਰੀਕਾ ਵਿਚ ਹੋਇਆ ਹੈ ਤੇ ਉਨ੍ਹਾਂ ਨੇ ਕੇਸ ਵੀ ਲਗਾ ਰੱਖੇ ਹਨ ਅਤੇ ਉਨ੍ਹਾਂ ਕੋਲ ਵਰਕ ਪਰਮਿਟ ਵੀ ਹਨ, ਉਹ ਵੀ ਸਾਰੇ। ਵਾਪਸ ਭਾਰਤ ਆਉਣਗੇ। ਹੁਣ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਡੋਨਲਡ ਟਰੰਪ ਨਾਲ ਸਹਿਮਤੀ ਪ੍ਰਗਟਾਈ ਹੈ ਕਿ ਗ਼ੈਰ-ਕਾਨੂੰਨੀ ਤਰੀਕੇ ਨਾਲ ਰਹਿਣਾ ਬਿਲਕੁਲ ਗਲਤ ਹੈ। ਹੁਣ ਏਜੰਸੀਆਂ ਨੇ 'ਡਿਪੋਰਟੇਸ਼ਨ' ਦੀ ਕਾਰਵਾਈ ਹੋਰ ਤੇਜ਼ ਕਰ ਦਿੱਤੀ ਹੈ। ਦੂਜੇ ਪਾਸੇ, ਜਿਨ੍ਹਾਂ ਲੋਕਾਂ ਨੂੰ ਵਰਕ ਪਰਮਿਟ ਵੀ ਮਿਲੇ ਹਨ ਤੇ ਉਨ੍ਹਾਂ ਦੀਆਂ ਕੋਰਟ ਦੀਆਂ ਤਰੀਕਾਂ ਲੱਗੀਆਂ ਹੋਈਆਂ ਹਨ, ਉਨ੍ਹਾਂ ਨੂੰ 'ਆਈਸ' ਅਧਿਕਾਰੀਆਂ ਨੇ ਬੁਲਾਉਣਾ ਸ਼ੁਰੂ ਕਰ ਦਿੱਤਾ ਹੈ ਤੇ ਉਨ੍ਹਾਂ ਦੇ ਕੇਸ ਦੀ ਸੁਣਵਾਈ ਹੁਣ 'ਆਈਸ' ਅਧਿਕਾਰੀ ਹੀ ਕਰ ਰਹੇ ਹਨ। ਤੇ ਕਾਫ਼ੀ ਲੋਕਾਂ ਦੇ ਕੇਸ 2 ਸਾਲ ਤੋਂ ਘੱਟ ਸਮੇਂ ਤੋਂ ਅਮਰੀਕਾ ਵਿਚ ਰਹਿ ਰਹੇ ਹਨ, ਕੇਸ ਫੇਲ੍ਹ ਕਰਕੇ ਉਨ੍ਹਾਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਕਰ ਦਿੱਤੀਆਂ ਹਨ ਅਤੇ ਉਨ੍ਹਾਂ ਨੂੰ ਵਾਪਸ ਉਨ੍ਹਾਂ ਦੇ ਮੁਲਕਾਂ ਨੂੰ ਭੇਜ ਦਿੱਤਾ ਜਾਵੇਗਾ। ਇਹ ਕੋਈ ਅਤਿ-ਕਥਨੀ ਨਹੀਂ ਹੋਵੇਗੀ ਕਿ ਆਉਂਦੇ ਦਿਨਾਂ ਵਿਚ ਗ਼ੈਰ-ਕਾਨੂੰਨੀ ਭਾਰਤੀਆਂ ਦੇ ਹੋਰ ਜਹਾਜ਼ ਭਾਰਤ ਆਉਣਗੇ। ਇਨ੍ਹਾਂ ਵਿਚ ਸਭ ਤੋਂ ਜ਼ਿਆਦਾ ਪੰਜਾਬੀ, ਹਰਿਆਣਵੀ ਤੇ ਗੁਜਰਾਤੀ ਸ਼ਾਮਿਲ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਸਰਵਣ ਸਿੰਘ ਟਿਵਾਣਾ | ਡਾ. ਗੁਰਚਰਨ ਸਿੰਘ ਗਰੇਵਾਲ | ਅਮਰੀਕ ਸਿੰਘ (ਅਮਰ ਕਾਰਪੇਟ) |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਜੈਦੇਵ ਸਿੰਘ ਭੱਠਲ | ਗੁਰਦੇਵ ਸਿੰਘ ਜੌੜਾ | ਅੰਮ੍ਰਿਤਪਾਲ ਸਿੰਘ ਸੰਘਾ |
| ਜਸਬੀਰ ਕੌਰ ਢਿੱਲੋਂ | ਪਰਮਿੰਦਰ ਸਿੰਘ ਵਾਲੀਆ | ਰਾਜਿੰਦਰ ਸਿੰਘ ਬੈਂਸ | ਭੁਪਿੰਦਰ ਸਿੰਘ ਧਾਲੀਵਾਲ |
| ਡਾ. ਇਨਕਲਾਬੀ ਥਾਂਦੀ | ਡਾ. ਹਰਗੁਰਮੁਖਪਾਲ ਸਿੰਘ | ਮਨਦੀਪ ਸਿੰਘ ਭੂਰਾ | ਹਰਵਿੰਦਰਪਾਲ ਸਿੰਘ ਲੈਲ |
| ਦਰਸ਼ਨ ਸਿੰਘ ਗਰੇਵਾਲ | ਡਾ. ਤੇਜਿੰਦਰ ਸਿੰਘ ਮੰਡੇਰ | ਗੁਲਜ਼ਾਰ ਸਿੰਘ ਮੁਲਤਾਨੀ | ਜਗਜੀਤ ਸਿੰਘ ਢੀਂਡਸਾ |
| ਹਰਦਿਆਲ ਸਿੰਘ ਦਿਓਲ | ਜਗਦੀਸ਼ਰ ਸਿੰਘ ਕਲੇਰ | ਅਵਤਾਰ ਸਿੰਘ ਸਪਰਿੰਗਫੀਲਡ | ਸੁਖਮੇਲ ਸਿੰਘ ਅਟਵਾਲ |
| ਡਾ. ਗੁਰਦਿਆਲ ਸਿੰਘ ਬਸਰਾਨ | ਰਘਬੀਰ ਸਿੰਘ ਘੁੰਨ | ਗੁਰਵੀਰ ਸਿੰਘ ਗਿੱਲ | ਮੁਖਤਿਆਰ ਸਿੰਘ (ਹੈਪੀ ਹੀਰ) |
| ਹਰਜੀਤ ਸਿੰਘ ਸਾਹੀ | ਦਰਸ਼ਨ ਸਿੰਘ ਦਰੜ | ਜਸਕਰਨ ਸਿੰਘ ਧਾਲੀਵਾਲ | ਅਮੋਲਕ ਸਿੰਘ ਗਾਖਲ |
| | | | ਜਸਵਿੰਦਰ ਸਿੰਘ (ਜੱਸੀ) ਗਿੱਲ |
| | | | ਸੁਰਿੰਦਰ ਸਿੰਘ ਸੁੰਨੜ |

# ਪੰਥਕ ਅਹੁਦੇ ਤੋਂ ਅਸਤੀਫ਼ਾ ਮੁਸ਼ਕਲ ਦਾ ਹੱਲ ਨਹੀਂ



**ਸ੍ਰੀ ਅਨੰਦਪੁਰ ਸਾਹਿਬ:** ਮੌਜੂਦਾ ਪੰਥਕ ਹਾਲਾਤ ਤੇ ਬਣੇ ਸੰਕਟ 'ਤੇ ਡੂੰਘੀ ਚਿੰਤਾ ਪ੍ਰਗਟਾਉਂਦਿਆਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪ੍ਰਧਾਨਗੀ ਦੇ ਅਹੁਦੇ ਤੋਂ ਰਵਾਂ-ਰਵੀ ਚੱਲਦੇ ਕੰਮ 'ਚ ਅਸਤੀਫ਼ਾ ਕਿਹੜੀਆਂ ਮੁਸ਼ਕਲਾਂ ਕਾਰਨ ਮਜਬੂਰੀ 'ਚ ਦਿੱਤਾ, ਉਹ ਵੀ ਪੰਥ ਨਾਲ ਸਾਂਝੀ ਕਰਨ ਦੀ ਅੱਜ ਲੋੜ ਹੈ। ਧਾਮੀ ਦਾ ਅਸਤੀਫ਼ਾ ਦੋਹਰੇ ਮਾਪ ਦੰਡ ਵਾਲਾ ਹੈ ਪਰ ਇਸ ਨਾਲ ਸਮੱਸਿਆ ਦਾ ਹੱਲ ਹੁਣ ਵਾਲਾ ਨਹੀਂ। ਉਨਾਂ ਕਿਹਾ ਸਵਾਲ ਪੈਦਾ ਹੁੰਦਾ ਹੈ ਕਿ ਜਥੇਦਾਰ ਗਿ. ਹਰਪ੍ਰੀਤ ਸਿੰਘ ਨੂੰ ਅਹੁਦੇ ਤੋਂ ਬਰਖ਼ਾਸਤ ਕਰਨ ਵੇਲੇ ਤਖ਼ਤ ਸਾਹਿਬ ਦੇ ਜਥੇਦਾਰਾਂ ਦਾ ਸਤਿਕਾਰ ਕਿਉਂ ਨਾ ਕਾਇਮ ਰੱਖਣ ਦਾ ਖ਼ਿਆਲ ਆਇਆ।

# ਧਾਮੀ ਦੇ ਅਸਤੀਫ਼ੇ ਨੇ ਪੰਥਕ ਸੰਕਟ ਨੂੰ ਕੀਤਾ ਹੋਰ ਡੂੰਘਾ

**ਚੰਡੀਗੜ੍ਹ:** ਅਕਾਲੀ ਆਗੂ ਗੁਰਪ੍ਰਤਾਪ ਸਿੰਘ ਵਡਾਲਾ, ਸੁਰਜੀਤ ਸਿੰਘ ਰੱਖੜਾ, ਸੁੱਚਾ ਸਿੰਘ ਛੋਟੇਪੁਰ, ਪਰਮਿੰਦਰ ਸਿੰਘ ਢੀਂਡਸਾ ਅਤੇ ਚਰਨਜੀਤ ਸਿੰਘ ਬਰਾੜ ਨੇ ਸਾਂਝੇ ਬਿਆਨ ਵਿਚ ਐੱਸਜੀਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੇ ਅਸਤੀਫ਼ੇ ਨੂੰ ਮੰਦਭਾਗਾ ਕਰਾਰ ਦਿੱਤਾ ਹੈ। ਆਗੂਆਂ ਨੇ ਕਿਹਾ ਕਿ ਧਾਮੀ ਦੇ ਅਸਤੀਫ਼ੇ ਨਾਲ ਪੰਥਕ ਸੰਕਟ ਹੋਰ ਡੂੰਘਾ ਹੋਵੇਗਾ।

ਆਗੂਆਂ ਨੇ ਕਿਹਾ ਕਿ ਪਹਿਲਾਂ ਹੀ ਇੱਕ ਕਾਬਜ਼ ਧਿਰ ਦੇ ਪੰਥਕ ਭਾਵਨਾ ਦੇ ਉਲਟ ਕੀਤੇ ਜਾ ਰਹੇ ਗੁਨਾਹਾਂ ਕਾਰਨ ਸਿੱਖ ਕੌਮ ਦੀਆਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀਆਂ ਅਗਵਾਈ ਕਰਨ ਵਾਲਿਆਂ ਸੰਸਥਾਵਾਂ ਨੂੰ ਚੁਣੌਤੀ ਪੇਸ਼ ਕੀਤੀ ਜਾ ਰਹੀ ਹੈ, ਇਸ ਵਿਚਕਾਰ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਿਰੜ ਨਾਲ ਨਿਭਾਉਣ ਦੀ ਬਜਾਏ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਅਸਤੀਫ਼ਾ ਦੇਣਾ ਸੰਗਤ ਦੀਆਂ ਭਾਵਨਾਵਾਂ ਨਾਲ ਇਨਸਾਫ਼ ਨਹੀਂ ਹੋਵੇਗਾ। ਆਗੂਆਂ ਨੇ ਕਿਹਾ ਕਿ ਜੇਕਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਹੁਕਮ ਨੂੰ ਬਿਨਾਂ ਦੇਰ ਕੀਤੇ ਕਾਰਜਸ਼ੀਲ ਕਰ ਜਿਆ ਜਾਂਦਾ ਤਾਂ ਸ਼ਾਇਦ ਅੱਜ ਨਾ ਤਾਂ ਅਸਤੀਫਾ ਦੇਣ ਦੀ ਜ਼ਰੂਰਤ ਪੈਂਦੀ ਅਤੇ ਨਾ ਹੀ ਉਸ ਕਾਬਜ ਧਿਰ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚੁਣੌਤੀ ਮਿਲਦੀ।

ਆਗੂਆਂ ਨੇ ਧਾਮੀ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਸੰਗਤ ਦੀਆਂ ਭਾਵਨਾਵਾਂ ਦੀ ਰਾਖੀ ਕਰਦੇ ਹੋਏ ਆਪਣਾ ਅਸਤੀਫਾ ਵਾਪਸ ਲੈਣ ਅਤੇ ਪਿਛਲੇ ਦਿਨਾਂ ਵਿੱਚ ਹੋਏ ਪੰਥ ਵਿਰੋਧੀ ਫੈਸਲਿਆਂ ਨੂੰ ਰੱਦ ਕਰਦੇ ਹੋਏ ਮਜ਼ਬੂਤ ਅਗਵਾਈ ਵਾਲੀ ਭੂਮਿਕਾ ਨਿਭਾਉਣ, ਜਿਸ ਲਈ ਸਮੁੱਚੀ ਕੌਮ ਉਮੀਦ ਕਰਦੀ ਹੈ।

ਆਗੂਆਂ ਨੇ ਕਿਹਾ ਕਿ ਅਸਤੀਫ਼ਾ ਮਸਲਿਆਂ ਦਾ ਹੱਲ ਨਹੀਂ, ਇਸ ਕਰਕੇ ਪੰਥ ਦੇ ਵਡੇਰੇ ਹਿੱਤਾਂ ਦੀ ਤਰਜਮਾਨੀ ਕਰਦੇ ਹੋਏ ਨਾ ਸਿਰਫ ਧਾਮੀ ਸਾਹਿਬ ਆਪਣਾ ਅਸਤੀਫ਼ਾ ਵਾਪਿਸ ਲੈਣ ਸਗੋ ਸੱਤ ਮੈਂਬਰੀ ਭਰਤੀ ਕਮੇਟੀ ਦੀ ਅਗਵਾਈ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਨੂੰ ਤਕੜਾ ਕਰਨ ਵਿੱਚ ਆਪਣਾ ਰੋਲ ਅਦਾ ਕਰਨ।

# ਕਾਲਕਾ ਵਲੋਂ ਧਾਮੀ ਦੇ ਅਸਤੀਫ਼ੇ ਦਾ ਸਵਾਗਤ



**ਅੰਮ੍ਰਿਤਸਰ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਰਨਲ ਸਕੱਤਰ ਜਗਦੀਪ ਸਿੰਘ ਕਾਹਲੋ ਨੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਦਾ ਸਵਾਗਤ ਕਰਦੇ ਹੋਏ ਇਸ ਨੂੰ ਦੇਰ ਨਾਲ ਸਹੀ ਪਰ ਅੰਦਰੂਨੀ ਆਵਾਜ਼ ਸੁਣ ਕੇ ਲਿਆ ਗਿਆ ਫ਼ੈਸਲਾ ਦੱਸਿਆ ਹੈ।

ਕਾਲਕਾ ਤੇ ਕਾਹਲੋਂ ਨੇ ਕਿਹਾ ਕਿ ਹਾਲਾਂ ਕਿ ਧਾਮੀ ਨੂੰ 2 ਦਸੰਬਰ ਨੂੰ ਹੀ ਆਪਣਾ ਅਹੁਦਾ ਛੱਡਣਾ ਚਾਹੀਦਾ ਸੀ, ਜਦੋਂ ਸ਼੍ਰੋਮਣੀ ਅਕਾਲੀ ਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਬਣਾਈ ਗਈ 7 ਮੈਂਬਰਾਂ ਦੀ ਟੀਮ ਦੇ ਗਠਨ ਸਮੇਤ ਹੋਰ ਫ਼ੈਸਲੇ ਨੂੰ ਪਾਸੇ ਕਰਕੇ ਸਿਰਫ਼ ਇਕ ਪਰਿਵਾਰ ਨੂੰ ਬਚਾਉਣ ਲਈ ਕੌਮ ਨੂੰ ਦਾਅ 'ਤੇ ਲਗਾ ਦਿੱਤਾ। ਉਸ ਤੋਂ ਬਾਅਦ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ 'ਤੇ ਬੇਬੁਨਿਆਦ ਦੋਸ਼ ਇਕ ਐਸੇ ਵਿਅਕਤੀ ਵੱਲੋਂ ਲਗਾਏ ਗਏ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤਨਖਾਹੀਆ ਸੀ ਪਰ ਉਸ ਨੂੰ ਆਧਾਰ ਬਣਾ ਕੇ ਉਨ੍ਹਾਂ ਦੀ ਜਾਂਚ ਲਈ 3 ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ। ਗਿਆ। ਉਸ ਸਮੇਂ ਵੀ ਧਾਮੀ ਨੂੰ ਇਸ ਦਾ ਵਿਰੋਧ ਕਰਦੇ ਹੋਏ ਆਪਣਾ ਪਦ ਛੱਡ ਦੇਣਾ ਚਾਹੀਦਾ ਸੀ ਪਰ ਚਲੋ ਦੇਰ ਨਾਲ ਸਹੀ, ਜਿਸ ਤਰ੍ਹਾਂ ਧਾਮੀ ਨੇ ਆਪਣੀ ਅੰਦਰੂਨੀ ਆਵਾਜ਼ ਸੁਣ ਕੇ ਫ਼ੈਸਲਾ ਲਿਆ ਤੇ ਆਪਣੇ ਅਹੁਦੇ ਤੋਂ ਅਸਤੀਫ਼ਾ ਦਿੱਤਾ, ਉਸ ਨਾਲ ਉਹਨਾਂ ਦੀ ਇੱਜ਼ਤ ਵਿਚ ਵਾਧਾ ਹੋਇਆ ਹੈ। ਅਸਤੀਫ਼ਾ ਦੇਣ ਨਾਲ ਦਿੱਲੀ ਕਮੇਟੀ ਪ੍ਰਬੰਧਕਾਂ ਨੂੰ ਕੁਝ ਹੱਦ ਤੱਕ ਦੁਖ ਵੀ ਹੋਇਆ ਹੈ ਕਿਉਂਕਿ ਹਰਜਿੰਦਰ ਸਿੰਘ ਧਾਮੀ ਇਕ ਇਮਾਨਦਾਰ ਅਤੇ ਸੂਝਵਾਨ ਵਿਅਕਤੀ ਹਨ ਅਤੇ ਉਹ ਦਿੱਲੀ ਕਮੇਟੀ 'ਚ ਵੀ ਮੈਂਬਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਹੁਣ ਧਾਮੀ ਨੂੰ ਚਾਹੀਦਾ ਹੈ ਕਿ ਉਹ ਆਪਣੇ ਸਟੈਂਡ 'ਤੇ ਕਾਇਮ ਰਹਿਣ, ਕਿਉਂਕਿ ਆਮ ਤੌਰ 'ਤੇ ਦੇਖਿਆ ਜਾਂਦਾ ਹੈ ਕਿ ਜਦੋਂ ਵੀ ਕੋਈ ਵਿਅਕਤੀ ਬਾਦਲ ਪਰਿਵਾਰ ਜਾਂ ਅਕਾਲੀ ਦਲ ਤੋਂ ਬਾਹਰ ਜਾਂਦਾ ਹੈ ਤਾਂ ਉਸ 'ਤੇ ਕਿਸੇ ਤਰ੍ਹਾਂ ਦੇ ਦੋਸ਼ ਇਹਨਾਂ ਦੇ ਚਾਪਲੂਸਾਂ ਵੱਲੋਂ ਲਗਾਏ ਜਾਂਦੇ ਹਨ ਜੋ ਸ਼ਾਇਦ ਬਹੁਤ ਜਲਦ ਧਾਮੀ 'ਤੇ ਵੀ ਲਗਾਏ ਜਾ ਸਕਦੇ ਹਨ ਪਰ ਉਹਨਾਂ ਨੂੰ ਪਹਿਲਾਂ ਹੀ ਇਸ ਲਈ ਤਿਆਰ ਰਹਿਣਾ ਹੋਵੇਗਾ।

# ਅਮਰੀਕਾ ਤੋਂ ਡਿਪੋਰਟ ਹੋ ਕੇ ਆਇਆ ਪੁਲਿਸ ਮੁਲਾਜ਼ਮ ਦਾ ਪੁੱਤਰ ਗ੍ਰਿਫ਼ਤਾਰ

**ਲੁਧਿਆਣਾ:** ਅਮਰੀਕਾ 'ਚ ਗ਼ੈਰ ਕਾਨੂੰਨੀ ਢੰਗ ਨਾਲ ਰਹਿ ਰਹੇ ਲੋਕਾਂ ਨੂੰ ਡਿਪੋਰਟ ਕਰਨ ਦੇ ਦੂਜੇ ਪੜਾਅ 'ਚ ਭਾਰਤ ਪੁੱਜੇ ਗੁਰਵਿੰਦਰ ਸਿੰਘ ਨਾਮ ਦੇ ਨੌਜਵਾਨ ਨੂੰ ਬੀਤੀ ਦੇਰ ਰਾਤ ਮਹਾਨਗਰ ਦੇ ਥਾਣਾ ਜਮਾਲਪੁਰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਗ੍ਰਿਫ਼ਤਾਰ ਕੀਤਾ ਗਿਆ -।ਗੁਰਵਿੰਦਰ ਸਿੰਘ ਸਥਾਨਕ ਮਿਹਰਬਾਨ ਇਲਾਕੇ ਦਾ ਰਹਿਣ ਵਾਲਾ ਹੈ। ਪੁਲਿਸ ਨੇ ਗੁਰਵਿੰਦਰ ਨੂੰ ਲੁੱਟ ਦੇ ਇੱਕ ਮਾਮਲੇ ਵਿੱਚ ਲੋੜੀਦਾ ਹੋਣ ਕਾਰਨ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਕੀਤੇ ਗਏ ਗੁਰਵਿੰਦਰ ਦੇ ਪਰਿਵਾਰਕ ਸੂਤਰਾਂ ਮੁਤਾਬਕ ਉਸਨੂੰ ਅਮਰੀਕਾ ਭੇਜਣ ਲਈ ਪਰਿਵਾਰ ਵਾਲਿਆਂ ਨੇ ਟਰੈਵਲ ਏਜੰਟ ਨੂੰ 45 ਲੱਖ ਰੁਪਏ ਤੋਂ ਵੀ ਵੱਧ ਦਾ ਭੁਗਤਾਨ ਕੀਤਾ ਸੀ। ਗੁਰਵਿੰਦਰ ਦਾ ਭਰਾ ਪਹਿਲਾਂ ਹੀ ਕੈਨੇਡਾ ਗਿਆ ਹੋਇਆ ਸੀ ਅਤੇ ਆਪਣੇ ਭਰਾ ਦੀ ਤਰ੍ਹਾਂ ਉਹ ਵੀ ਅਮਰੀਕਾ ਜਾ ਕੇ ਵਸਣ ਦੀ ਆਸ ਨਾਲ ਗਿਆ ਸੀ। ਦੱਸਣਯੋਗ ਹੈ ਕਿ ਪੰਜਾਬ ਪੁਲਿਸ ਵਿੱਚ ਬਤੌਰ ਕਾਂਸਟੇਬਲ ਤੈਨਾਤ ਗੁਰਵਿੰਦਰ ਦੇ ਪਿਤਾ ਦਾਰੀ ਸਿੰਘ ਨੂੰ ਸ਼ਨੀਵਾਰ ਦੇਰ ਰਾਤ ਪਤਾ ਲੱਗਾ ਕਿ ਗੁਰਵਿੰਦਰ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਣ ਕਾਰਨ ਹਿਰਾਸਤ ਵਿੱਚ ਲਿਆ ਗਿਆ ਹੈ ਅਤੇ ਉਸ ਨੂੰ ਵਾਪਸ ਭਾਰਤ ਭੇਜਿਆ ਜਾਣਾ ਹੈ। ਜਾਣਕਾਰੀ ਮੁਤਾਬਕ ਗੁਰਵਿੰਦਰ ਨੇ 7 ਅਮਰੀਕਾ ਜਾਣ ਲਈ ਦਿੱਲੀ ਅਤੇ ਦੁਬਈ ਮੈਂਢੰਗਾਂ ਨਾਲ 45 ਲੱਖ ਰੁਪਏ ਤੋਂ ਵੀ ਵੱਧ ਦਿੱਤਾ ਸੀ, ਪਰ ਅਮਰੀਕਾ ਪੁੱਜਣ ਦੇ ਕੁਝ ਦਿਨ ਬਾਅਦ ਹੀ ਉਹ ਉਥੋਂ ਦੀ ਪੁਲਿਸ ਦਿਨ ਨਜ਼ਰ ਵਿਚ ਆ ਗਿਆ।



## ਜਨਵਰੀ ਮਹੀਨੇ ਅਮਰੀਕੀ ਅਧਿਕਾਰੀਆਂ ਨੇ ਕੀਤਾ ਸੀ ਗ੍ਰਿਫ਼ਤਾਰ

ਜਾਣਕਾਰੀ ਮੁਤਾਬਕ ਗੁਰਵਿੰਦਰ ਦੇ ਅਮਰੀਕਾ ਜਾਣ ਦਾ ਸਫਰ ਕਰੀਬ ਢਾਈ ਤਿੰਨ ਮਹੀਨੇ ਪਹਿਲਾਂ ਸ਼ੁਰੂ ਹੋਇਆ ਅਤੇ ਜਨਵਰੀ ਦੇ ਆਖਰੀ ਹਫਤੇ ਉਹ ਮੈਕਸਿਕੋ ਅਤੇ ਅਮਰੀਕਾ ਦਾ ਬਾਰਡਰ ਪਾਰ ਕਰਨ। ਮੌਕੇ ਅਮਰੀਕੀ ਅਧਿਕਾਰੀਆਂ ਦੇ ਹੱਥ ਚੜ੍ਹ ਗਿਆ। ਪਰਿਵਾਰਕ ਸੂਤਰਾਂ ਮੁਤਾਬਕ ਗੁਰਵਿੰਦਰ ਆਪਣੇ ਪਿਤਾ ਨਾਲ ਕਾਫੀ ਸਮੇਂ ਤੋਂ ਆਪਣੀ ਪਰਿਵਾਰਕ ਜਾਇਦਾਦ ਵਿੱਚੋਂ ਹਿੱਸਾ ਲੈ ਕੇ ਕੰਮ ਕਰਨ ਲਈ ਜਿੱਦ ਕਰ ਰਿਹਾ ਸੀ।

ਪੰਜਾਬ ਪੁਲਿਸ ਵਿੱਚ ਨੌਕਰੀ ਕਰ ਰਹੇ ਉਸਦੇ ਪਿਤਾ ਨੇ ਇਧਰੋਂ ਉਧਰੋਂ ਕਰਜਾ ਚੁੱਕ ਕੇ 45 ਲੱਖ ਰੁਪਏ ਏਜੰਟਾਂ ਨੂੰ ਦੇ ਕੇ ਗੁਰਵਿੰਦਰ ਨੂੰ ਅਮਰੀਕਾ ਭੇਜਣ ਦਾ ਬੰਦੋਬਸਤ ਕੀਤਾ ਸੀ। ਪਰਿਵਾਰ ਦੀ ਜਾਣਕਾਰੀ ਮੁਤਾਬਕ ਗੁਰਵਿੰਦਰ ਦਾ ਲੁਧਿਆਣਾ ਵਿਚ ਨਜ਼ਦੀਕੀਆਂ ਨਾਲ ਕਲੇਸ਼ ਚੱਲ ਰਿਹਾ ਸੀ ਅਤੇ ਉਸਦੇ ਪਰਿਵਾਰ ਤੋਂ ਦੂਰ ਅਮਰੀਕਾ ਜਾ ਕੇ ਕੈਰੀਅਰ ਬਣਾਉਣ ਦੀ ਜਿੱਦ ਕੀਤੀ।

# ਲੂੰ-ਕੰਡੇ ਖੜ੍ਹੇ ਕਰ ਦਿੰਦੀ ਹੈ ਅਮਰੀਕਾ ਤੋਂ ਆਏ ਨੌਜਵਾਨ ਦੀ ਹੱਡਬੀਤੀ



**ਬੰਡਾਲਾ:** ਅਮਰੀਕਾ ਤੋਂ ਡਿਪੋਰਟ ਹੋਏ ਕਸਬਾ ਬੰਡਾਲਾ ਦੇ ਨੌਜਵਾਨ ਜਤਿੰਦਰ ਸਿੰਘ ਦੀ ਹੱਡਬੀਤੀ ਸੁਣ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ। ਉਸ ਨੇ ਦੱਸਿਆ ਕਿ 5 ਮਹੀਨੇ ਪਹਿਲਾਂ ਘਰੋਂ ਏਜੰਟ ਨਾਲ ਸਿੱਧੇ ਤੌਰ 'ਤੇ ਅਮਰੀਕਾ ਭੇਜਣ ਸਬੰਧੀ ਗੱਲਬਾਤ ਹੋਈ ਸੀ। ਫਿਰ ਏਜੰਟ ਕਹਿਣ ਲੱਗਾ ਕਿ ਤੁਹਾਨੂੰ ਵੱਖ-ਵੱਖ ਦੇਸ਼ਾਂ ਦੇ ਵੀਜਾ ਦਿਵਾ ਕੇ ਅਮਰੀਕਾ ਤੱਕ ਪਹੁੰਚਾ ਦੇਵਾਂਗਾ ਤੇ ਸਾਨੂੰ ਹਵਾਈ ਜਹਾਜ਼ ਰਾਹੀਂ ਸਪੇਨ ਤੱਕ ਲੈ ਜਾਇਆ ਗਿਆ ਉਸ ਤੋਂ ਬਾਅਦ ਸਾਨੂੰ ਗੱਡੀਆਂ ਦੇ ਰਸਤੇ ਰਾਹੀਂ ਲੰਬਾ ਸਫ਼ਰ ਤੈਅ ਕਰਨਾ ਪਿਆ। ਉਸ ਨੇ ਦੱਸਿਆ ਕਿ ਸਾਡੇ ਕੋਲੋਂ ਏਜੰਟ ਸਾਰੀ ਰਕਮ ਪਹਿਲਾਂ ਵਸੂਲ ਕਰ ਚੁੱਕਾ ਸੀ। ਇਸ ਕਰਕੇ ਅਸੀਂ ਬੋਲ ਨਹੀਂ ਸੀ ਸਕਦੇ। ਸਭ ਕੁਝ ਸਹਿਣ ਕਰਦੇ ਗਏ।

ਉਸ ਨੇ ਦੱਸਿਆ ਕਿ ਉਹ ਅੰਮ੍ਰਿਤਧਾਰੀ ਹੈ ਪਰ ਉਸ ਮੀਟ ਖਾਣ ਲਈ ਮਜ਼ਬੂਰ ਕਰਦੇ ਸਨ। ਉਸ ਨੂੰ ਵੈਸ਼ਨੂੰ ਖਾਣਾ ਮਿਲਦਾ ਨਹੀਂ ਸੀ ਅਤੇ ਕਈ ਦਿਨ ਭੁੱਖੇ ਰਹਿਣਾ ਪੈਂਦਾ ਸੀ। ਕਦੇ-ਕਦੇ ਥੋੜੇ ਜਿਹੇ ਚੌਲ ਟੈਂਕਰ ਦੇ ਦਿੰਦੇ ਸਨ। ਭਾਸ਼ਾ ਦੀ ਸਮਝ ਨਾ ਹੋਣ ਕਰਕੇ ਸਾਨੂੰ ਬਹੁਤ ਮੁਸ਼ਕਲ ਆਉਂਦੀ ਸੀ। ਜਿਹੜੇ ਨੌਜਵਾਨਾਂ ਨੇ ਏਜੰਟਾਂ ਨੂੰ ਪੈਸੇ ਘੱਟ ਦਿੱਤੇ ਸਨ ਤੇ ਡੌਕਰ ਉਨ੍ਹਾਂ ਨਾਲ ਬੁਰੀ ਤਰ੍ਹਾਂ ਕੁੱਟਮਾਰ ਕਰਦੇ ਸਨ। ਜਿਹੜੀਆਂ ਲੜਕੀਆਂ ਵੀ ਇਸ ਰਸਤੇ ਰਾਹੀਂ ਅਮਰੀਕਾ ਜਾਂਦੀਆਂ ਹਨ, ਉਨ੍ਹਾਂ ਨਾਲ ਡੌਕਰ ਬੇਹੱਦ ਮਾੜਾ ਸਲੂਕ ਕਰਦੇ ਹਨ। ਉਸ ਨੇ ਦੱਸਿਆ ਕਿ ਡੌਕਰ ਕੰਨਟੇਨਰਾਂ ਰਾਹੀਂ ਲੈ ਕੇ ਜਾਂਦੇ ਸਨ ਤੇ ਇਕ ਪਾਣੀ ਬੋਤਲ ਪੀਣ ਲਈ ਦਿੰਦੇ ਸਨ। ਬਾਥਰੂਮ ਆਉਣ 'ਤੇ ਟੈਂਕਰ 'ਚ ਹੀ ਕਰਨ ਲਈ ਕਹਿੰਦੇ ਸਨ। ਬਾਹਰ ਆਉਣ ਦੀ ਇਜਾਜ਼ਤ ਨਹੀਂ ਸੀ। ਜੇਕਰ ਨੌਜਵਾਨ ਕੰਨਟੇਨਰ ਖੜਕਾਉਂਦਾ ਸੀ ਤਾਂ ਡੌਕਰ ਡੰਡਿਆਂ ਨਾਲ ਕੁੱਟਮਾਰ ਕਰਦੇ ਸੀ। ਬੜੀ ਮੁਸ਼ਕਲ ਨਾਲ ਜੰਗਲਾਂ ਦਾ ਰਸਤਾ ਪਾਰ ਕਰਦੇ ਹੋਏ ਅਸੀਂ ਮੈਕਸੀਕੋ ਕੋਲ ਪੁੱਜੇ ਤੇ ਬਾਰਡਰ ਦੀ ਦੀਵਾਰ ਟੱਪੀ ਸੀ। ਦੀਵਾਰ ਦੀ ਉਚਾਈ ਲਗਭਗ ਤੀਹ ਫੁੱਟ ਸੀ ਤੇ ਸਾਡੇ ਨਾਲ ਦੇ ਦੋ ਨੌਜਵਾਨਾਂ ਦੀਆਂ ਲੱਤਾਂ ਟੁੱਟ ਗਈਆਂ ਸਨ ਅਤੇ ਬਾਅਦ 'ਚ ਸਾਨੂੰ ਉਨ੍ਹਾਂ ਬਾਰੇ ਪਤਾ ਨਹੀਂ ਲੱਗਾ ਕਿ ਉਨ੍ਹਾਂ ਦਾ ਕੀ ਬਣਿਆ ਹੈ। ਅਮਰੀਕਾ ਦਾਖ਼ਲ ਹੋਣ ਉਪਰੰਤ ਸਾਨੂੰ ਕੈਂਪ 'ਚ ਰੱਖਿਆ ਗਿਆ।

ਹੁਣ ਆਉਣ ਸਮੇਂ ਦੌਰਾਨ ਸਾਨੂੰ ਤਿੰਨ ਦਿਨ ਪਹਿਲਾਂ ਕਿਹਾ ਗਿਆ ਕਿ ਤੁਹਾਨੂੰ ਭਾਰਤ ਵਾਪਸ ਭੇਜਿਆ ਜਾ ਰਿਹਾ ਹੈ, ਜੇਕਰ ਕਿਸੇ ਨੇ ਸ਼ੋਰ-ਸ਼ਰਾਬਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਬੇਹੋਸ਼ ਕਰਕੇ ਭੇਜਿਆ ਜਾਵੇਗਾ। ਸਾਨੂੰ ਹੱਥ ਕੜੀਆਂ ਲਗਾ ਦਿੱਤੀਆਂ ਤੇ ਪੈਰਾਂ ਵਿਚ ਬੇੜੀਆਂ ਪਾ ਦਿੱਤੀਆਂ ਤੇ ਜ਼ਹਾਜ਼ ਵਿਚ 110 ਜਾਣਿਆਂ ਨੂੰ ਬਿਠਾ ਦਿੱਤਾ। ਲਗਭਗ 36 ਘੰਟੇ ਲਗਾਤਾਰ ਬਿਠਾਈ ਰੱਖਿਆ। ਕੈਂਪ 'ਚੋਂ ਲਿਆਉਣ ਸਮੇਂ ਅਮਰੀਕਾ ਦੇ ਫ਼ੌਜੀਆਂ ਵਲੋਂ ਦਸਤਾਰਧਾਰੀ ਨੌਜਵਾਨਾਂ ਦੀਆਂ ਦਸਤਾਰਾਂ ਉਤਾਰ ਕੇ ਡਸਟਬਿਨ 'ਚ ਸੁੱਟ ਦਿੱਤੀਆਂ ਗਈਆਂ। ਸਫ਼ਰ ਦੌਰਾਨ ਉੱਠਣ ਨਹੀਂ ਦਿੱਤਾ ਗਿਆ।

# ਪੰਡੋਰੀ ਅਰਾਈਆਂ ਦੇ ਨੌਜਵਾਨ ਨੇ ਦੱਸੀ ਹਕੀਕਤ

**ਮੋਗਾ:** ਅਮਰੀਕਾ ਤੋਂ ਆਏ 119 ਭਾਰਤੀਆਂ 'ਚੋਂ 70 ਭਾਰਤੀ ਪੰਜਾਬ ਦੇ ਵਸਨੀਕ ਸਨ, ਜਿਨ੍ਹਾਂ 'ਚ ਇਕ ਵਿਅਕਤੀ ਜ਼ਿਲ੍ਹਾ ਮੋਗਾ ਦੇ ਹਲਕਾ ਧਰਮਕੋਟ 'ਚ ਪੈਂਦੇ ਪਿੰਡ ਪੰਡੋਰੀ ਅਰਾਈਆਂ ਦਾ ਰਹਿਣ ਵਾਲਾ ਹੈ। ਲੱਖਾਂ ਰੁਪਏ ਖ਼ਰਚ ਕਰਨ ਦੇ ਬਾਵਜੂਦ ਵਾਪਸ ਪਰਤੇ ਪਿੰਡ ਪੰਡੋਰੀ ਆਰੀਆ ਦੇ ਨੌਜਵਾਨ ਜਸਵਿੰਦਰ ਸਿੰਘ ਨੇ ਸਾਰੀ ਹਕੀਕਤ ਦੱਸਦਿਆਂ ਕਿਹਾ ਕਿ ਚੰਗੇ ਭਵਿੱਖ ਦੀ ਭਾਲ ਵਾਸਤੇ 24 ਦਸੰਬਰ ਨੂੰ ਅਮਰੀਕਾ ਗਿਆ ਸੀ। 27 ਜਨਵਰੀ ਨੂੰ ਉਸ ਨੇ ਮੈਕਸੀਕੋ ਬਾਰਡਰ ਪਾਰ ਕੀਤਾ ਇਸ ਤੋਂ ਪਹਿਲਾਂ ਇਕ ਕਿਸ਼ਤੀ ਵਿਚ 20 ਨੌਜਵਾਨ ਸਵਾਰ ਹੋ ਕੇ ਕਈ ਨਹਿਰਾਂ ਪਾਰ ਕੀਤੀਆਂ ਤੇ ਜੰਗਲਾਂ 'ਚ ਕਈ-ਕਈ ਦਿਨ ਅਸੀਂ ਚੱਲੇ। ਉਨ੍ਹਾਂ ਕਿਹਾ ਕਿ ਜਦ ਸਾਨੂੰ ਕੈਂਪ 'ਚ ਰੱਖਿਆ ਗਿਆ ਤਾਂ ਉਥੇ ਕਮਰੇ 'ਚ ਠੰਡੀਆਂ ਹਵਾਵਾਂ ਛੱਡ ਦਿੱਤੀਆਂ ਜਾਂਦੀਆਂ ਸੀ ਤੇ ਸਾਡੇ ਕੱਪੜੇ ਵੀ ਉਤਰਵਾ ਦਿੱਤੇ ਜਾਂਦੇ ਸੀ। ਉਸ ਨੇ ਦੱਸਿਆ ਕਿ ਜਦੋਂ ਡਿਪੋਰਟ ਕਰਕੇ ਭੇਜਿਆ ਗਿਆ ਤਾਂ ਡਿਟੈਕਸ਼ਨ ਸੈਂਟਰ ਤੋਂ ਹੀ ਉਸ ਦੇ ਹੱਥਾਂ ਨੂੰ ਹੱਥਕੜੀਆਂ ਲਗਾ ਦਿੱਤੀਆਂ ਗਈਆਂ ਸਨ ਤੇ ਜਹਾਜ਼ 'ਚ ਵੀ ਇਸੇ ਤਰ੍ਹਾਂ ਹੀ ਬਿਠਾ ਕੇ ਲਿਆਂਦਾ ਗਿਆ। ਵਾਪਸ ਅੰਮ੍ਰਿਤਸਰ ਪਹੁੰਚਣ ਤੱਕ ਉਹ ਜਿਸ ਹਾਲਤ 'ਚ ਬੈਠੇ ਸਨ ਉਸੇ ਹਾਲਤ ਵਿਚ ਹੀ ਉਨ੍ਹਾਂ ਨੂੰ ਬਿਠਾਈ ਰੱਖਿਆ ਗਿਆ। ਉਨ੍ਹਾਂ ਦਾ ਤਕਰੀਬਨ 45 ਲੱਖ ਰੁਪਏ ਖ਼ਰਚਾ ਆ ਗਿਆ ਪ੍ਰੰਤੂ ਉਨ੍ਹਾਂ ਨੂੰ ਬਿਨਾਂ ਕੁਝ ਹੱਥ-ਪੱਲੇ ਪਏ ਹੀ ਡਿਪੋਰਟ ਕਰਕੇ ਵਾਪਸ ਘਰ ਭੇਜ ਦਿੱਤਾ ਗਿਆ।

# ਕਰਜ਼ਾ ਮੋੜਨ ਦੀ ਚਿੰਤਾ ਵੀ ਤੇ ਸਹੀ ਸਲਾਮਤ ਮੁੜਨ ਦੀ ਖ਼ੁਸ਼ੀ ਵੀ

**ਪਟਿਆਲਾ:** ਅਮਰੀਕਾ ਤੋਂ ਹੁਣ ਤੱਕ ਪਟਿਆਲਾ ਦੇ 13 ਨੌਜਵਾਨ ਡਿਪੋਰਟ ਕੀਤੇ ਜਾ ਚੁੱਕੇ ਹਨ। ਇਨ੍ਹਾਂ 'ਚ ਜ਼ਿਆਦਾ ਨੌਜਵਾਨਾਂ ਨੇ ਏਜੰਟਾਂ ਨੂੰ ਮੋਟੀਆਂ ਰਕਮਾਂ ਦੇਣ ਲਈ ਆਪਣੇ ਜ਼ਮੀਨ ਵੇਚਣ ਦੇ ਨਾਲ ਜਾਣਕਾਰਾਂ ਤੋਂ ਵੀ ਕਰਜ਼ਾ ਲਿਆ। ਲੱਖਾਂ ਰੁਪਏ ਖ਼ਰਚਣ ਦੇ ਬਾਵਜੂਦ ਨੌਜਵਾਨਾਂ ਦੇ ਸਹੀ ਸਲਾਮਤ ਘਰ ਪੁੱਜਣ 'ਤੇ ਪਰਿਵਾਰਾਂ 'ਚ ਖ਼ੁਸ਼ੀ ਵੀ ਹੈ ਨਾਲ ਲੱਖਾਂ ਦਾ ਕਰਜ਼ਾ ਮੋੜਣ ਦੀ ਚਿੰਤਾ ਵੀ ਸਤਾ ਰਹੀ ਹੈ।



ਅਮਰੀਕਾ ਤੋਂ ਆਏ ਤੀਸਰੇ ਜਹਾਜ਼ 'ਚ ਪਟਿਆਲਾ ਦੇ ਦੋ ਨੌਜਵਾਨ ਸ਼ਾਮਲ ਹਨ। ਇਨ੍ਹਾਂ 'ਚੋਂ ਇਕ ਪਿੰਡ ਤੇਪਲਾ ਦਾ ਰਕੇਸ਼ ਕੁਮਾਰ ਤੇ ਦੂਸਰਾ ਪਿੰਡ ਕਪੂਰੀ ਨਿਵਾਸੀ ਗਗਨਦੀਪ ਸਿੰਘ ਹੈ। ਤੇਪਲਾ ਵਾਸੀ ਰਕੇਸ਼ ਕੁਮਾਰ ਦੀ ਮਾਤਾ ਰੋਸ਼ਨੀ ਦੇਵੀ ਨੇ ਦੱਸਿਆ ਕਿ ਰਕੇਸ਼ ਲੰਮੇ ਸਮੇਂ ਤੋਂ ਅਮਰੀਕਾ ਜਾ ਕੇ ਵਧੀਆ ਭਵਿੱਖ ਦੀ ਭਾਕ ਸੀ। ਬੀਤੀ ਰਾਤ ਨੂੰ ਘਰ ਆ ਗਿਆ ਹੈ, ਉਸਦੀ ਵਾਪਸੀ ਨਾਲ ਜਿੱਥੇ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟਿਆ ਹੈ ਉਥੇ ਹੀ ਰਕੇਸ਼ ਨੂੰ ਸਹੀ ਸਲਾਮਤ ਘਰ ਆਉਣ ਦੀ ਖ਼ੁਸ਼ੀ ਵੀ ਹੈ। ਰਕੇਸ਼ ਨੂੰ ਅਮਰੀਕਾ ਭੇਜਣ ਲਈ ਤਿੰਨ ਵਿੱਘੇ ਜ਼ਮੀਨ ਵੀ ਵੇਚਣੀ ਪਈ ਸੀ, ਇਸ ਤੋਂ ਇਲਾਵਾ ਰਿਸ਼ਤੇਦਾਰਾਂ ਤੋਂ ਵੀ ਰਕਮ ਉਧਾਰ ਲਈ ਸੀ। ਕਰੀਬ 43 ਲੱਖ ਰੁਪਏ ਖ਼ਰਚ ਕੇ ਚਾਰ ਫਰਵਰੀ ਨੂੰ ਰਕੇਸ਼ ਅਮਰੀਕਾ ਪੁੱਜ ਗਿਆ ਸੀ ਜਿਥੇ ਉਸ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਰਕੇਸ਼ ਮਾਤਾ ਰੌਸ਼ਨੀ ਦੇਵੀ ਨੇ ਦੱਸਿਆ ਕਿ ਘਰ ਦੇ ਹਲਾਤ ਬਹੁਤੇ ਚੰਗੇ ਨਹੀਂ ਹਨ। ਮੁੰਡੇ ਨੂੰ ਅਮਰੀਕਾ ਭੇਜਣ ਲਈ ਬਹੁਤ ਕੁਝ ਕੀਤਾ, ਲੱਖਾਂ ਰੁਪਏ ਖ਼ਰਚੇ ਪਰ ਨਮੋਸ਼ੀ ਹੀ ਹੱਥ ਲਈ ਹੈ। ਪਿੰਡ ਦੇ ਸਰਪੰਚ ਸੁਖਚੈਨ ਸਿੰਘ ਨੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਗ਼ਰੀਬ ਪਰਿਵਾਰ ਨੂੰ ਆਪਣੇ ਪੁੱਤ ਤੋਂ ਬਹੁਤ ਉਮੀਦਾਂ ਸਨ ਪਰ ਸਾਰੀਆਂ ਉਮੀਦਾਂ 'ਤੇ ਪਾਣੀ ਫਿਰ ਗਿਆ ਹੈ। ਸਰਪੰਚ ਨੇ ਸਰਕਾਰ ਨੂੰ ਅਪੀਲ ਕੀਤੀ ਰਕੇਸ਼ ਦੇ ਪਰਿਵਾਰ ਦੀ ਮਦਦ ਕੀਤੀ ਜਾਵੇ।

# 'ਜਗਦੀਸ਼ ਸਿੰਘ ਵਰਿਆਮ ਯਾਦਗਾਰੀ ਪੁਰਸਕਾਰ-2025' ਅਰਤਿੰਦਰ ਸੰਧੂ ਨੂੰ ਮਿਲੇਗਾ



**ਜਲੰਧਰ:** ਪੰਜਾਬੀ ਲੇਖਕ ਸਭਾ ਜਲੰਧਰ (ਰਜਿ.) ਵੱਲੋਂ ਹਰ ਸਾਲ ਦਿੱਤੇ ਜਾਣ ਵਾਲਾ "ਜਗਦੀਸ਼ ਸਿੰਘ ਵਰਿਆਮ ਯਾਦਗਾਰੀ ਪੁਰਸਕਾਰ-2025 ਅੰਮ੍ਰਿਤਸਰ ਤੋਂ ਛਪਦੇ ਸਾਹਿਤਕ ਰਸਾਲੇ "ਏਕਮ" ਦੀ ਸੰਪਾਦਿਕਾ ਅਰਤਿੰਦਰ ਸੰਧੂ ਨੂੰ ਪ੍ਰਦਾਨ ਕੀਤਾ ਜਾਵੇਗਾ।

ਇਹ ਐਲਾਨ ਕਰਦਿਆਂ ਸਭਾ ਦੇ ਸਰਪ੍ਰਸਤ ਡਾਕਟਰ ਵਰਿਆਮ ਸਿੰਘ ਸੰਧੂ, ਪ੍ਰਧਾਨ ਡਾਕਟਰ ਹਰਜਿੰਦਰ ਸਿੰਘ ਅਟਵਾਲ,ਜਨਰਲ ਸਕੱਤਰ ਡਾਕਟਰ ਉਮਿੰਦਰ ਸਿੰਘ ਜੌਹਲ ਅਤੇ ਵਿੱਤ ਸਕੱਤਰ ਸੰਤ ਨਰੈਣ ਸਿੰਘ ਨੇ ਦੱਸਿਆ ਕਿ ਇਹ ਪੁਰਸਕਾਰ ਸਾਹਿਤਕ ਪੱਤਰਕਾਰੀ ਵਿੱਚ ਵਿਲੱਖਣ ਯੋਗਦਾਨ ਪਾਉਣ ਵਾਲੇ ਸੰਪਾਦਕ ਨੂੰ ਹਰ ਸਾਲ ਦਿੱਤਾ ਜਾਂਦਾ ਹੈ। ਇਸ ਵਿੱਚ 21000 ਰੁਪਏ ਨਗਦ, ਸਨਮਾਨ ਚਿੰਨ੍ਹ ਅਤੇ ਦੁਸ਼ਾਲਾ ਭੇਟ ਕੀਤਾ ਜਾਂਦਾ ਹੈ।

ਪਿਛਲੀ ਵਾਰ ਇਹ ਪੁਰਸਕਾਰ ਡਾਕਟਰ ਰਘਬੀਰ ਸਿੰਘ "ਸਿਰਜਣਾ" ਨੂੰ ਦਿੱਤਾ ਗਿਆ ਸੀ। ਉਹਨਾਂ ਦੱਸਿਆ ਕਿ ਇਹ ਪੁਰਸਕਾਰ ਮਾਰਚ ਮਹੀਨੇ ਵਿੱਚ ਜਲੰਧਰ ਵਿੱਚ ਕੀਤੇ ਜਾਣ ਵਾਲੇ ਸਭਾ ਦੇ ਸਮਾਗਮ ਵਿੱਚ ਭੇਟ ਕੀਤਾ ਜਾਵੇਗਾ।



# ਸਿੱਖ ਵਿਰੋਧੀ ਦੰਗਿਆਂ ਦੇ ਛੇ ਮਾਮਲਿਆਂ 'ਚ ਮੁੜ ਹੋਵੇਗੀ ਅਪੀਲ

**ਨਵੀਂ ਦਿੱਲੀ:** ਦਿੱਲੀ ਸਰਕਾਰ ਨੇ ਸੋਮਵਾਰ ਨੂੰ ਸੁਪਰੀਮ ਕੋਰਟ ਨੂੰ ਸੂਚਿਤ ਕੀਤਾ ਕਿ ਉਹ 1984 ਦੇ ਸਿੱਖ ਵਿਰੋਧੀ ਦੰਗਿਆਂ 'ਚ ਛੇ ਮੁਲਜ਼ਮਾਂ ਨੂੰ ਬਰੀ ਕੀਤੇ ਜਾਣ ਦੇ ਫ਼ੈਸਲਿਆਂ ਨੂੰ ਚੁਣੌਤੀ ਦਿੰਦੇ ਹੋਏ ਅਪੀਲ ਦਾਖ਼ਲ ਕਰੇਗੀ। ਅਦਾਲਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਐੱਸ ਗੁਰਲਾਦ ਸਿੰਘ ਕਾਹਲੋਂ ਵੱਲੋਂ ਦਾਖ਼ਲ ਜਨਹਿਤ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ। 2018 'ਚ ਸੁਪਰੀਮ ਕੋਰਟ ਨੇ ਕਾਹਲੋਂ ਦੀ ਪਟੀਸ਼ਨ 'ਤੇ ਉਨ੍ਹਾਂ 199 ਮਾਮਲਿਆਂ ਦੀ ਜਾਂਚ ਲਈ ਇਕ ਐੱਸਆਈਟੀ ਦਾ ਗਠਨ ਕੀਤਾ ਸੀ, ਜਿਨ੍ਹਾਂ ਦੀ ਜਾਂਚ ਬੰਦ ਕਰ ਦਿੱਤੀ ਗਈ ਸੀ।



ਦਿੱਲੀ ਸਰਕਾਰ ਵੱਲੋਂ ਐਡੀਸ਼ਨਲ ਸਾਲਿਸਟਰ ਜਨਰਲ ਐਸ਼ਵਰਿਆ ਭਾਟੀ ਨੇ ਸੋਮਵਾਰ ਨੂੰ ਜਸਟਿਸ ਅਭੈ ਐੱਸ ਓਕਾ ਤੇ ਉੱਜਲ ਭੁਈਆਂ ਦੇ ਬੈਂਚ ਨੂੰ ਦੱਸਿਆ ਕਿ ਬਰੀ ਕੀਤੇ ਜਾਣ ਵਾਲੇ ਫ਼ੈਸਲਿਆਂ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦੇਣ ਦਾ ਫ਼ੈਸਲਾ ਲਿਆ ਗਿਆ ਹੈ। ਦਲੀਲ 'ਤੇ ਗ਼ੌਰ ਕਰਦੇ ਹੋਏ ਬੈਂਚ ਨੇ ਦਿੱਲੀ ਸਰਕਾਰ ਨੂੰ ਛੇ ਹਫ਼ਤੇ ਅੰਦਰ ਅਪੀਲ ਦਾਖ਼ਲ ਕਰਨ ਦਾ ਨਿਰਦੇਸ਼ ਦਿੱਤਾ। ਸੁਣਵਾਈ ਦੌਰਾਨ ਪਟੀਸ਼ਨਰ ਕਾਹਲੋਂ ਵੱਲੋਂ ਪੇਸ਼ ਸੀਨੀਅਰ ਵਕੀਲ ਐੱਚਐੱਸ ਫੂਲਕਾ ਨੇ ਕਿਹਾ ਕਿ ਫ਼ੈਸਲਿਆਂ ਤੋਂ ਪਤਾ ਲਗਦਾ ਹੈ ਕਿ ਇਸਤਗਾਸਾ ਦੀ ਇਸ ਮਾਮਲੇ 'ਚ ਮੁਲਜ਼ਮਾਂ ਦੇ ਨਾਲ ਮਿਲੀਭੁਗਤ ਸੀ। ਉਨ੍ਹਾਂ ਨੇ ਕਿਹਾ ਕਿ ਇਹ ਆਮ ਮਾਮਲੇ ਨਹੀਂ ਹਨ।

# ਫੈਕਟਰੀ 'ਚ ਲੱਗੀ ਅੱਗ ਨਾਲ ਦੋ ਮਜ਼ਦੂਰਾਂ ਦੀ ਮੌਤ

**ਲੁਧਿਆਣਾ:** ਮਿਲਰਗੰਜ ਇਲਾਕੇ ਦੀ ਕਲਸੀਆਂ ਵਾਲੀ ਗਲੀ 'ਚ ਸਾਈਕਲ ਸਪੇਅਰ ਪਾਰਟ ਬਣਾਉਣ ਵਾਲੇ ਇਕ ਯੂਨਿਟ 'ਚ ਧਮਾਕੇ ਮਗਰੋਂ ਲੱਗੀ ਅੱਗ 'ਚ ਦੋ ਨਾਬਾਲਗ ਮਜ਼ਦੂਰਾਂ ਦੀ ਮੌਤ ਹੋ ਗਈ ਜਦਕਿ ਦੋ ਹੋਰ ਨਾਬਾਲਗ ਗੰਭੀਰ ਜ਼ਖ਼ਮੀ ਹੋ ਗਏ। ਦੋਵੇਂ ਮ੍ਰਿਤਕ ਬਿਹਾਰ ਦੇ ਰਹਿਣ ਵਾਲੇ ਹਨ। ਹਾਦਸੇ ਤੋਂ ਬਾਅਦ ਪੁਲਿਸ ਨੇ ਫੈਕਟਰੀ ਮਾਲਕ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

ਚਸ਼ਮਦੀਦਾਂ ਮੁਤਾਬਕ ਸੋਮਵਾਰ ਸਵੇਰੇ ਫੈਕਟਰੀ 'ਚ ਚੱਲ ਰਹੀ ਭੱਠੀ ਅਚਾਨਕ ਫਟ ਗਈ। ਜ਼ਬਰਦਸਤ ਧਮਾਕੇ ਤੋਂ ਬਾਅਦ ਫੈਕਟਰੀ 'ਚ ਅੱਗ ਲੱਗ ਗਈ। ਜਾਣਕਾਰੀ ਮਿਲਣ 'ਤੇ ਫਾਇਰ ਬ੍ਰਿਗੇਡ ਦੀਆਂ ਟੀਮਾਂ 11 ਵਜੇ ਦੇ ਕਰੀਬ ਮੌਕੇ 'ਤੇ ਪੁੱਜੀਆਂ। ਫਾਇਰ ਬ੍ਰਿਗੇਡ ਦੀਆਂ ਦੋ ਗੱਡੀਆਂ ਨੇ ਇਕ ਘੰਟੇ ਦੀ ਮੁਸ਼ੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ। ਮੁੱਖ ਫਾਇਰਮੈਨ ਵਿਜੇ ਕੁਮਾਰ ਨੇ ਦੱਸਿਆ ਕਿ ਫਾਇਰ ਬ੍ਰਿਗੇਡ ਦੀ ਟੀਮ ਇਸ ਗੱਲ ਤੋਂ ਬੇਖ਼ਬਰ ਸੀ ਕਿ ਫੈਕਟਰੀ ਦੇ ਅੰਦਰ ਕੋਈ ਵਿਅਕਤੀ ਮੌਜੂਦ ਹੈ। ਅੱਗ ਬੁਝਾਉਣ ਤੋਂ ਬਾਅਦ ਜਦੋਂ ਉਨ੍ਹਾਂ ਦੀਆਂ ਟੀਮਾਂ ਅੰਦਰ ਗਈਆਂ ਤਾਂ ਫੈਕਟਰੀ ਦੇ ਬਾਥਰੂਮ 'ਚੋਂ ਦੋ ਲਾਸ਼ਾਂ ਬਰਾਮਦ ਹੋਈਆਂ। ਜਿਨ੍ਹਾਂ ਦੀ ਪਛਾਣ ਬਿਹਾਰ ਦੇ ਰਹਿਣ ਵਾਲੇ ਰਿਹਾਨ (17) ਤੇ ਨਿਆਜ਼ ਬਾਬੂ (15) ਵਜੋਂ ਹੋਈ ਹੈ। ਇਹ ਜਖ਼ਮੀ ਹੋਏ 15-15 ਸਾਲਾਂ ਦੇ ਦੇਵੇ ਆਰਿਫ਼ ਤੇ ਅਲੀ ਰਿਹਾਨ ਤੇ ਨਿਆਜ ਨੂੰ ਮਿਲਣ ਲਈ ਥਾਣਾ ਡਵੀਜ਼ਨ ਨੰ. 6 ਦੇ ਇੰਚਾਰਜ ਕੁਲਵੰਤ ਕੌਰ ਨੇ ਦੱਸਿਆ ਕਿ ਫੈਕਟਰੀ ਦੇ ਅੰਦਰ ਸੀਟ ਕਵਰ ਬਣਾਏ ਜਾਂਦੇ ਸਨ।



ਫੈਕਟਰੀ ਅੰਦਰ ਜਲਣਸ਼ੀਲ ਸਮੱਗਰੀ ਦੀ ਭਰਮਾਰ ਹੋਣ ਕਾਰਨ ਅੱਗ ਨੇ ਭਿਆਨਕ ਰੂਪ ਧਾਰਨ ਕਰ ਲਿਆ ਸੀ। ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਫੈਕਟਰੀ 'ਚ ਸੁਰੱਖਿਆ ਦੇ ਪ੍ਰਬੰਧ ਨਹੀਂ ਸਨ। ਯੂਨਿਟ ਦੇ ਮਾਲਕ ਗੁਰਪ੍ਰੀਤ ਸਿੰਘ ਤੇ ਠੇਕੇਦਾਰ ਸੋਨੂੰ ਖ਼ਿਲਾਫ਼ ਪੁਲਿਸ ਨੇ ਕੇਸ ਦਰਜ ਕਰ ਲਿਆ ਹੈ।

ਓਧਰ ਹਾਦਸੇ ਦੇ ਤੁਰੰਤ ਬਾਅਦ 'ਆਪ' ਵਿਧਾਇਕ ਕੁਲਵੰਤ ਸਿੰਘ ਸਿੱਧੂ ਮੌਕੇ 'ਤੇ ਪਹੁੰਚੇ। ਕੁਲਵੰਤ ਸਿੰਘ ਨੇ ਆਖਿਆ ਕਿ ਯੂਨਿਟ 'ਚ ਸੁਰੱਖਿਆ ਸਾਧਨਾਂ ਦੀ ਘਾਟ ਹੈ ਤੇ ਸੁਰੱਖਿਆ ਸਾਧਨਾਂ ਦੀ ਕਮੀ ਕਾਰਨ ਹੀ ਇੰਨਾ ਵੱਡਾ ਹਾਦਸਾ ਵਾਪਰਿਆ ਹੈ। ਉਨ੍ਹਾਂ ਆਖਿਆ ਕਿ ਜ਼ਿੰਮੇਵਾਰ ਵਿਅਕਤੀਆਂ ਖਿਲਾਫ਼ ਸਖਤੀ ਨਾਲ ਕਾਰਵਾਈ ਕੀਤੀ ਜਾਵੇਗੀ।

## ਰਿਸ਼ਤੇਦਾਰਾਂ ਤੋਂ ਉਧਾਰ ਪੈਸੇ ਲੈ ਕੇ ਅਮਰੀਕਾ ਗਿਆ ਸੀ ਗਗਨਦੀਪ ਸਿੰਘ

ਕਪੂਰੀ ਪਿੰਡ ਨਿਵਾਸੀ ਗਗਨਦੀਪ ਸਿੰਘ ਕਰੀਬ ਦੋ ਮਹੀਨੇ ਪਹਿਲਾਂ ਅਮਰੀਕਾ ਗਿਆ ਸੀ ਜੋ ਕਿ ਪੰਜ ਫਰਵਰੀ ਨੂੰ ਅਮਰੀਕਾ 'ਚ ਦਾਖ਼ਲ ਹੋਇਆ ਤੇ ਨਾਲ ਹੀ ਉਥੇ ਗ੍ਰਿਫ਼ਤਾਰ ਹੋ ਗਿਆ।

16 ਫਰਵਰੀ ਦੇਰ ਰਾਤ ਅਮਰੀਕਾ ਤੋਂ ਡਿਪੋਰਟ ਕਰਕੇ ਭਾਰਤ ਭੇਜ ਦਿੱਤਾ ਗਿਆ। ਪਿੰਡ ਦੇ ਸਰਪੰਚ ਲਖਵਿੰਦਰ ਸਿੰਘ ਨੇ ਦੱਸਿਆ ਕਿ ਗਗਨਦੀਪ ਕਰੀਬ 35 ਲੱਖ ਰੁਪਏ ਖ਼ਰਚ ਕੇ ਅਮਰੀਕਾ ਗਿਆ ਸੀ।

ਉਨਾਂ ਦੱਸਿਆ ਕਿ ਗਗਨਦੀਪ ਦਾ ਪਰਿਵਾਰ ਖੇਤੀਬਾੜੀ ਕਰਦਾ ਹੈ ਤੇ ਰਿਸ਼ਤੇਦਾਰਾਂ ਤੋਂ ਉਧਾਰ ਪੈਸੇ ਲੈ ਕੇ ਅਮਰੀਕਾ ਗਿਆ ਸੀ।

# ਦੀਪਿਕਾ ਪਾਦੂਕੋਨ ਨੇ ਯਾਦ ਕੀਤੇ ਸਕੂਲੀ ਦਿਨ


**ਨਵੀਂ ਦਿੱਲੀ:** ਬਾਲੀਵੁੱਡ ਅਦਾਕਾਰ ਦੀਪਿਕਾ ਪਾਦੂਕੋਨ ਨੇ ਆਪਣੇ ਸਕੂਲ ਦੇ ਦਿਨਾਂ ਦੀਆਂ ਯਾਦਾਂ ਨੂੰ ਤਾਜ਼ਾ ਕਰਦਿਆਂ ਕਿਹਾ ਕਿ ਉਹ ਬਹੁਤ ਸ਼ਰਾਰਤੀ ਵਿਦਿਆਰਥਣ ਸੀ। ਉਹ ਹਮੇਸ਼ਾ ਸੋਫਿਆਂ, ਮੇਜ਼ਾਂ, ਕੁਰਸੀਆਂ 'ਤੇ ਛਾਲਾਂ ਮਾਰਦੀ ਰਹਿੰਦੀ ਸੀ। ਉਹ ਗਣਿਤ 'ਚ ਕਮਜ਼ੋਰ ਸੀ ਤੇ ਅੱਜ ਵੀ ਇਹੀ ਹਾਲ ਹੈ। ਪ੍ਰਧਾਨ ਮੰਤਰੀ ਨੇ ਆਪਣੇ ਅਧਿਕਾਰਤ ਐਕਸ-ਪੇਜ 'ਤੇ ਅਭਿਨੇਤਰੀ ਦੀ ਇਕ ਵੀਡੀਓ ਕਲਿੱਪ ਸਾਂਝੀ ਕੀਤੀ, ਜਿਸ 'ਚ ਉਹ ਆਪਣੇ ਸਕੂਲ ਦੇ ਦਿਨਾਂ ਬਾਰੇ ਗੱਲ ਕਰ ਰਹੀ ਹੈ। ਸਭ ਤੋਂ ਆਮ ਵਿਸ਼ਿਆ 'ਚੋਂ, ਪ੍ਰੀਖਿਆ ਯੋਧੇ ਮਾਨਸਿਕ ਸਿਹਤ ਅਤੇ ਤੰਦਰੁਸਤੀ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਲਈ ਇਸ ਸਾਲ, "ਪਰੀਖਿਆ ਪੇ ਚਰਚਾ" ਦਾ ਇਕ ਪ੍ਰੋਗਰਾਮ ਵਿਸ਼ੇਸ਼ ਤੌਰ 'ਤੇ ਇਸ ਵਿਸ਼ੇ ਨੂੰ ਸਮਰਪਿਤ ਹੈ, ਜੋ 12 ਫਰਵਰੀ ਨੂੰ ਸਵੇਰੇ10 ਵਜੇ ਪ੍ਰਸਾਰਿਤ ਕੀਤਾ ਗਿਆ।

ਦੀਪਿਕਾ ਨੇ ਵੀ ਪ੍ਰੋਗਰਾਮ ਦੀ ਸੰਖੇਪ ਕਲਿੱਪ ਸਾਂਝੀ ਕੀਤੀ ਹੈ ਤੇ ਪ੍ਰਧਾਨ ਮੰਤਰੀ ਦੀ ਕਿਤਾਬ "ਐਗਜ਼ਾਮ ਵਾਰੀਅਰਸ" ਵਿਚ ਸਪ੍ਰੇਸ਼ਨ (ਦਬਾਅ) 'ਤੇ ਐਕਸਪ੍ਰੈਸ਼ਨ ਨੂੰ ਪਹਿਲ ਦੇਣ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ, ਇਸ ਲਈ ਹਮੇਸ਼ਾ ਆਪਣੇ ਮਨ ਦੀ ਗੱਲ ਸਾਂਝੀ ਕਰੋ। ਚਾਹੇ ਉਹ ਤੁਹਾਡੇ ਦੋਸਤ ਹੋਣ, ਪਰਿਵਾਰ ਹੋਵੇ, ਮਾਤਾ ਪਿਤਾ ਹੋਣ ਤੇ ਜਾਂ ਫਿਰ ਅਧਿਆਪਕ। ਆਪਣੇ ਵਿਚਾਰਾਂ ਜਾਂ ਭਾਵਨਾਵਾਂ ਨੂੰ ਲਿਖਣਾ ਖੁਦ ਨੂੰ ਵਿਅਕਤ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ। ਮੈਂ ਸਿਰਫ ਕੰਮ ਕਰਦੀ ਰਹੀ ਅਤੇ ਇਕ ਦਿਨ ਅਜਿਹਾ ਆਇਆ ਜਦੋਂ ਬੇਹੋਸ਼ ਹੋ ਗਈ ਤੇ ਕੁਝ ਦਿਨਾਂ ਦੇ ਬਾਅਦ ਮੈਨੂੰ ਅਹਿਸਾਸ ਹੋਇਆ ਕਿ ਮੈਂ ਤਣਾਅ ਗ੍ਰਸਤ ਹਾਂ।ਦੀਪਿਕਾ ਨੇ ਕਿਹਾ ਮੈਂ ਮਾਣਯੋਗ ਪ੍ਰਧਾਨ ਮੰਤਰੀ ਨੂੰ ਧੰਨਵਾਦ ਦੇਣਾ ਚਾਹੁੰਦੀ ਹਾਂ ਕਿ ਉਨ੍ਹਾਂ ਨੇ ਸਾਨੂੰ ਪ੍ਰੀਖਿਆ ਦੇ ਯੋਧਿਆਂ ਦੇ ਰੂਪ ਵਿਚ ਇਹ ਮੰਚ ਦਿੱਤਾ, ਨਾ ਕਿ ਚਿੰਤਾ ਕਰਨ ਵਾਲੇ ਦੇ ਰੂਪ ਵਿਚ। ਮੈਂ ਤੁਹਾਨੂੰ ਸਾਰਿਆਂ ਨੂੰ ਸ਼ੁੱਭਕਾਮਨਾਵਾਂ ਦਿੰਦੀ ਹਾਂ ਕਿ ਤੁਸੀਂ ਆਪਣਾ ਸਭ ਤੋਂ ਵਧੀਆ ਕਰੋ ਤੇ ਪੂਰਾ ਅਰਾਮ ਕਰੋ। ਜ਼ਿਕਰਯੋਗ ਹੈ ਕਿ ਦੀਪਿਕਾ ਪਾਦੂਕੋਨ ਨੇ ਦੇਸ਼ ਵਿਚ ਮਾਨਸਿਕ ਸਿਹਤ ਦੇ ਬਾਰੇ ਜਾਗਰੂਕਤਾ ਫੈਲਾਉਣ ਲਈ ਲਿਵ ਲਵ ਲਾਫ ਫਾਉਂਡੇਸ਼ਨ ਸ਼ੁਰੂ ਕੀਤਾ ਸੀ। ਉਨ੍ਹਾਂ ਆਪਣੀ ਇੰਸਟਾਗ੍ਰਾਮ ਪੋਸਟ ਵਿਚ ਵੀ ਪ੍ਰਧਾਨ ਮੰਤਰੀ ਨੂੰ ਧੰਨਵਾਦ ਦਿੱਤਾ ਹੈ। ਪ੍ਰੋਗਰਾਮ ਦੇ ਇਸ ਤੋਂ ਪਹਿਲਾਂ ਪ੍ਰੋਗਰਾਮ ਵਿਚ ਪ੍ਰਧਾਨ ਮੰਤਰੀ ਨੇ ਦਿੱਲੀ ਦੀ ਸੁੰਦਰ ਨਰਸਰੀ ਵਿਚ ਵੱਖ ਵੱਖ ਸੂਬਿਆਂ ਤੋਂ ਆਏ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਸੀ, ਜਿਸ ਦਾ ਪ੍ਰਸਾਰਣ ਐਤਵਾਰ ਨੂੰ ਹੋਇਆ ਸੀ।




# ਸੈਮ ਪਿਤਰੋਦਾ ਦੇ ਬਿਆਨ 'ਤੇ ਫੇਰ ਫਸੀ ਕਾਂਗਰਸ

**ਨਵੀਂ ਦਿੱਲੀ:** ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਸੈਮ ਪਿਤਰੋਦਾ ਨੇ ਚੀਨ ਪ੍ਰਤੀ ਨਰਮ ਰੁਖ ਵਾਲਾ ਬਿਆਨ ਦੇ ਕੇ ਇਕ ਵਾਰ ਮੁੜ ਆਪਣੀ ਪਾਰਟੀ ਲਈ ਮੁਸ਼ਕਲ ਖੜ੍ਹੀ ਕਰ ਦਿੱਤੀ ਹੈ। ਉਨ੍ਹਾਂ ਦੇ ਬਿਆਨ ਨੂੰ ਭਾਰਤ ਦੀ ਪਛਾਣ, ਕੂਟਨੀਤੀ ਤੇ ਖ਼ੁਦਮੁਖ਼ਤਿਆਰੀ 'ਤੇ ਡੂੰਘਾ ਵਾਰ ਦੱਸਦੇ ਹੋਏ ਭਾਜਪਾ ਨੇ ਕਿਹਾ ਕਿ ਇਸ ਨਾਲ ਕਾਂਗਰਸ ਤੇ ਚੀਨ ਵਿਚਾਲੇ ਹੋਇਆ ਕਰਾਰ ਜ਼ਾਹਿਰ ਹੋ ਗਿਆ ਹੈ। ਪਿਤਰੋਦਾ ਨੇ ਸਮਾਚਾਰ ਏਜੰਸੀ ਆਈ.ਏ.ਐੱਨ.ਐੱਸ. ਨੂੰ ਦਿੱਤੀ ਇੰਟਰਵਿਊ 'ਚ ਕਿਹਾ ਹੈ ਕਿ ਭਾਰਤ ਨੂੰ ਚੀਨ ਨੂੰ ਦੁਸ਼ਮਣ ਦੇਸ਼ ਦੇ ਰੂਪ 'ਚ ਨਹੀਂ ਦੇਖਣਾ ਚਾਹੀਦਾ, ਬਲਕਿ ਉਸ ਦੇ ਵਿਕਾਸ ਦਾ ਸਨਮਾਨ ਕਰਨਾ ਚਾਹੀਦਾ ਹੈ। ਟਕਰਾਅ ਦਾ ਰਵੱਈਆ ਦੁਸ਼ਮਣ ਪੈਦਾ ਕਰਦਾ ਹੈ ਤੇ ਸਾਨੂੰ ਇਸ ਪੈਟਰਨ ਨੂੰ ਬਦਲਣ ਦੀ ਲੋੜ ਹੈ। ਚੀਨ ਸਾਡਾ ਦੁਸ਼ਮਣ ਨਹੀਂ ਹੈ। ਹੁਣ ਸਮਾਂ ਆ ਗਿਆ ਹੈ ਕਿ ਅਸੀਂ ਆਪਣਾ ਸੰਵਾਦ ਵਧਾਈਏ।ਅਸੀਂ ਸਹਿਯੋਗ ਕਰੀਏ, ਮਿਲ ਕੇ ਕੰਮ ਕਰੀਏ ਤੇ ਸਹਿ-ਨਿਰਮਾਣ ਕਰੀਏ ਤੇ ਕਮਾਂਡ ਅਤੇ ਕੰਟਰੋਲ ਵਾਲੀ ਮਾਨਸਿਕਤਾ ਨਾ ਰੱਖੀਏ। ਭਾਜਪਾ ਸੰਸਦ ਮੈਂਬਰ ਸੁਧਾਂਸ਼ੂ ਤ੍ਰਿਵੇਦੀ ਨੇ ਰਾਹੁਲ ਗਾਂਧੀ ਦੇ ਪੁਰਾਣੇ ਬਿਆਨਾਂ, ਭਾਰਤ 'ਚ ਚੋਣਾਂ ਨੂੰ ਪ੍ਰਭਾਵਿਤ ਕਰਨ ਲਈ ਵਿਦੇਸ਼ੀ ਫੰਡਿੰਗ ਤੇ ਗੌਰਵ ਗੋਗੋਈ ਦੇ ਪਾਕਿਸਤਾਨ ਨਾਲ ਸਬੰਧ ਦੇ ਦੋਸ਼ਾਂ ਨੂੰ ਜੋੜਦੇ ਹੋਏ ਕਿਹਾ ਕਿ :ਇੰਡੀਅਨ ਸਟੇਟ" ਖ਼ਿਲਾਫ਼ ਲੜਣ ਦਾ ਬਿਆਨ ਲੋਕ ਸਭਾ 'ਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਦੇ ਮੂੰਹ 'ਚੋਂ ਅਚਾਨਕ ਨਹੀਂ ਨਿਕਲਿਆ ਸੀ,ਇਹ ਪਹਿਲਾਂ ਤੋਂ ਤੈਅ ਯੋਜਨਾ ਦਾ ਹਿੱਸਾ ਸੀ। ਉਨ੍ਹਾਂ ਨੇ ਕਿਹਾ ਕਿ ਸੈਮ ਪਿਤਰੋਦਾ ਨੇ ਜਿਸ ਤਰ੍ਹਾਂ ਦਾ ਬਿਆਨ ਚੀਨ ਨੂੰ ਲੈ ਕੇ ਦਿੱਤਾ ਹੈ, ਉਸ ਨਾਲ ਕਾਂਗਰਸ ਦਾ ਚੀਨ ਦੇ ਨਾਲ ਹੋਇਆ ਕਰਾਰ ਜ਼ਾਹਿਰ ਹੋ ਗਿਆ ਹੈ। ਪਿਤਰੋਦਾ ਦਾ ਬਿਆਨ ਨਿੱਜੀ ਨਹੀਂ ਹੈ, ਕਿਉਂਕਿ ਇਸੇ ਭਾਵਨਾ ਦੇ ਅਨੇਕਾਂ ਬਿਆਨ ਰਾਹੁਲ ਗਾਂਧੀ ਵੀ ਦੇ ਚੁੱਕੇ ਹਨ। ਪਿਤਰੋਦਾ ਦੇ ਬਿਆਨ ਨੂੰ ਗਲਵਾਨ ਦੇ ਸ਼ਹੀਦਾਂ ਦਾ ਨਿਰਾਦਰ ਦੱਸਦੇ ਹੋਏ ਭਾਜਪਾ ਸੰਸਦ ਮੈਂਬਰ ਨੇ ਦੋਸ਼ ਲਾਇਆ ਕਿ ਇਕ ਦੌਰ ਅਜਿਹਾ ਵੀ ਸੀ, ਜਦ 1952 'ਚ ਉਸ ਵੇਲੇ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਪ੍ਰੈੱਸ ਕਾਨਫਰੰਸ 'ਚ ਚੀਨ ਦੀ ਫ਼ੌਜ ਨੂੰ ਰਸਦ ਪ੍ਰਦਾਨ ਕਰਨ ਦੀ ਗੱਲ ਸਵੀਕਾਰੀ ਸੀ। ਤਦ ਤੋਂ ਇਹ ਚੱਲਿਆ ਆ ਰਿਹਾ ਹੈ ਤੇ ਕਾਂਗਰਸ ਨੇ ਸਪੱਸ਼ਟ ਤੌਰ 'ਤੇ ਦਰਸਾ ਦਿੱਤਾ ਹੈ ਕਿ ਉਹ ਚੀਨ ਦੇ ਨਾਲ ਹੋਏ ਆਪਣੇ ਕਰਾਰ ਦੇ ਪਿਆਰ 'ਚ ਅਤੇ ਰਾਜੀਵ ਗਾਂਧੀ ਫਾਊਂਡੇਸ਼ਨ ਨੂੰ ਚੀਨੀ ਦੂਤਘਰ ਤੋਂ ਮਿਲੇ ਕਰਜ਼ੇ ਦੇ ਦਬਾਅ 'ਚ ਬੋਲ ਰਹੇ ਹਨ। ਕਾਂਗਰਸ ਨੂੰ ਇਸ 'ਤੇ ਸਫ਼ਾਈ ਦੇਣੀ ਚਾਹੀਦੀ ਹੈ। ਇਸ ਦੇ ਨਾਲ ਹੀ ਭਾਜਪਾ ਬੁਲਾਰੇ ਨੇ ਕਿਹਾ ਕਿ ਭਾਰਤ ਦੀ ਚੋਣ ਵਿਵਸਥਾ ਨੂੰ ਸਮੁੰਦਰ ਪਾਰ ਤੋਂ ਪ੍ਰਭਾਵਿਤ ਕਰਨ ਦੇ ਵੀ ਸੰਕੇਤ ਮਿਲ ਰਹੇ ਹਨ। ਇੰਟਰਨੈਸ਼ਨਲ ਫਾਊਂਡੇਸ਼ਨ ਫਾਰ ਇਲੈਕਟੋਰਲ ਸਿਸਟਮਜ਼ ਨਾਮੀ ਸੰਸਥਾ ਨੇ 2011 'ਚ ਭਾਰਤ ਦੀ ਸੰਸਥਾ ਇੰਡੀਆ ਇੰਟਰਨੈਸ਼ਨਲ ਇੰਸਟੀਚਿਊਟ ਆਫ ਇਲੈਕਸ਼ਨ ਮੈਨੇਜਮੈਂਟ ਦੇ ਨਾਲ ਕਰਾਰ ਕੀਤਾ ਸੀ। ਇਸ ਕਰਾਰ ਪਿੱਛੇ ਸਮਰਥਨ ਕੰਸੋਰਟੀਅਮ ਫਾਰ ਇਲੈਕਸ਼ਨ ਐਂਡ ਪਾਲੀਟਿਕਲ ਪ੍ਰੋਸੈੱਸ ਸਟ੍ਰੈਥਨਿੰਗ ਸੰਸਥਾ ਦਾ ਸੀ। ਜਿਸ ਦੇ ਸੰਬੰਧ ਜਾਰਜ ਸੋਰੋਸ ਦੀ ਓਪਨ ਸੁਸਾਇਟੀ ਫਾਊਂਡੇਸ਼ਨ ਨਾਲ ਹਨ। ਉਨ੍ਹਾਂ ਨੇ ਸਵਾਲ ਚੁੱਕਿਆ ਕਿ ਇਹ ਕਿਹੜੀਆਂ ਤਾਕਤਾਂ ਹਨ, ਜੋ ਭਾਰਤ 'ਚ ਚੋਣ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਨ ਦੇ ਟੀਚੇ ਨਾਲ ਆਰਥਕ ਗ੍ਰਾਂਟ ਹਾਸਲ ਕਰਦੀਆਂ ਦਿਖਾਈ ਦੇ ਰਹੀਆਂ ਸਨ। ਲੋਕ ਸਭਾ 'ਚ ਕਾਂਗਰਸ ਦੇ ਉਪ ਨੇਤਾ ਗੌਰਵ ਗੋਗੋਈ ਦਾ ਮੁੱਦਾ ਚੁੱਕਦੇ ਹੋਏ ਸੁਧਾਂਸ਼ੂ ਤ੍ਰਿਵੇਦੀ ਨੇ ਕਿਹਾ ਕਿ ਉਨ੍ਹਾਂ ਦਾ ਸਬੰਧ ਜਾਰਜ ਸੋਰੋਸ ਦੇ ਫਾਊਡੇਸ਼ਨ ਨਾਲ ਨਜ਼ਰ ਆਉਂਦਾ ਹੈ।



# ਗਿਆਨੇਸ਼ ਕੁਮਾਰ ਹੋਣਗੇ ਨਵੇਂ ਮੁੱਖ ਚੋਣ ਕਮਿਸ਼ਨਰ



**ਨਵੀਂ ਦਿੱਲੀ:** ਗਿਆਨੇਸ਼ ਕੁਮਾਰ ਦੇਸ਼ ਦੇ ਮੁੱਖ ਚੋਣ ਕਮਿਸ਼ਨਰ ਹੋਣਗੇ। ਉਹ ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਦੀ ਥਾਂ ਲੈਣਗੇ। ਪੀਐੱਮ ਨਰਿੰਦਰ ਮੋਦੀ ਦੀ ਪ੍ਰਧਾਨਗੀ ਵਾਲੀ ਤਿੰਨ ਮੈਂਬਰੀ ਚੋਣ ਕਮੇਟੀ ਨੇ ਸੋਮਵਾਰ ਸ਼ਾਮ ਨੂੰ ਗਿਆਨੇਸ਼ ਕੁਮਾਰ ਦੇ ਨਾਂ ਦੀ ਸਿਫ਼ਾਰਸ਼ ਕੀਤੀ, ਜਿਸ 'ਤੇ ਦ੍ਰੌਪਦੀ ਮੁਰਮੂ ਨੇ ਮੋਹਰ ਲਗਾਈ। ਡਾ. ਵਿਵੇਕ ਜੋਸ਼ੀ ਤਿੰਨ ਮੈਂਬਰੀ ਚੋਣ ਕਮਿਸ਼ਨ ਦੇ ਨਵੇਂ ਮੈਂਬਰ ਹੋਣਗੇ।

ਜ਼ਿਕਰਯੋਗ ਹੈ ਕਿ ਰਾਜੀਵ ਕੁਮਾਰ 18 ਫਰਵਰੀ ਭਾਵ ਮੰਗਲਵਾਰ ਨੂੰ ਸੇਵਾ ਮੁਕਤ ਹੋਣ ਵਾਲੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਵਾਲੀ ਚੋਣ ਕਮੇਟੀ ਦੀ ਸਾਊਥ ਬਲਾਕ ਦਫ਼ਤਰ 'ਚ ਬੈਠਕ ਹੋਈ। ਇਸ 'ਚ ਪੰਜ ਨਾਂ ਰੱਖੇ ਗਏ ਪਰ ਵਿਰੋਧੀ ਧਿਰ ਦੇ ਆਗੂ ਤੇ ਕਮੇਟੀ ਦੇ ਮੈਂਬਰ ਰਾਹੁਲ ਗਾਂਧੀ ਨੇ ਇਨ੍ਹਾਂ ਸਾਰੇ ਨਾਵਾਂ 'ਤੇ ਅਸਹਿਮਤੀ ਦਰਜ ਕਰਵਾਈ।

ਕਮੇਟੀ 'ਚ ਮੋਦੀ ਤੇ ਰਾਹੁਲ ਤੋਂ ਇਲਾਵਾ ਗ੍ਰਹਿ ਮੰਤਰੀ ਅਮਿਤ ਸ਼ਾਹ ਵੀ ਮੈਂਬਰ ਹਨ। ਹੁਣ ਤੱਕ ਦੀ ਰਵਾਇਤ ਮੁਤਾਬਕ ਸਭ ਤੋਂ ਸੀਨੀਅਰ ਚੋਣ ਕਮਿਸ਼ਨਰ ਨੂੰ ਹੀ ਮੁੱਖ ਚੋਣ ਕਮਿਸ਼ਨਰ ਨਿਯੁਕਤ ਕੀਤਾ ਜਾਂਦਾ ਹੈ। ਰਾਜੀਵ ਕੁਮਾਰ ਤੋਂ ਬਾਅਦ ਗਿਆਨੇਸ਼ ਕੁਮਾਰ ਸਭ ਤੋਂ ਸੀਨੀਅਰ ਚੋਣ ਕਮਿਸ਼ਨਰ ਹਨ।

# ਸੁਖਬੀਰ ਬਾਦਲ ਦੀ ਬੇਟੀ ਵਿਆਹ ਦੇ ਬੰਧਨ 'ਚ ਬੱਝੀ

## ਉਪ ਰਾਸ਼ਟਰਪਤੀ, ਜੰਮੂ ਕਸ਼ਮੀਰ ਤੇ ਹਿਮਾਚਲ ਦੇ ਮੁੱਖ ਮੰਤਰੀਆਂ ਸਮੇਤ ਵੱਡੀ ਗਿਣਤੀ ਅਹਿਮ ਸ਼ਖ਼ਸੀਅਤਾਂ ਪੁੱਜੀਆਂ

**ਚੰਡੀਗੜ੍ਹ:** ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਦੀ ਪੁੱਤਰੀ ਹਰਕੀਰਤ ਕੌਰ ਬਾਦਲ ਦੀ ਤੇਜਵੀਰਸਿੰਘ ਤੂਰ ਨਾਲ ਹੋਈ ਸ਼ਾਦੀ ਤੋਂ ਬਾਅਦ ਨਿਊ ਚੰਡੀਗੜ੍ਹ ਦੇ ਸੁਰਜੀਤ ਬਾਗ਼ ਵਿਖੇ ਹੋਏ ਰਿਸੈੱਪਸ਼ਨ ਸਮਾਗਮ ਵਿਚ ਸਿਆਸੀ, ਧਾਰਮਿਕ ਖੇਤਰ ਦੀਆਂ ਸ਼ਖ਼ਸੀਅਤਾਂ ਤੋਂ ਇਲਾਵਾ ਉੱਚ ਅਧਿਕਾਰੀਆਂ ਵੀ ਹਾਜ਼ਰੀ ਭਰੀ।

ਦੇਸ਼ ਦੇ ਉਪ ਰਾਸ਼ਟਰਪਤੀ ਜਗਦੀਪ ਧਨਖੜ ਤੋਂ ਇਲਾਵਾ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਉਨ੍ਹਾਂ ਦੇ ਪਿਤਾ ਫ਼ਾਰੂਕ ਅਬਦੁੱਲਾ, ਹਿਮਾਚਲ ਦੇ ਮੁੱਖ ਮੰਤਰੀ ਸੁਖਵਿੰਦਰ ਸੁੱਖੂ ਤੋਂ ਇਲਾਵਾ ਕੇਂਦਰੀ ਮੰਤਰੀ ਰਵਨੀਤ ਬਿੱਟੂ ਤੇ ਰਾਧਾ ਸੁਆਮੀ ਡੇਰੇ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਵਲੋਂ ਨਵੀਂ ਵਿਆਹੀ ਜੋੜੀ ਨੂੰ ਅਸ਼ੀਰਵਾਦ ਦਿੱਤਾ ਗਿਆ। ਵਿਸ਼ਾਲ ਪੰਡਾਲ ਵਿਚ ਦੁਪਹਿਰ ਨੂੰ ਰੱਖੇ ਗਏ ਸਮਾਗਮ ਵਿਚ ਪੰਜਾਬੀ ਕਲਾਕਾਰਾਂ ਬੱਬੂ ਮਾਨ, ਗਿੱਪੀ ਗਰੇਵਾਲ ਤੇ ਗੁਰਪ੍ਰੀਤ ਸਿੰਘ ਘੁੱਗੀ ਵਲੋਂ ਵੀ ਸ਼ਮੂਲੀਅਤ ਕੀਤੀ ਗਈ। ਸਮਾਗਮ ਵਿਚ ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾ, ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ, ਭਾਜਪਾ ਆਗੂ ਅਸ਼ਵਨੀ ਸ਼ਰਮਾ, ਤਰੁਣ ਚੁੱਘ, ਅਰਵਿੰਦ ਖੰਨਾ, ਫਤਿਹਜੰਗ ਸਿੰਘ ਬਾਜਵਾ, ਰਾਣਾ ਗੁਰਮੀਤ ਸਿੰਘ ਸੋਢੀ, ਮਨਪ੍ਰੀਤ ਸਿੰਘ ਬਾਦਲ ਤੇ ਚੰਡੀਗੜ੍ਹ ਦੇ ਭਾਜਪਾ ਆਗੂ ਸੰਜੇ ਟੰਡਨ ਤੋਂ ਇਲਾਵਾ ਹਰਿਆਣਾ ਦੇ ਮੰਤਰੀ ਅਨਿਲ ਵਿਜ ਵੀ ਹਾਜ਼ਰ ਸਨ। ਪੰਜਾਬ ਕਾਂਗਰਸ ਦੇ ਆਗੂ ਪ੍ਰਤਾਪ ਸਿੰਘ ਬਾਜਵਾ, ਰਾਣਾ ਗੁਰਜੀਤ ਸਿੰਘ, ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਲਾਲ ਸਿੰਘ ਤੇ ਉਨ੍ਹਾਂ ਦੇ ਬੇਟੇ ਰਜਿੰਦਰ ਸਿੰਘ, ਬ੍ਰਹਮ ਮਹਿੰਦਰਾ, ਵਜਿੰਦਰ ਸਿੰਗਲਾ, ਸੁਖ ਸਰਕਾਰੀਆਂ ਤੇ ਐਮ.ਪੀ ਗੁਰਜੀਤ ਸਿੰਘ ਔਜਲਾ, ਜਸਬੀਰ ਸਿੰਘ ਡਿੰਪਾ ਤੋਂ ਇਲਾਵਾ ਰਾਜਾ ਮਾਲਵਿੰਦਰ ਸਿੰਘ ਤੇ ਭਰਤਇੰਦਰ ਸਿੰਘ ਚਾਹਲ ਵੀ ਹਾਜ਼ਰ ਸਨ। ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਤੋਂ ਇਲਾਵਾ ਬਿਕਰਮ ਸਿੰਘ ਮਜੀਠੀਆ, ਦਲਜੀਤ ਸਿੰਘ ਚੀਮਾਂ, ਐਨ.ਕੇ. ਸ਼ਰਮਾ ਸਮੇਤ ਦਲ ਦੇ ਸਮੁੱਚੇ ਸੀਨੀਅਰ ਆਗੂ ਹਾਜ਼ਰ ਸਨ। ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਵੀ ਨਵ ਵਿਆਹੀ ਜੋੜੀ ਨੂੰ ਆਸ਼ੀਰਵਾਦ ਦਿੱਤਾ ਜਦੋਂ ਕਿ ਪੰਜਾਬ ਤੇ ਹਰਿਆਣਾ ਤੋਂ ਸਿਵਲ ਤੇ ਪੁਲਿਸ ਦੇ ਕਾਫ਼ੀ ਅਧਿਕਾਰੀਆਂ ਵੀ ਸਮਾਗਮ 'ਚ ਸ਼ਮੂਲੀਅਤ ਕੀਤੀ। ਮੁਹਾਲੀ ਜ਼ਿਲ੍ਹਾ ਪ੍ਰਸ਼ਾਸਕ ਅਤੇ ਚੰਡੀਗੜ੍ਹ ਪ੍ਰਸ਼ਾਸਨ ਵਲੋਂ ਵੀ.ਆਈ.ਪੀਜ਼ ਦੀ ਵੱਡੀ ਗਿਣਤੀ 'ਚ ਆਮਦ ਨੂੰ ਮੁੱਖ ਰੱਖ ਕਿ ਵਿਆਪਕ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ ਤੇ ਸਮਾਗਮ ਵਾਲੀ ਥਾਂ 'ਤੇ ਵੀ ਪੁਲਿਸ ਦੀ ਕਾਫ਼ੀ ਤਦਾਦ ਵਿੱਚ ਤਾਇਨਾਤ ਸੀ।





# ਮੁਕਤਸਰ ਦਾ ਡੀ.ਸੀ. ਮੁਅੱਤਲ

## ਵਿਜੀਲੈਂਸ ਦਾ ਮੁਖੀ ਬਦਲਿਆ



ਡਪਟੀ ਕਮਿਸ਼ਨਰ ਰਾਜੇਸ਼ ਤ੍ਰਿਪਾਠੀ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਸਖ਼ਤ ਕਾਰਵਾਈ ਦੀ ਚਿਤਾਵਨੀ ਦੇਣ ਤੋਂ ਤਿੰਨ ਦਿਨਾਂ ਬਾਅਦ ਪੰਜਾਬ ਸਰਕਾਰ ਨੇ ਦੋ ਵੱਡੀਆਂ ਕਾਰਵਾਈਆਂ ਕਰ ਦਿੱਤੀਆਂ। ਸਰਕਾਰ ਨੇ ਸੋਮਵਾਰ ਨੂੰ ਸ੍ਰੀ ਮੁਕਤਸਰ ਸਾਹਿਬ ਦੇ ਡਿਪਟੀ ਕਮਿਸ਼ਨਰ ਰਾਜੇਸ਼ ਤ੍ਰਿਪਾਠੀ ਨੂੰ ਮੁਅੱਤਲ ਕਰ ਦਿੱਤਾ ਤੇ ਨਾਲ ਹੀ ਉਨ੍ਹਾਂ ਖ਼ਿਲਾਫ਼ ਵਿਜੀਲੈਂਸ ਜਾਂਚ ਦੇ ਹੁਕਮ ਵੀ ਦੇ ਦਿੱਤੇ। ਦੂਜੇ ਹੁਕਮ 'ਚ ਵਿਜੀਲੈਂਸ ਮੁਖੀ ਵੀਰੇਂਦਰ ਕੁਮਾਰ ਨੂੰ ਹਟਾ ਕੇ ਉਨ੍ਹਾਂ ਦੀ ਥਾਂ ਨਾਗੇਸ਼ਵਰ ਰਾਓ ਨੂੰ ਨਵਾਂ ਵਿਜੀਲੈਂਸ ਮੁਖੀ ਲਗਾ ਦਿੱਤਾ ਗਿਆ ਹੈ।ਸੂਬੇ ਦੇ ਕਿਸੇ ਡਿਪਟੀ ਕਮਿਸ਼ਨਰ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਮੁਅਤਲ ਕਰਨਾ ਵੱਡੀ ਕਾਰਵਾਈ ਹੈ। ਹਾਲਾਂਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੌਰਾਨ ਫਿਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਡੀ.ਕੇ. ਤਿਵਾੜੀ ਨੂੰ ਵੀ ਮੁਅੱਤਲ ਕੀਤਾ ਗਿਆ ਸੀ। ਤਿਵਾੜੀ 'ਤੇ ਦੋਸ਼ ਸਨ ਕਿ ਉਹ ਆਪਣੀ ਛੁੱਟੀ ਮਨਜ਼ੂਰ ਕੀਤੇ ਬਿਨਾਂ ਹੀ ਸਟੇਸ਼ਨ ਛੱਡ ਗਏ ਸਨ। ਹਾਲਾਂਕਿ ਚਾਰ ਦਿਨ ਬਾਅਦ ਉਹ ਬਹਾਲ ਹੋ ਗਏ ਸਨ। ਸਬਾ ਸਰਕਾਰ ਨੇ ਪੀ.ਸੀ.ਐੱਸ. ਤੋਂ ਪਦਉਨਤ ਹੋ ਕੇ ਆਈ.ਏ.ਐੱਸ. ਬਣੇ ਰਾਜੇਸ਼ ਤ੍ਰਿਪਾਠੀ ਨੂੰ ਮੁਅਤਲ ਕਰਨ ਬਾਰੇ ਜਾਰੀ ਪ੍ਰੈਸ ਬਿਆਨ 'ਚ ਇਹ ਤਾਂ ਸਪਸ਼ਟ ਨਹੀਂ ਕਿ ਭ੍ਰਿਸ਼ਟਾਚਾਰ ਦੇ ਕਿਸ ਮਾਮਲੇ 'ਚ ਰਾਜੇਸ਼ ਤ੍ਰਿਪਾਠੀ ਨੂੰ ਮੁਅੱਤਲ ਲ ਕੀਤਾ ਗਿਆ ਹੈ ਪਰ ਸੂਤਰਾਂ ਮੁਤਾਬਕ ਉਨ੍ਹਾਂ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਕਈ ਮਾਮਲੇ ਹਨ। ਸਰਕਾਰ ਵੱਲੋਂ ਜਾਰੀ ਬਿਆਨ 'ਚ ਤ੍ਰਿਪਾਠੀ ਖ਼ਿਲਾਫ਼ ਵਿਜੀਲੈਂਸ ਜਾਂਚ ਦੇ ਹੁਕਮ ਦੇਣ ਦੀ ਗੱਲ ਕਹੀ ਹੈ।



ਨਾਗੇਸ਼ਵਰ ਰਾਓ

ਦੂਜੇ ਪਾਸੇ ਵਿਜੀਲੈਂਸ ਮੁਖੀ ਵਰਿੰਦਰ ਕੁਮਾਰ 'ਤੇ ਭ੍ਰਿਸ਼ਟਾਚਾਰ ਦਾ ਕੋਈ ਦੋਸ਼ ਨਹੀਂ ਹੈ, ਪਰ ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਵਿਜੀਲੈਂਸ ਕਾਰਨ ਪੰਜਾਬ ਸਰਕਾਰ ਦਾ ਅਕਸ ਖ਼ਰਾਬ ਹੋਇਆ ਹੈ। ਵਿਜੀਲੈਂਸ ਨੇ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਵਿਰੁੱਧ ਟੈਂਡਰ ਘੁਟਾਲੇ ਦਾ ਸਾਹਮਣਾ ਕਰਨਾ ਪਿਆ। ਇਸੇ ਤਰ੍ਹਾਂ ਮੋਹਾਲੀ 'ਚ ਉਦਯੋਗਿਕ ਜ਼ਮੀਨ ਤਬਾਦਲੇ ਦੇ ਮਾਮਲੇ 'ਚ ਵਿਜੀਲੈਂਸ ਨੇ ਸਾਬਕਾ ਕੈਬਨਿਟ ਮੰਤਰੀ ਸੁੰਦਰ ਸ਼ਾਮ ਅਰੋੜਾ ਤੇ ਆਈ.ਏ.ਐੱਸ ਅਧਿਕਾਰੀ ਨੀਲਿਮਾ ਖ਼ਿਲਾਫ਼ ਕੇਸ ਦਾਖ਼ਲ ਕੀਤਾ ਸੀ, ਪਰ ਇਹ ਮਾਮਲਾ ਵੀ ਹਾਈ ਕੋਰਟ 'ਚ ਟਿਕ ਨਹੀਂ ਸਕਿਆ। ਹਾਈ ਕੋਰਟ ਨੇ ਆਪਣੇ ਫ਼ੈਸਲੇ 'ਚ ਇੱਥੋਂ ਤੱਕ ਕਿਹਾ ਕਿ ਵਿਜੀਲੈਂਸ ਵੱਲੋਂ ਲਗਾਇਆ ਗਿਆ 500-700 ਕਰੋੜ ਰੁਪਏ ਦੇ ਨੁਕਸਾਨ ਦਾ ਦੋਸ਼ ਸਿਰਫ਼ ਕਲਪਨਾ ਸੀ। ਹਾਈ ਕੋਰਟ ਨੇ ਭਾਰਤ ਭੂਸ਼ਨ ਆਸ਼ੂ ਮਾਮਲੇ 'ਚ ਵੀ ਸਰਕਾਰ ਨੂੰ ਝਾੜ ਪਾਈ ਸੀ। ਇੱਥੇ ਖ਼ਾਸ ਗੱਲ ਇਹ ਹੈ ਕਿ ਪੰਜਾਬ ਸਰਕਾਰ ਨੇ ਵਿਜੀਲੈਂਸ ਦੇ ਜਿਸ ਮੁਖੀ ਵੀਰੇਂਦਰ ਕੁਮਾਰ ਨੂੰ ਹਟਾਇਆ ਹੈ। ਉਹ ਸੂਬੇ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਤੋਂ ਹੀ ਵਿਜੀਲੈਂਸ ਦੇ ਮੁਖੀ ਸਨ, ਪਰ ਕਈ ਕੇਸਾਂ ਕਾਰਨ ਲਗਾਤਾਰ ਸਰਕਾਰ ਦੇ ਵਿਗੜਦੇ ਅਕਸ ਨੂੰ ਦੇਖਦਿਆਂ ਸਰਕਾਰ ਨੇ ਉਸ ਨੂੰ ਬਦਲ ਦਿੱਤਾ ਹੈ।

## ਡੀ.ਸੀ ਨੂੰ 15 ਦਿਨਾਂ 'ਚ ਦੇਣੀ ਪਵੇਗੀ ਚਾਰਜਸ਼ੀਟ

ਨਿਯਮਾਂ ਮੁਤਾਬਕ ਆਈਏਐਸ ਅਧਿਕਾਰੀ ਨੂੰ ਮੁਅੱਤਲ ਕੀਤੇ ਜਾਣ ਦੇਰ ਕੱਟਿਆ ਦੇ ਅੰਦਰ ਕੇਂਦਰ ਸਰਕਾਰ ਨੂੰ ਸੂਚਿਤ ਕਰਨਾ ਪੈਂਦਾ ਹੈ ਤੇ 15 ਦਿਨਾਂ ਦੇ ਅੰਦਰ ਮੁਕੱਤ ਅਧਿਕਾਰੀ ਵਿਰੁੱਧ ਚਾਰਜਸ਼ੀਟ ਤਿਆਰ ਕਰ ਕੇ ਕੇਂਦਰ ਸਰਕਾਰ ਨੂੰ ਪ੍ਰਵਾਨਗੀ ਲਈ ਭੇਜਣੀ ਪੈਂਦੀ ਹੈ। ਕੇਂਦਰ ਸਰਕਾਰ ਇਸਨੂੰ 30 ਦਿਨਾਂ ਦੇ ਅੰਦਰ ਮਨਸੂਰ ਜਾਂ ਨਾਮਨਜ਼ੂਰ ਕਰ ਸਕਦੀ ਹੈ। ਜੇਕਰ ਕੇਂਦਰ ਸਰਕਾਰ 30 ਦਿਨਾਂ ਦੇ ਅੰਦਰ ਕੋਈ ਜਵਾਬ ਨਹੀਂ ਦਿੱਤਾ ਤਾਂ ਇਸਨੂੰ ਰੱਦ ਮੰਨਿਆ ਜਾਂਦਾ ਹੈ ਤੇ ਅਧਿਕਾਰੀ ਨੂੰ ਬਹਾਲ ਕਰ ਦਿੱਤਾ ਜਾਂਦਾ ਹੈ। ਆਮ ਆਦਮੀ ਪਾਰਟੀ ਦੀ ਹਾਈਕਮਾਨ ਨੇ ਦਿੱਲੀ ਵਿਧਾਨ ਸਭਾ ਚੋਣਾਂ 'ਚ ਹਾਰ ਤੋਂ ਬਾਅਦ ਆਪਣਾ ਧਿਆਨ ਪੰਜਾਬ ਸਰਕਾਰ ਦੀ ਦਿਖ ਸੁਧਾਰਨ 'ਤੇ ਕੇਂਦਰਿਤ ਕੀਤਾ ਹੈ। ਮੁੱਖ ਮੰਤਰੀ ਨੇ ਸੂਬੇ ਦੇ ਡਿਪਟੀ ਕਮਿਸ਼ਨਰਾਂ, ਐਸਡੀਐਮਜ਼, ਐਸਐਸਪੀਜ਼ ਤੇ ਐੱਸਐੱਚਓਜ਼ ਨੂੰ ਆਪਣੇ-ਆਪਣੇ ਖੇਤਰਾਂ 'ਚੋਂ ਭ੍ਰਿਸ਼ਟਾਚਾਰ ਖ਼ਤਮ ਕਰਨ ਜਾਂ ਨਤੀਜੇ ਭੁਗਤਣ ਲਈ ਤਿਆਰ ਰਹਿਣ ਦੇ ਹੁਕਮ ਦਿੱਤੇ ਸਨ। ਉਧਰ ਸਰਕਾਰ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਅਧਿਕਾਰੀਆਂ, ਮੁਲਾਜ਼ਮਾਂ ਬਾਰੇ ਨਾ ਸਿਰਫ ਆਮ ਲੋਕਾਂ ਤੋਂ, ਸਗੋਂ ਚੁਣੇ ਹੋਏ ਨੁਮਾਇੰਦਿਆਂ ਸੰਸਦ ਮੈਂਬਰਾਂ ਤੇ ਵਿਧਾਇਕਾਂ ਤੋਂ ਵੀ ਫੀਡਬੈਕ ਲਈ ਜਾਵੇਗੀ। ਮਿਲੀ ਫੀਡਬੈਕ ਮੁਤਾਬਕ ਅਫਸਰਾਂ ਖਿਲਾਫ਼ ਇਨਾਮ ਅਤੇ ਸਜ਼ਾਵਾਂ ਤੈਅ ਹੋਣਗੀਆਂ।

# ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਦਾ 'ਪੰਜਾਬ ਮਾਡਲ' ਪੇਸ਼ ਕਰੇਗੀ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਆਪਣੇ ਚੋਣ ਮਨੋਰਥ ਪੱਤਰ ਦੇ ਵਾਅਦੇ ਮੁਤਾਬਕ ਹੁਣ ਇਕ ਵਾਰ ਫਿਰ ਭ੍ਰਿਸ਼ਟਾਚਾਰ ਖ਼ਿਲਾਫ਼ ਸਖਤੀ ਕਰ ਰਹੀ ਹੈ। ਤਾਜਾ ਮਾਮਲੇ ਵਿਚ ਸਰਕਾਰ ਨੇ ਵਿਜੀਲੈਂਸ ਮੁਖੀ ਆਈਪੀਐਸ ਵਰਿੰਦਰ ਕੁਮਾਰ ਨੂੰ ਅਹੁਦੇ ਤੋਂ ਲਾਂਭੇ ਕਰ ਦਿੱਤਾ ਹੈ। ਉਨ੍ਹਾਂ ਦੀ ਥਾਂ 1995 ਬੈਂਚ ਦੇ ਏਡੀਜੀਪੀ ਜੀ. ਨਾਗੇਸ਼ਵਰ ਰਾਓ ਨੂੰ ਤਾਇਨਾਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਮੁਕਤਸਰ ਦੇ ਡੀ.ਸੀ. ਨੂੰ ਵੀ ਮੁਅੱਤਲ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਸਰਕਾਰ ਨੇ ਇਕ ਹੁਕਮ ਜਾਰੀ ਕਰ ਕੇ ਸਾਰੇ ਵਿਭਾਗਾਂ ਦੇ ਮੁਖੀਆਂ, ਡਿਪਟੀ ਕਮਿਸ਼ਨਰਾਂ ਤੇ ਐੱਸ.ਐੱਸ.ਪੀਜ਼. ਨੂੰ ਸਖ਼ਤੀ ਨਾਲ ਕਿਹਾ ਸੀ ਕਿ ਭ੍ਰਿਸ਼ਟਾਚਾਰ ਨੂੰ ਕਿਸੇ ਵੀ ਰੂਪ ਵਿਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਆਉਣ ਵਾਲੇ ਦਿਨਾਂ 'ਚ ਹੋਰ ਸਖ਼ਤ ਫ਼ੈਸਲੇ ਦੇਖਣ ਨੂੰ ਮਿਲ ਸਕਦੇ ਹਨ। ਜਦੋਂ ਤੋਂ ਸਿਵਲ ਤੇ ਪੁਲਿਸ ਪ੍ਰਸ਼ਾਸਨ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਲੋਕਾਂ ਦੇ ਕੰਮ ਬਿਨਾਂ ਕਿਸੇ ਪੈਸੇ, ਤਕਲੀਫ਼ ਅਤੇ ਸਿਫਾਰਸ਼ ਦੇ ਹੋਣੇ ਚਾਹੀਦੇ ਹਨ ਤੇ ਵਿਧਾਇਕਾਂ, ਅਧਿਕਾਰੀਆਂ ਤੇ ਜਨਤਾ ਤੋਂ ਇਸ ਬਾਰੇ ਫੀਡਬੈਕ ਲੈ ਕੇ ਅਫ਼ਸਰਾਂ ਦੀ ਏਸੀਆਰ ਬਣਾਉਣ ਦੀ ਗੱਲ ਆਖੀ ਗਈ ਹੈ, ਤਕਰੀਬਨ ਸਾਰੇ ਅਫ਼ਸਰਾਂ ਦੇ ਕੰਨ ਖੜ੍ਹੇ ਹੋ ਗਏ ਹਨ। ਦਰਅਸਲ, ਸੂਬਾ ਸਰਕਾਰ ਨੇ ਦਿੱਲੀ ਚੋਣਾਂ 'ਚ ਮਿਲੇ ਕੌੜੇ-ਕੁਸੈਲੇ ਤਜਰਬੇ ਤੋਂ ਬਾਅਦ 'ਪੰਜਾਬ ਮਾਡਲ' ਦਾ ਅਕਸ ਬਣਾਉਣ ਲਈ ਇਹ ਮੁਹਿੰਮ ਸ਼ੁਰੂ ਕੀਤੀ ਹੈ। ਭ੍ਰਿਸ਼ਟਾਚਾਰ ਦੇ ਮਾਮਲੇ 'ਚ ਬੀਤੇ ਕੱਲ੍ਹ ਜਗਰਾਓ ਤੇ ਲੁਧਿਆਣਾ, ਦੋ ਥਾਈ ਤਾਇਨਾਤੀ ਵਾਲੇ ਤਹਿਸੀਲਦਾਰ ਵੱਲੋਂ ਚਾਲੀ ਕਿੱਲੋਮੀਟਰ ਦਾ ਸਫ਼ਰ ਚਾਰ ਮਿੰਟ 'ਚ ਤੈਅ ਕਰ ਕੇ ਰਜਿਸਟਰੀਆਂ ਕਰਨ ਦਾ ਮਾਮਲਾ ਵੀ ਹਾਲੇ ਧੁਖ ਰਿਹਾ ਹੈ। ਮਾਲ ਮੰਤਰੀ ਹਰਦੀਪ ਸਿੰਘ ਮੁੰਡੀਆਂ ਕੋਲ ਇਸ ਬਾਰੇ ਸ਼ਿਕਾਇਤ ਵੀ ਪਹੁੰਚੀ ਹੋਈ ਹੈ। ਇਸੇ ਤਰ੍ਹਾਂ ਫ਼ਰੀਦਕੋਟ ਜ਼ਿਲ੍ਹਾ ਪੁਲਿਸ ਵੱਲੋਂ ਕੇਸ ਦਾ ਡਰ ਦਿਖਾ ਕੇ ਲੁਧਿਆਣਾ ਦੇ ਕਬਾੜੀ ਪਰਿਵਾਰ ਕੋਲੋਂ 2 ਲੱਖ ਦੀ ਰਿਸ਼ਵਤ ਲੈਣ ਦਾ ਮਾਮਲਾ ਵੀ ਸਾਹਮਣੇ ਆਇਆ ਹੈ। ਇਸ ਮਾਮਲੇ ਵਿਚ ਥਾਣਾ ਸਾਦਿਕ ਦੀ ਐੱਸਐੱਚਓ, ਸਬ-ਇੰਸਪੈਕਟਰ ਤੇ ਉਸ ਦੇ 2 ਗੰਨਮੈਨਾਂ ਖ਼ਿਲਾਫ਼ ਕੇਸ ਦਰਜ ਗਿਆ ਹੈ। ਸੂਬੇ ਵਿਚ ਸਰਕਾਰ ਕਿਸੇ ਵੀ ਪਾਰਟੀ ਦੀ ਰਹੀ ਹੋਵੇ, ਭ੍ਰਿਸ਼ਟਾਚਾਰ ਦੇ ਮਾਮਲਿਆਂ ਨੂੰ ਠੱਲ੍ਹ ਨਹੀਂ ਪੈ ਰਹੀ। ਵਿਜੀਲੈਂਸ ਨੇ ਸਾਲ 2023 'ਚ 26 ਦਸੰਬਰ ਤੱਕ 251 ਟਰੈਪ ਕੇਸ, ਆਮਦਨ ਤੋਂ ਵੱਧ ਜਾਇਦਾਦ ਬਣਾਉਣ ਵਾਲੇ ਮਾਮਲਿਆਂ ਵਿਚ 288 ਸਰਕਾਰੀ ਅਧਿਕਾਰੀਆਂ ਤੇ ਹੋਰ ਕਰਮਚਾਰੀਆਂ ਤੇ ਨਿੱਜੀ ਵਿਅਕਤੀਆਂ ਨੂੰ ਕਾਬੂ ਕੀਤਾ। ਇਸੇ ਸਾਲ 133 ਵੱਖ-ਵੱਖ ਟਰੈਪ ਕੇਸਾਂ 'ਚ 59,57,000 ਰੁਪਏ ਦੀ ਰਾਸ਼ੀ ਵੀ ਫੜੀ ਗਈ। ਸਾਲ 2023 ਵਿਚ ਹੀ ਵਿਜੀਲੈਂਸ ਦੀ ਬਠਿੰਡਾ ਰੇਂਜ ਨੇ ਬਲਜੀਤ ਸਿੰਘ ਬਰਾੜ, ਡੀਐੱਸਪੀ, ਮੌੜ ਮੰਡੀ ਨੂੰ 30,000 ਰੁਪਏ ਦੀ ਵੱਢੀ ਵਾਲੀ ਰਕਮ ਨਾਲ ਕਾਬੂ ਕੀਤਾ ਸੀ। ਇਸੇ ਸਾਲ ਵਿਧਾਇਕ ਅਮਿਤ ਰਤਨ ਨੂੰ 4 ਲੱਖ ਰੁਪਏ ਦੀ ਰਿਸ਼ਵਤ ਨਾਲ ਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਮੋਹਾਲੀ ਦੇ ਸੁਪਰਡੈਂਟ ਇੰਜੀਨੀਅਰ ਆਰ.ਕੇ. ਗੁਪਤਾ ਨੂੰ ਇਕ ਲੱਖ ਰੁਪਏ ਰਿਸ਼ਵਤ ਲੈਂਦਿਆਂ ਹਿਰਾਸਤ ਵਿਚ ਲਿਆ ਸੀ। ਇਸ ਤੋਂ ਇਲਾਵਾ ਹੋਰ ਵੀ ਮਾਮਲੇ ਸਾਹਮਣੇ ਆਏ ਸਨ ਜਿਨ੍ਹਾਂ ਵਿਚ ਵਿਜੀਲੈਂਸ ਜਲੰਧਰ ਰੇਂਜ ਨੇ ਮਾਈਨਿੰਗ ਦੇ ਕਾਰਜਕਾਰੀ ਇੰਜੀਨੀਅਰ ਤੇ ਹੁਸ਼ਿਆਰਪੁਰ ਤੇ ਦਸੂਹਾ ਮਾਈਨਿੰਗ ਅਧਿਕਾਰੀਆਂ ਨੂੰ ਵੀ ਲੱਖਾਂ ਰੁਪਏ ਰਿਸ਼ਵਤ ਲੈਣ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਹੈ। ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਵਿਚ ਜੇ ਸੀਨੀਅਰ ਅਫ਼ਸਰ ਵੀ ਕੁੜਿੱਕੀ ਵਿਚ ਆਏ ਹਨ ਤਾਂ ਸਰਕਾਰ ਦੀ ਇਸ ਮੁਹਿੰਮ ਨੂੰ ਹਾਂ-ਪੱਖੀ ਕਿਹਾ ਜਾ ਸਕਦਾ ਹੈ।



ਪੰਜਾਬ ਟਾਈਮਜ਼

22 ਫਰਵਰੀ, ਸ਼ਨਿਚਰਵਾਰ

# ਅਮਰੀਕਾ ਤੋਂ ਵਾਪਸੀ ਦਾ ਦਰਦ

ਅਮਰੀਕਾ ਦੇ ਫੌਜੀ ਜਹਾਜ਼ਾਂ ਰਾਹੀਂ ਹੱਥਕੜੀਆਂ ਅਤੇ ਬੇੜੀਆਂ ਵਿੱਚ ਬੰਨ੍ਹੇ ਹੋਏ ਭਾਰਤੀ ਅੰਮ੍ਰਿਤਸਰ ਦੇ ਹਵਾਈ ਅੱਡੇ ਉੱਤੇ ਤਿੰਨ ਪੂਰਾਂ ਵਿੱਚ ਉਤਰ ਚੁੱਕੇ ਹਨ। ਵਾਪਸੀ ਦਾ ਜੋ ਤਰੀਕਾ ਅਪਣਾਇਆ ਗਿਆ ਹੈ,ਇਹ ਸਿਰਫ਼ ਵਾਪਸੀ ਦਾ ਮਸਲਾ ਨਹੀਂ ਰਹਿ ਜਾਂਦਾ, ਇਸ ਨਾਲ ਸਾਡੇ ਦੇਸ਼ ਦੀ ਅਜ਼ਮਤ ਨੂੰ ਆਂਚ ਆਈ ਹੈ।

ਅਮਰੀਕਾ ਵਲੋਂ ਆਪਣੇ ਫ਼ੌਜੀ ਜਹਾਜ਼ਾਂ ਰਾਹੀਂ ਹੱਥਾਂ ਪੈਰਾਂ ਨੂੰ ਜਕੜ ਕੇ ਅੰਮ੍ਰਿਤਸਰ ਭੇਜੇ ਗਏ ਗੈਰ-ਕਾਨੂੰਨੀ ਪ੍ਰਵਾਸੀ ਭਾਰਤੀਆਂ ਦੇ ਘਟਨਾਕ੍ਰਮ ਨੇ ਸਾਰੇ ਦੇਸ਼ 'ਚ ਹਲਚਲ ਮਚਾ ਦਿੱਤੀ ਸੀ, ਪਰ ਇਹ ਘਟਨਾਕ੍ਰਮ ਇੱਥੇ ਹੀ ਰੁਕਣ ਵਾਲਾ ਨਹੀਂ ਸੀ। ਪ੍ਰਵਾਸੀ ਭਾਰਤੀਆਂ ਨੂੰ ਲੈ ਕੇ ਹੁਣ ਤੱਕ ਤਿੰਨ ਅਮਰੀਕੀ ਫ਼ੌਜੀ ਜਹਾਜ਼ ਅੰਮ੍ਰਿਤਸਰ ਉਤਾਰੇ ਜਾ ਚੁੱਕੇ ਹਨ । ਦੇਸ਼ ਦੀਆਂ ਵਿਰੋਧੀਆਂ ਪਾਰਟੀਆਂ ਅਤੇ ਲੋਕਾਂ ਦੇ ਸਖ਼ਤ ਵਿਰੋਧ ਨੂੰ ਦੇਖਦਿਆਂ ਉਮੀਦ ਜਤਾਈ ਜਾ ਰਹੀ ਸੀ ਕਿ ਅਗਲੀ ਵਾਰ ਇਨ੍ਹਾਂ ਪ੍ਰਵਾਸੀ ਭਾਰਤੀਆਂ ਨੂੰ ਕੈਦੀਆਂ ਵਾਂਗ ਇਧਰ ਨਹੀਂ ਭੇਜਿਆ ਜਾਵੇਗਾ, ਪਰ ਇਨ੍ਹਾਂ ਉਮੀਦਾਂ ਦੇ ਉਲਟ ਅੰਮ੍ਰਿਤਸਰ ਪੁੱਜੇ ਜਹਾਜ਼ 'ਚ ਵੀ ਇਨ੍ਹਾਂ ਪ੍ਰਵਾਸੀ ਭਾਰਤੀਆਂ ਨੂੰ ਹਰ ਵਾਰ ਹੱਥਕੜੀਆਂ ਤੇ ਪੈਰਾਂ 'ਚ ਬੇੜੀਆਂ ਪਾ ਕੇ ਹੀ ਲਿਆਂਦਾ ਗਿਆ ਪਤਾ ਲੱਗਾ ਕਿ ਇਹ ਸਿਲਸਿਲਾ ਅਜੇ ਚਲਦਾ ਰਹੇਗਾ।

ਡੋਨਾਲਡ ਟਰੰਪ ਦੇ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲਣ ਤੋਂ ਬਾਅਦ ਤੇਜ਼ੀ ਨਾਲ ਅਮਰੀਕੀ ਪ੍ਰਸ਼ਾਸਨ ਨੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਆਪਣੇ ਦੇਸ਼ ਵਿਚੋਂ ਕੱਢਣਾ ਸ਼ੁਰੂ ਕਰ ਦਿੱਤਾ ਹੈ। ਇਸ ਮੁੱਦੇ ਨੂੰ ਲੈ ਕੇ ਦੇਸ਼ ਦੀਆਂ ਸਿਆਸੀ ਪਾਰਟੀਆਂ ਜੰਮ ਕੇ ਰਾਜਨੀਤੀ ਕਰ ਰਹੀਆਂ ਹਨ। ਵਿਰੋਧੀ ਪਾਰਟੀਆਂ ਇਸ ਸਾਰੀ ਸਥਿਤੀ ਲਈ ਕੇਂਦਰ ਦੀ ਸੱਤਾਧਾਰੀ ਭਾਜਪਾ ਨੂੰ ਜ਼ਿੰਮੇਵਾਰ ਠਹਿਰਾ ਰਹੀਆਂ ਹਨ ਅਤੇ ਭਾਜਪਾ ਦੇ ਆਗੂ ਇਸ ਲਈ ਵਿਰੋਧੀ ਪਾਰਟੀਆਂ ਜਾਂ ਵਿਰੋਧੀ ਪਾਰਟੀਆਂ ਦੀਆਂ ਰਾਜ ਸਰਕਾਰਾਂ ਨੂੰ ਜ਼ਿੰਮੇਵਾਰ ਠਹਿਰਾ ਰਹੇ ਹਨ। ਕੋਈ ਆਗੂ ਕਹਿੰਦਾ ਹੈ ਕਿ ਜਿਸ ਤਰ੍ਹਾਂ ਅਮਰੀਕਾ ਨੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਪਹਿਲੇ ਜਹਾਜ਼ ਵਿਚ ਹੱਥਕੜੀਆਂ ਲਗਾ ਕੇ ਵਾਪਸ ਭੇਜਿਆ ਹੈ, ਉਸ ਵਿਰੁੱਧ ਭਾਰਤ ਦੀ ਸਰਕਾਰ ਨੂੰ ਸਖ਼ਤ ਰੋਸ ਪ੍ਰਗਟ ਕਰਨਾ ਚਾਹੀਦਾ ਸੀ, ਕਿਉਂਕਿ ਪਹਿਲਾਂ ਅਮਰੀਕਾ ਵਲੋਂ ਕਦੇ ਵੀ ਅਜਿਹਾ ਨਹੀਂ ਕੀਤਾ ਗਿਆ। ਕੋਈ ਹੋਰ ਆਗੂ ਇਹ ਕਹਿੰਦਾ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਵਲੋਂ ਆਪਣੀ ਮੁਲਾਕਾਤ ਦੌਰਾਨ ਇਹ ਮਸਲਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਕੋਲ ਉਠਾਉਣਾ ਚਾਹੀਦਾ ਸੀ। ਪੰਜਾਬ ਦੇ ਕਈ ਸਿਆਸੀ ਆਗੂ ਇਹ ਕਹਿ ਰਹੇ ਹਨ ਕਿ ਗ਼ੈਰ-ਕਾਨੂੰਨੀ ਪ੍ਰਵਾਸੀ ਭਾਰਤੀਆਂ ਦੀ ਵਾਪਸੀ ਲਈ ਅੰਮ੍ਰਿਤਸਰ ਦੇ ਹਵਾਈ ਅੱਡੇ ਨੂੰ ਹੀ ਕਿਉਂ ਚੁਣਿਆ ਗਿਆ? ਇਹ ਵੀ ਦੋਸ਼ ਲਾਏ ਜਾ ਰਹੇ ਹਨ ਕਿ ਕੇਂਦਰ ਦੇ ਸੱਤਾਧਾਰੀ ਹਾਕਮ ਪੰਜਾਬ ਤੇ ਪੰਜਾਬੀਆਂ ਦੇ ਅਕਸ ਨੂੰ ਖ਼ਰਾਬ ਕਰਨ ਲਈ ਅਜਿਹਾ ਕਰ ਰਹੇ ਹਨ।

ਦੇਸ਼ ਦੀ ਕੇਂਦਰੀ ਸਰਕਾਰ, ਵਿਰੋਧੀ ਪਾਰਟੀਆਂ ਅਤੇ ਵੱਖ-ਵੱਖ ਰਾਜਾਂ ਦੀਆਂ ਸੂਬਾਈ ਸਰਕਾਰਾਂ ਨੂੰ ਇਸ ਸਾਰੇ ਘਟਨਾਕ੍ਰਮ ਬਾਰੇ ਗੰਭੀਰਤਾ ਨਾਲ ਵਿਚਾਰ ਕਰਨੀ ਚਾਹੀਦੀ ਹੈ।ਸਿੱਖਿਆ ਦੇ ਨਿੱਜੀਕਰਨ ਨੇ ਵੀ ਅਜਿਹੀਆਂ ਸਥਿਤੀਆਂ ਨੂੰ ਜਨਮ ਦਿੱਤਾ ਹੈ। ਸਰਕਾਰਾਂ ਨੇ ਸਰਕਾਰੀ ਯੂਨੀਵਰਸਿਟੀਆਂ, ਕਾਲਜ ਅਤੇ ਸਕੂਲਾਂ ਤੋਂ ਲਗਭਗ ਆਪਣੇ ਹੱਥ ਪਿੱਛੇ ਖਿੱਚ ਲਏ ਹਨ। ਸਰਕਾਰੀ ਸਿੱਖਿਆ ਅਦਾਰਿਆ ਵਿਚ ਦਹਾਕਿਆਂ ਤੱਕ ਪੂਰੇ ਅਧਿਆਪਕ ਅਤੇ ਹੋਰ ਅਮਲਾ ਨਿਯੁਕਤ ਨਾ ਕਰਨ, ਸਰਕਾਰੀ ਸਿੱਖਿਆ ਅਦਾਰਿਆਂ ਦੀਆਂ ਇਮਾਰਤਾਂ ਬਿਹਤਰ ਨਾ ਬਣਾਉਣ ਅਤੇ ਉਨ੍ਹਾਂ ਨੂੰ ਮਿਆਰੀ ਸਿੱਖਿਆ ਦੇਣ ਲਈ ਲੋੜੀਦੇ ਹੋਰ ਉਪਕਰਨ ਮੁਹੱਈਆ ਨਾ ਕਰਵਾਉਣ ਸਦਕਾ ਸਰਕਾਰੀ ਸਿੱਖਿਆ ਅਦਾਰੇ ਯੂਨੀਵਰਸਿਟੀਆਂ ਤੋਂ ਲੈ ਕੇ ਸਕੂਲਾਂ ਤੱਕ ਦਮ ਤੋੜਦੇ ਨਜ਼ਰ ਆ ਰਹੇ ਹਨ। ਇਸ ਕਾਰਨ ਗਰੀਬ ਵਰਗ ਦੇ ਨੌਜਵਾਨਾਂ ਦੀ ਪਹੁੰਚ ਵਿਚੋਂ ਮਿਆਰੀ ਸਿੱਖਿਆ ਬਾਹਰ ਹੋ ਗਈ ਹੈ, ਕਿਉਂਕਿ ਉਹ ਨਿੱਜੀ ਸਿੱਖਿਆ ਅਦਾਰਿਆਂ ਤੋਂ ਮਹਿੰਗੀ ਸਿੱਖਿਆ ਪ੍ਰਾਪਤ ਨਹੀਂ ਕਰ ਸਕਦੇ। ਜੇਕਰ ਗਹਿਰਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਵੱਡੀ ਪੱਧਰ 'ਤੇ ਇਹ ਗੱਲ ਸਾਹਮਣੇ ਆ ਸਕਦੀ ਹੈ, ਕਿ ਜਿਹੜੇ ਨੌਜਵਾਨ ਗੈਰ-ਕਾਨੂੰਨੀ ਪ੍ਰਵਾਸ ਕਰ ਰਹੇ ਹਨ, ਉਨ੍ਹਾਂ ਵਿਚ ਵਧੇਰੇ ਗਿਣਤੀ ਉਨ੍ਹਾਂ ਨੌਜਵਾਨਾਂ ਦੀ ਹੈ, ਜਿਨ੍ਹਾਂ ਕੋਲ ਮਿਆਰੀ ਸਿੱਖਿਆ ਨਹੀਂ ਹੈ।ਉਹ ਆਈਲੈਟਸ ਵਿਚ ਲੋੜੀਂਦੇ ਬੈਂਡ ਲੈ ਕੇ ਜਾਂ ਹੋਰ ਖੇਤਰਾਂ ਦੀ ਮਿਆਰੀ ਸਿੱਖਿਆ ਹਾਸਿਲ ਕਰ ਕੇ ਆਪਣਾ ਬਾਹਰ ਜਾਣ ਦਾ ਸੁਪਨਾ ਪੂਰਾ ਨਹੀਂ ਕਰ ਸਕਦੇ। ਅਜਿਹੇ ਨੌਜਵਾਨ ਹੀ ਗੈਰ-ਕਾਨੂੰਨੀ ਧੰਦੇ ਵਿਚ ਲੱਗੇ ਏਜੰਟਾਂ ਦੇ ਚੱਕਰ ਵਿਚ ਫਸਦੇ ਹਨ ਅਤੇ ਉਨ੍ਹਾਂ ਨੂੰ ਲੱਖਾਂ ਰੁਪਏ ਦੇ ਕੇ ਗ਼ੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਜਾਣ ਦਾ ਯਤਨ ਕਰਦੇ ਹਨ।

ਇਸ ਲਈ ਇਹ ਬੇਹੱਦ ਜ਼ਰੂਰੀ ਹੈ ਕਿ ਸਰਕਾਰ ਆਪਣੀ ਨੌਜਵਾਨ ਪੀੜ੍ਹੀ ਨੂੰ ਦੇਸ਼ ਵਿਚ ਸਸਤੀ ਤੇ ਮਿਆਰੀ ਸਿੱਖਿਆ ਦੇਣ ਦਾ ਵੱਡੀ ਪੱਧਰ 'ਤੇ ਪ੍ਰਬੰਧ ਕਰੇ ਅਤੇ ਦੇਸ਼ ਵਿਚ ਅਜਿਹੀਆਂ ਆਰਥਿਕ ਨੀਤੀਆਂ ਲਾਗੂ ਕੀਤੀਆਂ ਜਾਣ, ਜਿਨ੍ਹਾਂ ਨਾਲ ਖੇਤੀਬਾੜੀ, ਵਪਾਰ, ਸਨਅਤਾਂ ਆਦਿ ਗੈਰ-ਸਰਕਾਰੀ ਖੇਤਰਾਂ ਵਿਚ ਅਤੇ ਇਸ ਦੇ ਨਾਲ-ਨਾਲ ਸਰਕਾਰੀ ਵਿਭਾਗਾਂ ਵਿਚ ਵੀ ਨੌਜਵਾਨਾਂ ਨੂੰ ਰੁਜ਼ਗਾਰ ਦੇ ਢੁਕਵੇਂ ਮੌਕੇ ਮਿਲ ਸਕਣ। ਸਰਕਾਰਾਂ ਨੂੰ ਆਪਣੇ ਦੇਸ਼ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪੈਦਾ ਕਰਨ ਨੂੰ ਆਪਣੀ ਮੁੱਖ ਤਰਜੀਹ ਬਣਾਉਣਾ ਚਾਹੀਦਾ ਹੈ। ਅਜਿਹੀਆਂ ਕਾਰਪੋਰੇਟ ਪੱਖੀ ਨੀਤੀਆਂ, ਜਿਹੜੀਆਂ ਘੱਟ ਤੋਂ ਘੱਟ ਮਨੁੱਖੀ ਸ਼ਕਤੀ ਦੀ ਵਰਤੋਂ ਕਰ ਕੇ ਕਾਰਪੋਰੇਟਰਾਂ ਨੂੰ ਵੱਧ ਤੋਂ ਵੱਧ ਉਤਪਾਦਨ ਕਰਕੇ ਅੰਨ੍ਹਾ ਮੁਨਾਫ਼ਾ ਕਮਾਉਣ ਦੀ ਖੁੱਲ੍ਹ ਦਿੰਦੀਆਂ ਹਨ ਅਤੇ ਇਸ ਤਰ੍ਹਾਂ ਰੁਜ਼ਗਾਰ ਵਿਹੂਣੇ ਵਿਕਾਸ ਦਾ ਮਾਰਗ ਖੋਲ੍ਹਦੀਆਂ ਹਨ 'ਤੇ ਰੋਕ ਲਗਾਉਣੀ ਚਾਹੀਦੀ ਹੈ। ਜੇਕਰ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਗ਼ੈਰ-ਕਾਨੂੰਨੀ ਪ੍ਰਵਾਸ ਨੂੰ ਰੋਕਣਾ ਅਸੰਭਵ ਹੋਵੇਗਾ। ਨੌਜਵਾਨਾਂ ਵਿਚ ਲਗਾਤਾਰ ਵਧ ਰਹੀ ਬੇਰੁਜਗਾਰੀ ਅਮਨ ਕਾਨੂੰਨ ਲਈ ਵੀ ਵੱਡੀ ਚੁਣੌਤੀ ਬਣ ਸਕਦੀ ਹੈ।ਸਰਕਾਰ ਅਜਿਹੀ ਨੀਤੀ ਅਖ਼ਤਿਆਰ ਕਰੇ, ਜਿਸ ਨਾਲ ਆਪਣੇ ਹੀ ਦੇਸ਼ ਵਿਚ ਨੌਜਵਾਨਾਂ ਨੂੰ ਮਿਆਰੀ ਸਿੱਖਿਆ ਤੇ ਸਨਮਾਨਜਨਕ ਰੁਜ਼ਗਾਰ ਮਿਲ ਸਕੇ। ਅਜੇਹਾ ਨਾ ਹੋਣ ਦੀ ਸੂਰਤ ਵਿੱਚ ਇਹ ਦਰਦ ਵਧਦਾ ਹੀ ਜਾਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਤਾ.ਲੋਂ ਖੁੰਝੀ ਡੂੰਮਣੀ !

ਕਰ'ਤੀ ਦੇਰ ਅਸਤੀਫੇ ਤੱਕ ਪਹੁੰਚਦੇ ਨੇ, ਸਮਾਂ ਲਿਆ ਗੁਲਾਮੀ ਵਿਚ ਗਾ.ਲ ਮੀਆਂ।
ਆਖਾ ਮੰਨਿਆ 'ਤਖਤ' ਅਣਡਿੱਠ ਕਰਕੇ, ਕਹਿੰਦਾ ਰਿਹਾ ਜੋ 'ਗੁਰੂ-ਘੰਟਾ.ਲ' ਮੀਆਂ।
ਚੋਣ ਲੜਨੀ ਸੀ ਕਾਹਤੋਂ 'ਪ੍ਰਧਾਨਗੀ' ਦੀ, ਜੇ ਕਰ ਮਾਰਨੀ ਏਦਾਂ ਸੀ 'ਛਾ.ਲ' ਮੀਆਂ।
ਰਿਹਾ 'ਬਾਦਲੀ-ਪ੍ਰੇਮ' ਨਾ ਹੀ ਪੰਥ ਪੱਲੇ, ਲੈਣਾ 'ਮਾਲਕਾਂ' ਹੋਰ ਕੋਈ ਭਾ.ਲ ਮੀਆਂ।
ਥਾਂਹ ਅਸਤੀਫੇ ਦੀ ਜੁਰ੍ਹਤ ਨੂੰ ਵਰਤ ਲੈਂਦਾ, ਦਿੰਦਾ ਉਤਲਿਆਂ ਹੁਕਮਾਂ ਨੂੰ ਟਾ.ਲ ਮੀਆਂ।
'ਤਾ.ਲੋਂ ਖੁੰਝੀ' ਕੋਈ ਡੂੰਮਣੀ 'ਰਾਗ' ਗਾਵੇ, ਉਸਨੂੰ ਕਹਿੰਦੇ ਨੇ 'ਆ.ਲ-ਪਤਾ.ਲ' ਮੀਆਂ !

# ਮੋਦੀ ਟਰੰਪ ਦੀ ਭਾਈਵਾਲੀ - ਦੁਨੀਆ ਲਈ ਨਵੀਂ ਲੀਡਰਸ਼ਿਪ

ਅੱਤਵਾਦੀਆਂ ਦੀ ਪਨਾਹਗਾਹ 'ਤੇ ਭਾਰਤ ਅਤੇ ਅਮਰੀਕਾ ਦੇ ਸਾਂਝੇ ਬਿਆਨ ਨੇ ਗੁਆਂਢੀ ਦੇਸ਼ਾਂ ਨੂੰ ਹੈਰਾਨ ਅਤੇ ਡਰਾ ਦਿੱਤਾ ਹੈ।

ਭਾਰਤ-ਅਮਰੀਕਾ ਵੱਲੋਂ ਅੱਤਵਾਦ ਨਾਲ ਮਜ਼ਬੂਤੀ ਨਾਲ ਲੜਨ ਦੇ ਐਲਾਨ ਨੇ ਇਕ ਤੇ ਗਿਆਰਾਂ ਨੂੰ ਗੁਆਂਢੀ ਪਸਾਰਵਾਦੀ ਦੇਸ਼ਾਂ 'ਚ ਦਹਿਸ਼ਤ ਦਾ ਮਾਹੌਲ ਬਣਾ ਦਿੱਤਾ ਹੈ- ਵਿਸ਼ਵ ਪੱਧਰ 'ਤੇ ਭਾਰਤ ਦਾ ਵਿਰੋਧ ਕਰਨ ਵਾਲੇ ਦੇਸ਼ਾਂ 'ਚ ਮੋਦੀ ਦੀ ਵਾਸ਼ਿੰਗਟਨ ਫੇਰੀ ਅਤੇ ਟਰੰਪ ਨਾਲ ਉਨ੍ਹਾਂ ਦੀ ਸ਼ਾਨਦਾਰ ਕੈਮਿਸਟਰੀ, ਦੋਸਤੀ ਅਤੇ ਕਈ ਸਮਝੌਤਿਆਂ, ਐਫ-35 ਜਹਾਜ਼ਾਂ ਦੀ ਪੇਸ਼ਕਸ਼ ਅਤੇ ਅੱਤਵਾਦ 'ਤੇ ਸਾਂਝੇ ਬਿਆਨ ਨੇ ਖਾਸ ਤੌਰ

**ਕਿਸ਼ਨ ਮਨਸੁਖੀਆ ਭਵਨਾਨੀ**

'ਤੇ ਗੁਆਂਢੀ ਅਤੇ ਵਿਸਥਾਰਵਾਦੀ ਦੇਸ਼ਾਂ ਨੂੰ ਪਰੇਸ਼ਾਨ ਕਰ ਦਿੱਤਾ ਹੈ ਅਤੇ ਤੁਰੰਤ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਉਹ ਟਰੰਪ ਦੀ ਅਜਿਹੀ ਕੁਰਬਾਨੀ ਤੋਂ ਬਿਨਾਂ ਹੈਰਾਨ ਰਹਿ ਗਏ ਹਨ ਭਾਰਤ ਲਈ 26/ 11 ਦਾ ਮੁੰਬਈ ਹਮਲਾ। ਦੀ ਹਵਾਲਗੀ ਕਰਨ ਦਾ ਐਲਾਨ ਕੀਤਾ। ਤੁਹਾਨੂੰ ਦੱਸ ਦੇਈਏ ਕਿ ਭਾਵੇਂ ਭਾਰਤ ਸਮੇਤ ਪੂਰੀ ਦੁਨੀਆ ਅੱਤਵਾਦ ਨਾਂ ਦੀ ਮਨੁੱਖ ਦੁਆਰਾ ਬਣਾਈ ਤ੍ਰਾਸਦੀ ਨਾਲ ਜੂਝ ਰਹੀ ਹੈ, ਫਿਰ ਵੀ ਭਾਰਤ ਲੰਬੇ ਸਮੇਂ ਤੋਂ ਅੱਤਵਾਦ ਦਾ ਸ਼ਿਕਾਰ ਹੈ। ਭਾਰਤੀ ਰਾਜਾਂ ਵਿੱਚੋਂ ਮੁੱਖ ਤੌਰ 'ਤੇ ਜੰਮੂ-ਕਸ਼ਮੀਰ, ਮਹਾਰਾਸ਼ਟਰ, ਦਿੱਲੀ, ਪੰਜਾਬ ਅਤੇ ਉੱਤਰ ਪ੍ਰਦੇਸ਼, ਆਸਾਮ ਸ਼ਹਿਰ ਸਮੇਤ ਕਈ ਰਾਜਾਂ ਵਿੱਚ ਅੱਤਵਾਦ ਭਾਰਤੀ ਉਪ-ਮਹਾਂਦੀਪ ਦੇ ਵਿਕਾਸ ਵਿੱਚ ਇੱਕ ਵੱਡੀ ਸਮੱਸਿਆ ਸਾਬਤ ਹੋਇਆ ਹੈ, ਜੋ ਸਮੇਂ-ਸਮੇਂ 'ਤੇ ਅੰਦਰੂਨੀ ਸੁਰੱਖਿਆ ਪ੍ਰਣਾਲੀ ਅਤੇ ਪ੍ਰਸ਼ਾਸਨਿਕ ਪ੍ਰਣਾਲੀ 'ਤੇ ਸਵਾਲ ਖੜ੍ਹੇ ਕਰਦਾ ਰਿਹਾ ਹੈ ਅਤੇ ਹੁਣ ਤੱਕ ਮੁੰਬਈ ਬੰਬ ਧਮਾਕਿਆਂ,ਬੰਬ ਧਮਾਕਿਆਂ, ਸੰਪੱਤੀ ਜਾਂ ਸੰਪੱਤੀ ਦੀਆਂ ਘਟਨਾਵਾਂ ਨਾਲ ਬਹੁਤ ਜ਼ਿਆਦਾ ਜਾਨ-ਮਾਲ ਦਾ ਨੁਕਸਾਨ ਹੋਇਆ ਹੈ। ਰੇਲਵੇ ਸਟੇਸ਼ਨ 'ਤੇ ਅੱਤਵਾਦੀ ਘਟਨਾ ਜਾਂ ਦਿੱਲੀ ਜਾਂ ਜੰਮੂ ਦੀ ਘਟਨਾ। ਕਸ਼ਮੀਰ ਪੁਲਵਾਮਾ ਹਮਲਾ, ਸੰਸਦ 'ਤੇ ਹਮਲਾ ਜਾਂ 26/ 11 ਦਾ ਹਮਲਾ,ਸਭਅਣਗਿਣਤ ਹਨ। ਜਿਹੜੇ ਖੇਤਰ ਲੰਬੇ ਸਮੇਂ ਤੋਂ ਅੱਤਵਾਦੀ ਗਤੀਵਿਧੀਆਂ ਨਾਲ ਜੁੜੇ ਹੋਏ ਹਨ ਅੱਜ ਜੰਮੂ ਅਤੇ ਕਸ਼ਮੀਰ, ਮੁੰਬਈ, ਕੇਂਦਰੀ ਭਾਰਤ (ਨਕਸਲਵਾਦ) ਅਤੇ ਅੱਠ ਭੈਣ ਰਾਜ (ਉੱਤਰ ਪੂਰਬ ਦੇ ਅੱਠ ਰਾਜ) (ਆਜ਼ਾਦੀ ਅਤੇ ਖੁਦਮੁਖਤਿਆਰੀ ਦੇ ਮਾਮਲੇ ਵਿੱਚ) ਸ਼ਾਮਲ ਹਨ। ਪਿਛਲੇ ਸਮੇਂ ਵਿੱਚ ਪੰਜਾਬ ਵਿੱਚ ਫੈਲੀ ਖਾੜਕੂਵਾਦ ਵਿੱਚ ਭਾਰਤ ਦੇ ਪੰਜਾਬ ਰਾਜ ਅਤੇ ਦੇਸ਼ ਦੀ ਰਾਜਧਾਨੀ ਦਿੱਲੀ ਤੱਕ ਫੈਲਣ ਵਾਲੀਆਂ ਅੱਤਵਾਦੀ ਗਤੀਵਿ ਧੀਆਂ ਸ਼ਾਮਲ ਹਨ, ਜੋ ਹੁਣ ਹੌਲੀ-ਹੌਲੀ ਕਾਬੂ ਵਿੱਚ ਆ ਰਹੀਆਂ ਹਨ ਅਤੇ ਇਸ ਨੂੰ ਖਤਮ ਕਰਨ ਵੱਲ ਕਦਮ ਚੁੱਕੇ ਗਏ ਹਨ। ਕਿਉਂਕਿ ਭਾਰਤ ਅਤੇ ਅਮਰੀਕਾ ਨੇ ਮਿਲ ਕੇ ਅੱਤਵਾਦ ਨਾਲ ਲੜਨ ਦਾ ਐਲਾਨ ਕੀਤਾ ਹੈ ਅਤੇ ਵਿਸ਼ਵ ਯੁੱਧਾਂ 'ਤੇ ਮੋਦੀ ਅਤੇ ਟਰੰਪ ਦੀ ਭਾਈਵਾਲੀ, ਦੁਨੀਆ ਨੂੰ ਨਵੀਂ ਲੀਡਰਸ਼ਿਪ!



ਦੋਸਤੋ, ਜੇਕਰ ਅਸੀਂ ਵਾਸ਼ਿੰਗਟਨ ਡੀਸੀ ਵਿੱਚ ਮੋਦੀ ਟਰੰਪ ਦੇ ਸਾਂਝੇ ਬਿਆਨ ਦੀ ਗੱਲ ਕਰੀਏ ਤਾਂ ਇਸ ਵਿੱਚ ਕਿਹਾ ਗਿਆ ਹੈ ਕਿ ਵਿਸ਼ਵਵਿਆਪੀ ਅੱਤਵਾਦ ਵਿਰੁੱਧ ਲੜਨਾ ਚਾਹੀਦਾ ਹੈ ਅਤੇ ਪੂਰੀ ਦੁਨੀਆ ਤੋਂ ਅੱਤਵਾਦੀਆਂ ਲਈ ਸੁਰੱਖਿਅਤ ਪਨਾਹਗਾਹਾਂ ਨੂੰ ਖਤਮ ਕਰਨਾ ਚਾਹੀਦਾ ਹੈ,ਜਿਸ ਵਿੱਚ ਕਿਹਾ ਗਿਆ ਹੈ ਕਿ ਦੋਵਾਂ ਨੇਤਾਵਾਂ ਨੇ ਵਿਸ਼ਵ ਅੱਤਵਾਦ ਵਿਰੁੱਧ ਲੜਾਈ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਇਆ ਹੈ ਅਤੇ ਪਾਕਿਸਤਾਨ ਨੂੰ 26/11 ਦੇ ਦੋਸ਼ੀਆਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕਰਨ ਅਤੇ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਲਈ ਕਿਹਾ ਹੈ। ਸਾਂਝੇ ਬਿਆਨ 'ਚ ਪਾਕਿਸਤਾਨ ਦਾ ਨਾਂ ਲੈ ਕੇ ਚਿਤਾਵਨੀ ਦਿੰਦੇ ਹੋਏ ਕਿਹਾ ਗਿਆ ਹੈ ਕਿ ਪਾਕਿਸਤਾਨ ਨੂੰ ਸਰਹੱਦ ਪਾਰ ਅੱਤਵਾਦੀ ਹਮਲੇ ਕਰਨ ਲਈ ਆਪਣੀ ਜ਼ਮੀਨ ਦੀ ਵਰਤੋਂ ਨਹੀਂ ਕਰਨੀ ਚਾਹੀਦੀ, ਦੋਹਾਂ ਨੇਤਾਵਾਂ ਨੇ ਭਾਰਤ ਅਤੇ ਅਮਰੀਕਾ ਵਿਚਾਲੇ ਵਿਸ਼ਵਵਿਆਪੀ ਸਾਂਝੇਦਾਰੀ ਨੂੰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ, ਜੋ ਆਪਸੀ ਵਿਸ਼ਵਾਸ, ਸਾਂਝੇ ਹਿੱਤਾਂ, ਸਦਭਾਵਨਾ ਅਤੇ ਨਾਗਰਿਕਾਂ ਦੀ ਮਜ਼ਬੂਤ ਭਾਗੀਦਾਰੀ 'ਤੇ ਆਧਾਰਿਤ ਹੋਵੇਗੀ। ਇਸ ਤੋਂ ਇਲਾਵਾ ਸਾਂਝੇ ਬਿਆਨ 'ਚ ਅਲਕਾਇਦਾ, ਆਈਐਸਆਈ ਜੈਸ਼- ਏ-ਮੁਹੰਮਦ ਅਤੇ ਲਸ਼ਕਰ-ਏ-ਤੋਇਬਾ ਵਰਗੇ ਅੱਤਵਾਦੀ ਸੰਗਠਨਾਂ ਤੋਂ ਆ ਰਹੇ ਖਤਰਿਆਂ ਵਿਰੁੱਧ ਸਮੂਹਿਕ ਤੌਰ 'ਤੇ ਲੜਨ ਦੀ ਵਚਨਬੱਧਤਾ ਪ੍ਰਗਟਾਈ ਗਈ ਹੈ। ਇਸ ਤੋਂ ਇਲਾਵਾ, ਦੋਵਾਂ ਨੇਤਾਵਾਂ ਨੇ ਰੱਖਿਆ, ਵਪਾਰ, ਊਰਜਾ ਸੁਰੱਖਿਆ, ਤਕਨਾਲੋਜੀ ਅਤੇ ਲੋਕਾਂ ਤੋਂ ਲੋਕਾਂ ਦੇ ਸਹਿਯੋਗ ਦੇ ਖੇਤਰਾਂ ਵਿੱਚ ਰਣਨੀਤਕ ਭਾਈਵਾਲੀ ਦੇ ਮਹੱਤਵ ਨੂੰ ਉਜਾਗਰ ਕੀਤਾ ਹੈ। ਸਾਂਝੇ ਬਿਆਨ ਵਿੱਚ, ਨੇਤਾਵਾਂ ਨੇ ਦੁਹਰਾਇਆ ਕਿ ਅੱਤਵਾਦ ਇੱਕ ਵਿਸ਼ਵਵਿਆਪੀ ਸੰਕਟ ਹੈ ਜਿਸਦਾ ਸਮੂਹਿਕ ਤੌਰ 'ਤੇ ਮੁਕਾਬਲਾ ਕੀਤਾ ਜਾਣਾ ਚਾਹੀਦਾ ਹੈ ਅਤੇ ਦੁਨੀਆ ਦੇ ਹਰ ਕੋਨੇ ਵਿੱਚ ਅੱਤਵਾਦੀ ਸੁਰੱਖਿਅਤ ਪਨਾਹਗਾਹਾਂ ਨੂੰ ਖਤਮ ਕਰਨਾ ਚਾਹੀਦਾ ਹੈ। ਉਨ੍ਹਾਂ ਨੇ 26/11 ਨੂੰ ਮੁੰਬਈ ਹਮਲਿਆਂ ਅਤੇ 26 ਅਗਸਤ 2021 ਨੂੰ ਅਫਗਾਨਿਸਤਾਨ ਵਿੱਚ ਐਬੀ ਗੇਟ ਬੰਬ ਧਮਾਕਿਆਂ ਵਰਗੀਆਂ ਘਿਨਾਉਣੀਆਂ ਕਾਰਵਾਈਆਂ ਨੂੰ ਰੋਕਣ ਲਈ ਅਲ-ਕਾਇਦਾ, ਆਈਐਸਆਈਐਸ,ਜੈਸ਼-ਏ- ਮੁਹੰਮਦ ਅਤੇ ਲਸ਼ਕਰ-ਏ-ਤੋਇਬਾ ਵਰਗੇ ਸਮੂਹਾਂ ਦੇ ਅੱਤਵਾਦੀ ਖਤਰਿਆਂ ਵਿਰੁੱਧ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਕੀਤਾ। ਇਸ ਤੋਂ ਇਲਾਵਾ ਅਮਰੀਕਾ ਨੇ ਐਲਾਨ ਕੀਤਾ ਕਿ ਤਹੱਵੁਰ ਰਾਣਾ ਦੀ ਭਾਰਤ ਹਵਾਲਗੀ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਦੋਵਾਂ ਨੇਤਾਵਾਂ ਦੀ ਇਸ ਬਹੁ-ਉਡੀਕ ਮੁਲਾਕਾਤ ਵਿੱਚ ਮੁੰਬਈ ਹਮਲੇ ਦੇ ਮੁੱਖ ਸਾਜ਼ਿਸ਼ਕਰ ਤਾਵਾਂ ਵਿੱਚੋਂ ਇੱਕ ਤਹੱਵੁਰ ਰਾਣਾ ਨੂੰ ਭਾਰਤ ਲਿਆਉਣ, ਖਾਲਿਸਤਾਨ ਪੱਖੀ ਗਤੀਵਿਧੀਆਂ ਨੂੰ ਰੋਕਣ, ਭਾਰਤੀਆਂ ਨੂੰ ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ 'ਤੇ ਘੁਸਪੈਠ ਕਰਨ ਵਾਲਿਆਂ ਵਿਰੁੱਧ ਸਾਂਝੀ ਫੈਸਲਾਕੁੰਨ ਕਾਰਵਾਈ ਕਰਨ, ਅਗਲੇ 10 ਸਾਲਾਂ ਲਈ ਰੱਖਿਆ ਖੇਤਰ ਵਿੱਚ ਸਹਿਯੋਗ ਲਈ ਰੋਡਮੈਪ ਬਣਾਉਣ, ਅਮਰੀਕਾ ਤੋਂ ਤੇਲ ਦੀ ਖਰੀਦ ਅਤੇ ਅਮਰੀਕਾ ਤੋਂ ਹੋ ਤੇਲ-5-ਆਰਟ-5-ਆਰਟ-ਆਰਟ-5-ਆਰਟ- ਆਰਟ- ਆਰਟ-ਆਰਟ- ਆਰਟ-ਆਰਟ-ਏ-ਆਰਟ ਦੀ ਖਰੀਦ ਕਰਨ ਲਈ ਸਹਿਮਤੀ ਬਣੀ। ਅਤੇ ਸਾਂਝੇ ਤੌਰ 'ਤੇ ਪਰਮਾਣੂ ਊਰਜਾ ਦੇ ਛੋਟੇ ਅਤੇ ਵੱਡੇ ਰਿਐਕਟਰ ਬਣਾਉਣ ਲਈ ਹੈ।

ਦੋਸਤੋ, ਜੇਕਰ ਅਸੀਂ ਅੱਤਵਾਦ ਨਾਲ ਲੜਨ ਲਈ ਮੋਦੀ-ਟਰੰਪ ਦੇ ਸਾਂਝੇ ਬਿਆਨ ਨੂੰ ਵਨ ਅਤੇ ਵਨ-ਇਲੈਵਨ ਦੀ ਗੱਲ ਕਰੀਏ ਤਾਂ ਟਰੰਪ ਨੇ ਇਸਲਾਮਿਕ ਅੱਤਵਾਦ ਦੇ ਮੁੱਦੇ 'ਤੇ ਭਾਰਤ ਨੂੰ ਅਹਿਮ ਭਾਈਵਾਲ ਦੱਸਿਆ ਹੈ। ਸਾਂਝੇ ਬਿਆਨ ਵਿੱਚ ਭਾਰਤ ਲਈ ਵਿਸ਼ੇਸ਼ ਖ਼ਤਰਾ ਬਣੇ ਪਾਕਿਸਤਾਨੀ ਅੱਤਵਾਦੀ ਸੰਗਠਨਾਂ ਜੈਸ਼-ਏ-ਮੁਹੰਮਦ ਅਤੇ ਲਸ਼ਕਰ-ਏ- ਤੋਇਬਾ ਦੇ ਨਾਲ-ਨਾਲ ਅਲ- ਕਾਇਦਾ ਅਤੇ ਆਈ.ਐਸ.ਆਈ.ਐਸ ਵੱਲੋਂ ਪੈਦਾ ਹੋਏ ਖਤਰਿਆਂ ਦਾ ਮੁਕਾਬਲਾ ਕਰਨ ਲਈ ਸਹਿਯੋਗ ਕਰਨ ਦੀ ਵਚਨਬੱਧਤਾ ਪ੍ਰਗਟਾਈ ਗਈ ਹੈ ਅਤੇ ਪਾਕਿਸਤਾਨ ਨੂੰ ਕਿਹਾ ਗਿਆ ਹੈ ਕਿ ਉਹ ਮੁੰਬਈ ਹਮਲੇ ਦੇ ਦੋਸ਼ੀਆਂ ਵਿਰੁੱਧ ਤੁਰੰਤ ਕਾਰਵਾਈ ਕਰੇ ਅਤੇ ਇਹ ਯਕੀਨੀ ਕਰੇ ਕਿ ਉਸ ਦੇ ਅੱਤਵਾਦੀ ਹਮਲੇ ਅਤੇ ਪਠਾਨਕੋਟ ਹਮਲੇ ਲਈ ਅੱਤਵਾਦੀਆਂ ਦੀ ਵਰਤੋਂ ਨਾ ਕੀਤੀ ਜਾਵੇ ਅੱਤਵਾਦ ਦੇ ਸੰਦਰਭ 'ਚ ਭਾਰਤ ਨੇ ਤਹੱਵੁਰ ਰਾਣਾ ਨੂੰ ਵੀ ਬੁਲਾਇਆ ਹੈ। ਦੀ ਹਵਾਲਗੀ ਲਈ ਰਾਸ਼ਟਰਪਤੀ ਟਰੰਪ ਵੱਲੋਂ ਦਿੱਤੀ ਗਈ ਮਨਜ਼ੂਰੀ 'ਤੇ ਡੂੰਘੀ ਤਸੱਲੀ ਪ੍ਰਗਟਾਈ। ਭਾਰਤ ਪਿਛਲੇ ਕਈ ਸਾਲਾਂ ਤੋਂ ਇਸ ਬਾਰੇ ਅਮਰੀਕਾ ਨਾਲ ਗੱਲ ਕਰ ਰਿਹਾ ਸੀ। ਡੋਨਾਲਡ ਟਰੰਪ ਨੇ ਪਾਕਿਸਤਾਨ ਦਾ ਨਾਂ ਲਏ ਬਿਨਾਂ ਚਿਤਾਵਨੀ ਦੇ ਦਿੱਤੀ ਹੈ। ਡੋਨਾਲਡ ਟਰੰਪ ਨੇ ਕਿਹਾ ਕਿ ਇਸ ਸਾਲ ਦੀ ਸ਼ੁਰੂਆਤ ਤੋਂ ਹੀ ਅਮਰੀਕਾ ਨੇ ਭਾਰਤ ਨਾਲ ਅਰਬਾਂ ਡਾਲਰ ਦੀ ਫੌਜੀ ਖਰੀਦਦਾਰੀ ਵਧਾ ਦਿੱਤੀ ਹੈ, ਜੋ ਕਿ ਦੁਨੀਆ ਲਈ ਖ਼ਤਰਾ ਬਣ ਰਹੇ ਕੱਟੜਪੰਥੀ ਇਸਲਾਮਿਕ ਅੱਤਵਾਦ ਦਾ ਸਾਹਮਣਾ ਕਰਨ ਲਈ ਪਹਿਲਾਂ ਵਾਂਗ ਹੀ ਕੰਮ ਕਰਦੇ ਰਹਿਣਗੇ, ਟਰੰਪ ਨੇ ਚੀਨ ਨਾਲ ਸਬੰਧਾਂ ਬਾਰੇ ਪੁੱਛੇ ਗਏ ਸਵਾਲ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਚੀਨ ਸਾਡੇ ਲਈ ਮਹੱਤਵਪੂਰਨ ਹੈ ਰਿਸ਼ਤਿਆਂ ਵਿੱਚ ਸੁਧਾਰ ਹੋਵੇਗਾ, ਉਸਨੇ ਅੱਗੇ ਕਿਹਾ ਕਿ ਕੋਰੋਨਾ ਦੇ ਆਉਣ ਤੋਂ ਪਹਿਲਾਂ ਵੀ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਉਸਦੀ ਚੰਗੀ ਦੋਸਤੀ ਸੀ। ਜਦੋਂ ਡੋਨਾਲਡ ਨੂੰ ਪੁੱਛਿਆ ਗਿਆ ਕਿ ਕੀ ਤੁਸੀਂ ਭਾਰਤ ਨਾਲ ਵਪਾਰ ਨੂੰ ਲੈ ਕੇ ਅਜਿਹੀ ਸਖਤੀ ਦਿਖਾਉਂਦੇ ਰਹੋਗੇ ਤਾਂ ਰੂਸ ਅਤੇ ਯੂਕਰੇਨ ਵਿਚਾਲੇ ਚੱਲ ਰਹੀ ਜੰਗ ਨੂੰ ਸ਼ਾਂਤ ਕਰਨ 'ਚ ਚੀਨ ਕਾਫੀ ਮਦਦਗਾਰ ਹੋ ਸਕਦਾ ਹੈ। ਤਾਂ ਅਸੀਂ ਚੀਨ ਨੂੰ ਕਿਵੇਂ ਹਰਾਉਣ ਦੇ ਯੋਗ ਹੋਵਾਂਗੇ?ਇਸ 'ਤੇ ਡੋਨਾਲਡ ਟਰੰਪ ਨੇ ਕਿਹਾ ਕਿ ਅਸੀਂ ਕਿਸੇ ਨੂੰ ਵੀ ਹਰਾ ਸਕਦੇ ਹਾਂ ਪਰ ਸਾਡਾ ਕਿਸੇ ਨੂੰ ਹਰਾਉਣ ਦਾ ਇਰਾਦਾ ਨਹੀਂ ਹੈ। ਅਸੀਂ ਸਹੀ ਦਿਸ਼ਾ ਵਿੱਚ ਕੰਮ ਕਰ ਰਹੇ ਹਾਂ ਅਤੇ ਚੰਗਾ ਕੰਮ ਕਰ ਰਹੇ ਹਾਂ।

ਦੋਸਤੋ, ਜੇਕਰ ਭਾਰਤ-ਅਮਰੀਕਾ ਦੇ ਸਾਂਝੇ ਐਕਸ਼ਨ 'ਤੇ ਪਾਕਿਸਤਾਨ ਦੇ ਪ੍ਰਤੀਕਰਮ ਦੀ ਗੱਲ ਕਰੀਏ ਤਾਂ ਅੱਤਵਾਦ 'ਤੇ ਮੋਦੀ ਅਤੇ ਟਰੰਪ ਦੀ ਫਟਕਾਰ ਤੋਂ ਬਾਅਦ ਪਾਕਿਸਤਾਨ 'ਚ ਹੜਕੰਪ ਮਚ ਗਿਆ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਭਾਰਤ ਅਤੇ ਅਮਰੀਕਾ ਦੇ ਸਾਂਝੇ ਬਿਆਨ ਨੂੰ ਇਕਪਾਸੜ, ਗੁੰਮਰਾਹਕੁੰਨ ਅਤੇ ਕੂਟਨੀਤਕ ਨਿਯਮਾਂ ਦੇ ਉਲਟ ਦੱਸਦਿਆਂ ਹੈਰਾਨੀ ਪ੍ਰਗਟਾਈ ਹੈ ਕਿ ਅੱਤਵਾਦ ਵਿਰੁੱਧ ਉਸ ਦੀਆਂ ਕੋਸ਼ਿਸ਼ਾਂ ਅਤੇ ਕੁਰਬਾਨੀਆਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਸ਼ੁੱਕਰਵਾਰ (14 ਫਰਵਰੀ, 2025) ਨੂੰ ਪ੍ਰੈਸ ਬ੍ਰੀਫਿੰਗ 'ਚ ਭਾਰਤ ਅਤੇ ਅਮਰੀਕਾ ਦੇ ਸਾਂਝੇ ਬਿਆਨ 'ਤੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਬਿਆਨਾਂ ਨਾਲ ਕੁਝ ਨਹੀਂ ਹੋਵੇਗਾ, ਅੱਤਵਾਦ ਨੂੰ ਭਾਰਤ ਦਾ ਸਮਰਥਨ ਨਹੀਂ ਛੁਪਾਇਆ ਜਾ ਸਕਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਕਸ਼ਮੀਰ ਵਿੱਚ ਤਣਾਅ ਅਤੇ ਅਸਥਿਰਤਾ ਨੂੰ ਖਤਮ ਕਰਨ ਲਈ ਭਾਰਤ ਵੱਲੋਂ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਪ੍ਰਸਤਾਵਾਂ ਦੀ ਪਾਲਣਾ ਨਾ ਕਰਨ ਦੀ ਸਮੱਸਿਆ ਨੂੰ ਬਿਆਨ ਵਿੱਚ ਹੱਲ ਨਹੀਂ ਕੀਤਾ ਗਿਆ।

ਦੋਸਤੋ, ਯੂਕਰੇਨ-ਰੂਸ ਅਤੇ ਇਜ਼ਰਾਈਲ-ਹਮਾਸ ਦੇ ਸਾਂਝੇ ਬਿਆਨ ਦੀ ਗੱਲ ਕਰੀਏ ਤਾਂ ਪ੍ਰਧਾਨ ਮੰਤਰੀ ਮੋਦੀ ਨੇ ਦੋਵਾਂ ਦੇਸ਼ਾਂ ਵਿਚਾਲੇ ਜੰਗ ਦੇ ਵਿਵਾਦ ਨੂੰ ਸੁਲਝਾਉਣ ਲਈ ਟਰੰਪ ਦੇ ਯਤਨਾਂ ਦਾ ਸਵਾਗਤ ਕੀਤਾ, ਉਨ੍ਹਾਂ ਨੇ ਇਕ ਵਾਰ ਫਿਰ ਕਿਹਾ ਕਿ ਵਿਵਾਦ ਨੂੰ ਜੰਗ ਦੇ ਮੈਦਾਨ 'ਤੇ ਨਹੀਂ, ਸਗੋਂ ਮੇਜ਼ 'ਤੇ ਸੁਲਝਾਉਣਾ ਚਾਹੀਦਾ ਹੈ। ਮੈਂ ਦੋਹਾਂ ਦੇਸ਼ਾਂ ਦੇ ਨੇਤਾਵਾਂ ਨਾਲ ਗੱਲਬਾਤ ਕਰਦਾ ਰਹਿੰਦਾ ਹਾਂ। ਇਸ ਦੇ ਨਾਲ ਹੀ ਪੀਐਮ ਮੋਦੀ ਨੇ ਕਿਹਾ ਕਿ ਬਹੁਤ ਸਾਰੇ ਦੇਸ਼ ਸੋਚਦੇ ਹਨ ਕਿ ਭਾਰਤ ਨਿਰਪੱਖ ਹੈ, ਪਰ ਮੈਂ ਇੱਥੇ ਸਪੱਸ਼ਟ ਤੌਰ 'ਤੇ ਕਹਿੰਦਾ ਹਾਂ ਕਿ ਭਾਰਤ ਨੇ ਕਦੇ ਵੀ ਨਿਰਪੱਖਤਾ ਦੀ ਨੀਤੀ ਨਹੀਂ ਅਪਣਾਈ, ਅਸੀਂ ਹਮੇਸ਼ਾ ਸ਼ਾਂਤੀ ਦੇ ਪੱਖ ਵਿੱਚ ਰਹੇ ਹਾਂ, ਉਨ੍ਹਾਂ ਨੇ ਭਰੋਸਾ ਪ੍ਰਗਟਾਇਆ ਅਤੇ ਕਿਹਾ ਕਿ ਕਿਸੇ ਵੀ ਵਿਵਾਦ ਦਾ ਹੱਲ ਮੈਦਾਨ ਤੋਂ ਨਹੀਂ ਨਿਕਲਦਾ, ਅੰਤ ਵਿੱਚ ਮੈਂ ਇਹ ਕਹਾਂਗਾ ਕਿ ਇਹ ਫੈਸਲਾ ਖੁਦ ਲੈਣਾ ਹੋਵੇਗਾ। ਉਨ੍ਹਾਂ ਕਿਹਾ ਕਿ ਟਰੰਪ ਦੀਆਂ ਕੋਸ਼ਿਸ਼ਾਂ ਕਦੇ ਅਸਫਲ ਨਹੀਂ ਹੋਣਗੀਆਂ, ਮੈਨੂੰ ਭਰੋਸਾ ਹੈ ਕਿ ਉਹ ਆਪਣੇ ਯਤਨਾਂ 'ਚ ਜ਼ਰੂਰ ਕਾਮਯਾਬ ਹੋਣਗੇ, ਮੈਨੂੰ ਬਹੁਤ ਖੁਸ਼ੀ ਹੈ ਕਿ ਰਾਸ਼ਟਰਪਤੀ ਟਰੰਪ ਨੇ ਸ਼ਾਂਤੀ ਬਹਾਲ ਕਰਨ ਦੀ ਪਹਿਲ ਕੀਤੀ ਹੈ ਅਤੇ ਰਾਸ਼ਟਰਪਤੀ ਪੁਤਿਨ ਅਤੇ ਰਾਸ਼ਟਰ ਪਤੀ ਜ਼ੇਲੇਂਸਕੀ ਨਾਲ ਟੈਲੀਫੋਨ 'ਤੇ ਗੱਲ ਕੀਤੀ ਹੈ।

ਇਸ ਲਈ, ਜੇ ਅਸੀਂ ਉਪਰੋਕਤ ਪੂਰੇ ਵੇਰਵਿਆਂ ਦਾ ਅਧਿਐਨ ਕਰੀਏ ਅਤੇ ਵਿਸ਼ਲੇਸ਼ਣ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ ਅੱਤਵਾਦ ਅਤੇ ਵਿਸ਼ਵ ਯੁੱਧਾਂ 'ਤੇ ਮੋਦੀ-ਟਰੰਪ ਦੀ ਭਾਈਵਾਲੀ - ਅੱਤਵਾਦ ਦੀ ਭਾਰਤ ਦੀ ਸੁਰੱਖਿਅਤ ਪਨਾਹਗਾਹ 'ਤੇ ਅਮਰੀਕਾ ਦੇ ਸਾਂਝੇ ਬਿਆਨ ਨੇ ਗੁਆਂਢੀ ਦੇਸ਼ਾਂ ਨੂੰ ਹੈਰਾਨ ਅਤੇ ਡਰਾ ਦਿੱਤਾ ਹੈ। ਭਾਰਤ ਅਤੇ ਅਮਰੀਕਾ ਵੱਲੋਂ ਅੱਤਵਾਦ ਨਾਲ ਮਿਲ ਕੇ ਲੜਨ ਦੇ ਐਲਾਨ ਨੇ ਗੁਆਂਢੀ ਪਸਾਰਵਾਦੀ ਦੇਸ਼ਾਂ ਵਿੱਚ ਦਹਿਸ਼ਤ ਪੈਦਾ ਕਰ ਦਿੱਤੀ ਹੈ।

# ਮੋਦੀ ਦੀ ਅਮਰੀਕਾ ਫੇਰੀ ਕਿਸ ਦੇ ਹਿਤ 'ਚ

***ਭਾਰਤ ਦੇ ਪ੍ਰਧਾਨ ਮੰਤਰੀ ਦੀ ਹਾਲੀਆ ਅਮਰੀਕਾ ਫੇਰੀ ਨੇ ਨਵੀਂ ਚਰਚਾ ਛੇੜ ਦਿੱਤੀ ਹੈ। ਕੀ ਇਸ ਮਿਲਣੀ 'ਚ ਮਿਸਟਰ ਮੋਦੀ ਭਾਰਤ ਦੇ ਹਿਤਾਂ ਦੀ ਸਹੀ ਨੁਮਾਇੰਦਗੀ ਕਰ ਸਕੇ ਹਨ? ਇਸ ਫੇਰੀ ਦੇ ਦੁਵੱਲੇ ਵਪਾਰਕ ਤਵਾਜ਼ਨ ਲਈ ਕੀ ਮਾਇਨੇ ਹਨ? ਖ਼ਾਸ ਕਰਕੇ ਇਸਦਾ ਭਾਰਤ ਦੇ ਹਿਤਾਂ 'ਤੇ ਕੀ ਅਸਰ ਪਵੇਗਾ, ਇਨ੍ਹਾਂ ਪੱਖਾਂ ਦੀ ਚਰਚਾ ਇਸ ਲੇਖ ਵਿਚ ਕੀਤੀ ਗਈ ਹੈ। -ਸੰਪਾਦਕ***

ਡੋਨਲਡ ਟਰੰਪ ਵੱਲੋਂ ਅਮਰੀਕੀ ਰਾਸ਼ਟਰਪਤੀ ਵਜੋਂ ਆਪਣੀ ਤਾਜਪੋਸ਼ੀ ਮੌਕੇ 'ਵਿਸ਼ਵ ਗੁਰੂ' ਹੋਣ ਦੇ ਡੰਕੇ ਵਜਾਉਣ ਵਾਲੇ ਨਰਿੰਦਰ ਮੋਦੀ ਨੂੰ ਨਿਓਂਦਾ ਨਾ ਦੇਣ ਨਾਲ ਉਸਦਾ ਤਰਲੋਮੱਛੀ ਹੋਣਾ ਸੁਭਾਵਿਕ ਸੀ। ਟਰੰਪ ਨੇ ਆਪਣੇ ਵੱਡੇ 'ਦੁਸ਼ਮਣ' ਚੀਨ ਦੇ ਸ਼ੀ ਜਿਨ ਪਿੰਗ, ਇਟਲੀ ਦੇ ਮੇਲੋਨੀ, ਅਰਜਨਟਾਈਨਾ ਦੇ ਮਿਲੋਈ ਸਮੇਤ ਜਣੇ-ਖਣੇ ਨੂੰ ਸੱਦਿਆ, ਪਰ ਮੋਦੀ ਦੇ ਵਧਾਈ ਸੰਦੇਸ਼ ਦਾ ਵੀ ਜਵਾਬ ਨਹੀਂ ਦਿੱਤਾ। ਮੋਦੀ ਦਾ ਹੋਰ ਜ਼ਿਆਦਾ ਜਲੂਸ ਉਦੋਂ ਨਿੱਕਲ ਗਿਆ ਜਦੋਂ ਟਰੰਪ ਨੇ ਭਾਰਤ ਦੇ 'ਗ਼ੈਰਕਾਨੂੰਨੀ ਪ੍ਰਵਾਸੀਆਂ' ਨੂੰ ਆਪਣੇ ਫ਼ੌਜੀ ਜਹਾਜ਼ ਵਿਚ ਖ਼ਤਰਨਾਕ ਮੁਜਰਮਾਂ ਵਾਂਗ ਹੱਥਕੜੀਆਂ ਅਤੇ ਬੇੜੀਆਂ 'ਚ ਨੂੜ ਕੇ ਵਾਪਸ ਭੇਜ ਦਿੱਤਾ ਜਦਕਿ ਹੋਰ ਮੁਲਕਾਂ ਦੇ ਪ੍ਰਵਾਸੀਆਂ ਨਾਲ ਏਨਾ ਜ਼ਿਆਦਾ ਕਰੂਰ ਸਲੂਕ ਨਹੀਂ ਕੀਤਾ ਗਿਆ। ਕੁਝ ਵੀ ਹੋਵੇ, ਆਖ਼ਿਰ 'ਨਾਨ-

ਬੂਟਾ ਸਿੰਘ ਮਹਿਮੂਦਪੁਰ

ਬਾਇਓਲੌਜੀਕਲ' ਮੋਦੀ ਨੇ ਆਪਣੇ 'ਪਿਆਰੇ ਮਿੱਤਰ' ਨਾਲ ਮਿਲਣੀ ਦਾ ਜੁਗਾੜ ਕਰ ਲਿਆ, ਅਤੇ ਸਾਹਬ ਆਪਣੇ ਬਦੇਸ਼ ਮੰਤਰੀ, ਕੌਮੀ ਸੁਰੱਖਿਆ ਸਲਾਹਕਾਰ, ਦੁਭਾਸ਼ੀਏ, ਰਾਜਦੂਤ ਅਤੇ ਨੌਕਰਸ਼ਾਹਾਂ ਦਾ ਲਾਮ-ਲਸ਼ਕਰ ਲੈ ਕੇ ਟਰੰਪ ਨੂੰ ਮਿਲਣ ਪੁੱਜ ਗਏ! ਇਹ ਵੱਖਰੀ ਗੱਲ ਹੈ ਕਿ ਜਾਰਡਨ ਦੇ ਸ਼ਾਹ ਨੂੰ ਏਅਰਪੋਰਟ ਤੋਂ ਵਿਸ਼ੇਸ਼ ਗੱਡੀ ਵਿਚ ਲੈ ਕੇ ਜਾਣ ਵਾਲਾ ਟਰੰਪ ਮੋਦੀ ਦੇ ਸਵਾਗਤ ਲਈ ਨਹੀਂ ਆਇਆ, ਨਾ ਹੀ ਉਸਦੀ ਸਰਕਾਰ ਦਾ ਕੋਈ ਮੰਤਰੀ ਜਾਂ ਵ੍ਹਾਈਟ ਹਾਊਸ ਦਾ ਕੋਈ ਵੱਡਾ ਅਧਿਕਾਰੀ ਸਵਾਗਤ ਲਈ ਬਹੁੜਿਆ।

ਟਰੰਪ ਮੋਦੀ ਨੂੰ ਗਲੇ ਲਗਾ ਕੇ ਮਿਲਿਆ, ਆਪ ਕੁਰਸੀ ਖਿੱਚ ਕੇ ਪੂਰੇ ਸ਼ਾਹੀ ਸਨਮਾਨ ਨਾਲ ਸੀਟ 'ਤੇ ਬਿਠਾਇਆ ਅਤੇ ਤੋਹਫ਼ੇ ਵਜੋਂ ਭੇਟ ਕੀਤੀ ਕਿਤਾਬ ਉੱਪਰ 'ਮਿਸਟਰ ਪੀ.ਐੱਮ., ਯੂ ਆਰ ਗਰੇਟ!' ਲਿਖਣ ਦਾ ਉਚੇਚ ਵੀ ਦਿਖਾਇਆ। ਫਿਰ ਮੋਦੀ ਨੇ ਸਭ ਤੋਂ ਵੱਡੇ ਅਮਰੀਕੀ ਧਨਾਢ ਐਲਨ ਮਸਕ ਨਾਲ ਮੁਲਾਕਾਤ ਕੀਤੀ, ਉਸਦੇ ਬੱਚਿਆਂ ਨਾਲ ਚੋਹਲ-ਮੋਹਲ ਕੀਤੇ ਅਤੇ ਉਸ ਦੀ ਪ੍ਰੇਮਿਕਾ ਤੇ ਬੱਚੇ ਸਾਂਭਣ ਵਾਲੀ ਨੈਨੀ ਨਾਲ ਸਮਾਂ ਗੁਜ਼ਾਰਿਆ। ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਬੈਠੇ ਸ਼ਖ਼ਸ ਸਮੇਤ ਆਪਣੇ ਪੂਰੇ ਸਰਕਾਰੀ ਵਫ਼ਦ ਨੂੰ ਮੋਦੀ ਵੱਲੋਂ ਐਲਨ ਮਸਕ ਦੀ ਤਾਬਿਆ 'ਚ ਲਿਜਾ ਬਿਠਾਉਣਾ ਦਰਸਾਉਂਦਾ ਹੈ ਕਿ ਨਿੱਜੀ ਰਿਸ਼ਤੇ ਗੰਢਣ ਦੇ ਸ਼ੁਕੀਨ ਮੋਦੀ ਨੂੰ ਆਪਣੇ ਅਹੁਦੇ ਦੇ ਪ੍ਰੋਟੋਕੋਲ ਦੀ ਵੀ ਪ੍ਰਵਾਹ ਨਹੀਂ ਹੈ।

ਇਹ ਸਭ ਤਾਂ ਮੋਦੀ ਦੇ ਟੇਸਟ ਅਨੁਸਾਰ ਸੀ, ਪਰ ਉੱਥੇ ਇਸ ਤੋਂ ਬਿਨਾਂ ਜੋ ਹੋਇਆ ਉਸ ਨੇ ਮੋਦੀ ਨੂੰ ਬੁਰੀ ਤਰ੍ਹਾਂ ਪ੍ਰੇਸ਼ਾਨ ਕਰ ਦਿੱਤਾ। ਵ੍ਹਾਈਟ ਹਾਊਸ ਦੇ ਪ੍ਰੋਟੋਕੋਲ ਨੇ ਮੋਦੀ ਦਾ ਸਾਹਮਣਾ ਇਕ ਵਾਰ ਫਿਰ ਮੀਡੀਆ ਨਾਲ ਕਰਾ ਦਿੱਤਾ, ਜਿਨ੍ਹਾਂ ਦੇ ਤਿੱਖੇ ਸਵਾਲਾਂ ਤੋਂ ਉਹ ਹਮੇਸ਼ਾ ਕੰਨੀ ਕਤਰਾਉਂਦਾ ਹੈ। ਮੋਦੀ ਨੂੰ ਗੋਦੀ ਮੀਡੀਆ ਜਾਂ ਕਿਸੇ ਹੋਰ ਵਿਕਾਊ ਐਂਕਰ ਨੂੰ ਨਿੱਜੀ ਇੰਟਰਵਿਊ ਦੇਣੇ ਯਾਨੀ 'ਦੋਸਤਾਨਾ' ਸਵਾਲਾਂ ਦੇ ਜਵਾਬ ਦੇਣੇ ਹੀ ਪਸੰਦ ਹਨ - ਮਸਲਨ, 'ਅੰਬ ਕੱਟ ਕੇ ਖਾਂਦੇ ਹੋ ਜਾਂ ਛਿੱਲ ਕੇ ਖਾਂਦੇ ਹੋ ਜਾਂ ਚੂਪਦੇ ਹੋ?', 'ਬਟੂਆ ਰੱਖਦੇ ਹੋ ਜਾਂ ਨਹੀਂ?', 'ਤੁਸੀਂ ਕਦੇ ਥੱਕਦੇ ਕਿਉਂ ਨਹੀਂ?' ਮੋਦੀ ਮੀਡੀਆ ਦੇ ਤਿੱਖੇ ਸਵਾਲਾਂ ਦਾ ਸਾਹਮਣਾ ਕਰਨ ਦਾ ਆਦੀ ਨਹੀਂ ਹੈ। ਉਸ ਨੂੰ ਜੂਨ 2023 ਦੀ ਅਮਰੀਕਨ ਫੇਰੀ ਦੌਰਾਨ ਪੁੱਛੇ ਸਵਾਲਾਂ ਦਾ ਤਲਖ਼ ਤਜਰਬਾ ਵੀ ਹੋ ਚੁੱਕਾ ਹੈ ਜਦੋਂ 'ਵਾਲ ਸਟ੍ਰੀਟ ਜਨਰਲ' ਦੀ ਨਿਧੜਕ ਪੱਤਰਕਾਰ ਸਬਰੀਨਾ ਸਿਦੀਕੀ ਦੇ ਭਾਰਤ ਵਿਚ ਘੱਟ-ਗਿਣਤੀਆਂ ਦੇ ਹੱਕਾਂ ਦੀ ਸੁਰੱਖਿਆ ਬਾਰੇ ਇੱਕੋ ਸਵਾਲ ਨੇ ਮੋਦੀ ਨੂੰ ਤ੍ਰੇਲੀਆਂ ਲਿਆ ਦਿੱਤੀਆਂ ਸਨ।



ਖ਼ੈਰ, ਜਵਾਬ ਤਾਂ ਦੇਣੇ ਹੀ ਪੈਣੇ ਸਨ। ਟਰੰਪ ਨਾਲ ਸਾਂਝੀ ਮੀਡੀਆ ਕਾਨਫਰੰਸ 'ਚ ਸਵਾਲਾਂ ਦਾ ਜਵਾਬ ਦਿੰਦਿਆਂ ਮੋਦੀ ਦੀ ਅਸਹਿਜਤਾ ਅਤੇ ਬੌਖਲਾਹਟ ਪੂਰੀ ਦੁਨੀਆ ਨੇ ਦੇਖੀ। ਕੁਝ ਸਵਾਲ ਤਾਂ ਉਸ ਨੂੰ ਸਮਝ ਹੀ ਨਹੀਂ ਆਏ। ਕਈ ਸਵਾਲਾਂ ਦੇ ਟਰੰਪ ਵੱਲੋਂ ਦਿੱਤੇ ਜਵਾਬ ਪ੍ਰੇਸ਼ਾਨ ਕਰਨ ਵਾਲੇ ਸਨ। ਇਕ ਪੱਤਰਕਾਰ ਵੱਲੋਂ ਅਮਰੀਕਾ ਵਿਚ ਅਡਾਨੀ ਵਿਰੁੱਧ ਦਰਜ ਭ੍ਰਿਸ਼ਟਾਚਾਰ ਦੇ ਮੁਕੱਦਮੇ ਬਾਰੇ ਸਵਾਲ ਪੁੱਛਣ ਨਾਲ ਮੋਦੀ ਕਸੂਤੀ ਹਾਲਤ 'ਚ ਫਸ ਗਿਆ। ਅੰਗਰੇਜ਼ੀ 'ਚ ਪੁੱਛੇ ਗਏ ਸਵਾਲ ਦਾ ਮੋਦੀ ਨੇ ਜੋ ਹਿੰਦੀ 'ਚ ਜਵਾਬ ਦਿੱਤਾ, ਉਸਦਾ ਸਵਾਲ ਨਾਲ ਕੋਈ ਸੰਬੰਧ ਹੀ ਨਹੀਂ ਸੀ। ਪਹਿਲਾਂ ਤਾਂ ਲੜਖੜਾਉਂਦੀ ਜ਼ਬਾਨ ਨੇ ਇਹ ਰਟਣ-ਮੰਤਰ ਕਰ ਕੇ ਡੰਗ ਸਾਰਨ ਦੀ ਕੋਸ਼ਿਸ਼ ਕੀਤੀ, 'ਭਾਰਤ ਏਕ ਲੋਕਤਾਂਤਰਿਕ ਦੇਸ਼ ਹੈ। ਹਮਾਰੇ ਸੰਸਕਾਰ ਅਤੇ ਹਮਾਰੀ ਸੰਸਕ੍ਰਿਤੀ ਵਸੂਧੈਵ ਕੁਟੁੰਬਕਮ ਕੀ ਹੈ। ਹਮ ਪੂਰੇ ਵਿਸ਼ਵ ਕੋ ਏਕ ਪਰਿਵਾਰ ਮਾਨਤੇ ਹੈਂ। ਹਰ ਭਾਰਤੀ ਕੋ ਮੈਂ ਅਪਨਾ ਮਾਨਤਾ ਹੂੰ।' ਕੈਪੀਟਲ ਹਿੱਲ ਵਿਖੇ ਮੀਡੀਆ ਕਾਨਫਰੰਸ 'ਚ ਪੂਰੀ ਦੁਨੀਆ ਨੂੰ ਆਪਣਾ ਪਰਿਵਾਰ ਉਹ ਸ਼ਖ਼ਸ ਕਹਿ ਰਿਹਾ ਸੀ ਜਿਸਦੀ ਹਕੂਮਤ ਹੇਠ ਉਸਦੇ ਭਗਵਾ ਗੈਂਗ ਆਪਣੇ ਹੀ ਮੁਲਕ ਦੇ ਘੱਟ-ਗਿਣਤੀ ਨਾਗਰਿਕਾਂ ਅਤੇ ਵੱਖਰੇ ਵਿਚਾਰਾਂ ਵਾਲੇ ਲੋਕਾਂ ਨੂੰ 'ਦੇਸ਼ਧ੍ਰੋਹੀ','ਟੁਕੜੇ-ਟੁਕੜੇ ਗੈਂਗ' ਕਹਿ ਕੇ ਭੰਡਦੇ ਹਨ ਅਤੇ ਝੂਠੇ ਕੇਸਾਂ ਵਿਚ ਫਸਾ ਕੇ ਜੇਲ੍ਹਾਂ ਵਿਚ ਡੱਕਦੇ ਹਨ। ਸਵਾਲ ਕਿਉਂਕਿ ਅਡਾਨੀ ਨਾਲ ਸੰਬੰਧਤ ਸੀ, ਇਸ ਲਈ ਕੁਝ ਤਾਂ ਕਹਿਣਾ ਹੀ ਪੈਣਾ ਸੀ। ਸੋ ਵਿਸ਼ਵ ਗੁਰੂ ਨੇ ਫਰਮਾਇਆ, 'ਐਸੇ ਵਿਅਕਤੀਗਤ ਮਾਮਲੋਂ ਕੇ ਲੀਏ ਦੋ ਦੇਸ਼ੋਂ ਕੇ ਮੁਖੀਆ ਨਾ ਮਿਲਤੇ ਹੈਂ, ਨਾ ਬੈਠਤੇ ਹੈਂ, ਨਾ ਬਾਤ ਕਰਤੇ ਹੈਂ।' ਇਹ ਪ੍ਰਵਚਨ ਸੁਣਾਉਂਦੇ ਵਕਤ ਮੋਦੀ ਨੇ ਗਲੀ ਦੀ ਲੜਾਈ ਵਾਲੀ ਮੁਦਰਾ ਅਖ਼ਤਿਆਰ ਕਰ ਲਈ। ਮੋਦੀ ਇਹ ਕਿਵੇਂ ਮੰਨ ਲੈਂਦਾ ਕਿ ਜਿਸ ਅਡਾਨੀ ਨੂੰ ਉਸਦੀ ਸਰਕਾਰ 'ਰਾਸ਼ਟਰੀ ਨਿਰਮਾਣ' 'ਚ ਲੱਗਿਆ ਕਾਰਪੋਰੇਟ ਦੱਸਦੀ ਹੈ, ਉਸਨੇ ਰਿਸ਼ਵਤ ਭਾਰਤ ਵਿਚ ਦਿੱਤੀ ਅਤੇ ਫਰਾਡ ਅਮਰੀਕੀ ਨਾਗਰਿਕਾਂ ਨਾਲ ਕੀਤਾ। ਜਿਸ ਕਾਂਡ ਵਿਚ ਭਾਰਤ ਦੀਆਂ ਸਰਕਾਰਾਂ ਅਤੇ ਸਰਕਾਰੀ ਅਦਾਰੇ ਸ਼ਾਮਲ ਰਹੇ ਹਨ, ਉਨ੍ਹਾਂ ਨਾਲ ਜੁੜਿਆ ਭ੍ਰਿਸ਼ਟਾਚਾਰ ਦਾ ਮੁੱਦਾ ਵਿਅਕਤੀਗਤ ਕਿਵੇਂ ਹੋ ਗਿਆ। ਉਸ ਵਿਰੁੱਧ ਅਮਰੀਕਾ ਦੇ ਨਿਆਂ ਵਿਭਾਗ ਨੇ ਚਾਰ ਸਾਲ ਤੱਕ ਡੂੰਘੀ ਜਾਂਚ ਕਰਨ ਤੋਂ ਬਾਅਦ ਕੇਸ ਦਰਜ ਕੀਤਾ ਹੈ। ਜ਼ਰਾ ਮੋਦੀ ਦੇ ਦੋਹਰੇ ਮਿਆਰ ਦੇਖੋ, ਤਹੱਵੁਰ ਰਾਣਾ ਵੀ ਵਿਅਕਤੀ ਹੈ, ਉਸ ਬਾਰੇ ਮੋਦੀ ਤੇ ਟਰੰਪ ਚਰਚਾ ਵੀ ਕਰਦੇ ਹਨ ਅਤੇ ਹਵਾਲਗੀ ਵੀ ਤੈਅ ਕਰਦੇ ਹਨ। ਸਮਝਣਾ ਮੁਸ਼ਕਲ ਨਹੀਂ ਹੈ ਕਿ ਅਡਾਨੀ ਦੇ ਮੁੱਦੇ ਨੂੰ ਵਿਅਕਤੀ ਦਾ ਮੁੱਦਾ ਕਹਿ ਕੇ ਮੋਦੀ ਸਰਕਾਰ ਉਸ ਨਾਲ ਆਪਣੀ ਭ੍ਰਿਸ਼ਟ ਜੋਟੀ ਨੂੰ ਲੁਕੋਣਾ ਚਾਹੁੰਦੀ ਹੈ।

ਭਗਵਾ ਆਈਟੀ ਸੈੱਲ ਅਤੇ ਗੋਦੀ ਮੀਡੀਆ ਨੇ ਵ੍ਹਾਈਟ ਹਾਊਸ ਦੀ ਮਹਿਮਾਨਨਿਵਾਜ਼ੀ (ਅਮਰੀਕੀ ਰਾਸ਼ਟਰਪਤੀ ਹਰ ਮੁਲਕ ਦੇ ਹੁਕਮਰਾਨ ਦੀ ਇਸੇ ਤਰ੍ਹਾਂ ਮਹਿਮਾਨਨਿਵਾਜ਼ੀ ਕਰਦਾ ਹੈ) ਨੂੰ ਟਰੰਪ ਸਰਕਾਰ ਵਿਚ ਮੋਦੀ ਦੇ ਰਸੂਖ਼ ਅਤੇ ਟਰੰਪ-ਮੋਦੀ ਦੀ ਨੇੜਤਾ ਵਜੋਂ ਪ੍ਰਚਾਰਿਆ, ਪਰ ਇਹ ਨਹੀਂ ਦੱਸਿਆ ਕਿ ਮੋਦੀ ਦੀ ਇਸ ਫੇਰੀ ਦਾ ਭਾਰਤ ਲਈ ਹਾਸਲ ਕੀ ਹੈ।

ਟਰੰਪ ਨੇ ਮੋਦੀ ਦੀ ਤਾਰੀਫ਼ ਕੀਤੀ ਪਰ ਭਾਰਤ ਦੀ ਟੈਰਿਫ ਸੰਬੰਧੀ ਨੀਤੀਆਂ ਨੂੰ ਰੱਜ ਕੇ ਭੰਡਿਆ। ਉਸਨੇ ਸਿੱਧੀ ਧਮਕੀ ਦਿੰਦਿਆਂ ਕਿਹਾ ਕਿ ਭਾਰਤ ਟੈਰਿਫ ਲਗਾਉਣ ਦਾ ਚੈਂਪੀਅਨ ਹੈ, ਹੁਣ ਇਹ ਨਹੀਂ ਚੱਲੇਗਾ। ਇਸ ਨਾਲ ਅਮਰੀਕੀ ਕਾਰਪੋਰੇਟ ਸਰਮਾਏ ਨੂੰ ਜੋ ਘਾਟਾ ਪੈ ਰਿਹਾ ਹੈ, ਟਰੰਪ ਉਸਨੂੰ ਆਪਣੇ ਹੱਕ 'ਚ ਬਦਲਣ ਲਈ ਮੋਦੀ ਵਜ਼ਾਰਤ ਉੱਪਰ ਕਰੇੜਾ ਕੱਸ ਦਿੱਤਾ। ਉਸਨੇ ਭਾਰਤ ਤੋਂ ਮੰਗਵਾਈਆਂ ਜਾਣ ਵਾਲੀਆਂ ਵਸਤਾਂ ਉੱਪਰ ਬਰਾਬਰ ਟੈਰਿਫ਼ ਲਾਉਣ ਦਾ ਐਲਾਨ ਕਰ ਕੇ ਭਾਰਤ ਦੇ ਵਪਾਰਕ ਹਿੱਤਾਂ ਨੂੰ ਵੱਡਾ ਝਟਕਾ ਦੇਣ ਦੀ ਮਨਸ਼ਾ ਜ਼ਾਹਿਰ ਕਰ ਦਿੱਤੀ। ਭਾਜਪਾ ਸਰਕਾਰ ਨੇ ਮੋਦੀ ਦੇ ਅਮਰੀਕਾ ਛੱਡਣ ਤੋਂ ਪਹਿਲਾਂ ਹੀ ਅਮਰੀਕੀ ਵਿਸਕੀ ਉੱਪਰ ਟੈਰਿਫ 50% ਘਟਾ ਕੇ ਇਹ ਸੰਦੇਸ਼ ਦੇ ਦਿੱਤਾ ਕਿ ਭਾਰਤ ਸਰਕਾਰ ਤੁਹਾਡਾ ਸਭ ਕੁਝ ਮੰਨਣ ਲਈ ਤਿਆਰ ਹੈ। ਅਗਲੇ ਦਿਨਾਂ 'ਚ ਟਰੰਪ ਦੇ ਦਬਾਅ ਹੇਠ ਟੈਰਿਫ ਦਰਾਂ 'ਚ ਅਮਰੀਕੀ ਵਪਾਰ ਦੇ ਹਿੱਤ 'ਚ ਵੱਡੀਆਂ ਤਬਦੀਲੀਆਂ ਕੀਤੇ ਜਾਣ ਦੇ ਆਸਾਰ ਹਨ।

ਆਪਣੇ ਏਜੰਡੇ ਨੂੰ ਅੱਗੇ ਵਧਾਉਂਦਿਆਂ ਟਰੰਪ ਨੇ ਸਾਊਦੀ ਅਰਬ ਦੇ 1 ਖਰਬ ਡਾਲਰ ਖ਼ਰੀਦਦਾਰੀ ਦੇ ਸਮਝੌਤੇ ਦੇ ਹਵਾਲੇ ਨਾਲ ਮੋਦੀ ਦੇ ਵਫ਼ਦ ਨੂੰ ਕਿਹਾ ਕਿ ਭਾਰਤ ਘੱਟੋ-ਘੱਟ ਅਮਰੀਕਾ ਤੋਂ 500 ਅਰਬ ਡਾਲਰ ਦੀ ਖ਼ਰੀਦਦਾਰੀ ਤਾਂ ਕਰੇ। 'ਦੁਵੱਲੇ ਵਪਾਰ' ਦੇ ਨਾਂ ਇਹ ਖ਼ਰੀਦਦਾਰੀ ਊਰਜਾ, ਤੇਲ ਅਤੇ ਹਥਿਆਰਾਂ ਦੇ ਖੇਤਰਾਂ 'ਚ ਹੋਵੇਗੀ। ਟਰੰਪ ਰੂਸ ਦੇ ਸਸਤੇ ਤੇਲ ਦੇ ਮੁਕਾਬਲੇ ਆਪਣਾ ਮਹਿੰਗਾ ਤੇਲ ਭਾਰਤ ਦੇ ਗਲ਼ ਪਾ ਰਿਹਾ ਹੈ। ਦੂਜੇ ਪਾਸੇ, ਭਾਰਤ ਅਮਰੀਕਾ ਨੂੰ ਕਿਰਤ-ਲਾਗਤ ਵਾਲਾ ਸਮਾਨ ਭੇਜੇਗਾ। ਮੋਦੀ ਨੇ ਸੱਤ ਬਚਨ ਕਹਿ ਕੇ ਸਭ ਕੁਝ ਮੰਨ ਲਿਆ।

ਟਰੰਪ ਨੇ ਆਪਣੇ ਐੱਫ-35 ਲੜਾਕੂ ਜਹਾਜ਼ ਖ਼ਰੀਦਣ ਦਾ ਹੁਕਮ ਮੋਦੀ ਵਜ਼ਾਰਤ ਨੂੰ ਸੁਣਾ ਦਿੱਤਾ, ਉਹ ਜੰਗੀ ਜਹਾਜ਼ ਜਿਸ ਦੇ ਮੁਕਾਬਲੇ ਦੁਨੀਆ 'ਚ ਬਿਹਤਰ ਬਦਲ ਮੌਜੂਦ ਹਨ; ਜਿਸਦੀ ਭਾਰਤ ਨੂੰ ਕੋਈ ਲੋੜ ਨਹੀਂ ਹੈ ਅਤੇ ਜਿਸ ਬਾਰੇ ਅਮਰੀਕਾ ਦੀ ਆਪਣੀ ਰਿਪੋਰਟ ਕਹਿੰਦੀ ਹੈ ਕਿ ਅਮਰੀਕਾ ਦੇ ਜੰਗੀ ਬੇੜੇ ਵਿਚਲੇ ਐੱਫ-35 ਜਹਾਜ਼ਾਂ 'ਚੋਂ ਅੱਧੇ ਚੱਲਣ ਦੇ ਕਾਬਲ ਨਹੀਂ ਹਨ। ਉਹ ਜਹਾਜ਼ ਜਿਸ ਨੂੰ ਐਲਨ ਮਸਕ ਨੇ ਅਜੇ ਕੁਝ ਮਹੀਨੇ ਪਹਿਲਾਂ ਹੀ ਅਜਿਹਾ 'ਕਬਾੜ' ਕਿਹਾ ਸੀ, ਜਿਸ ਨੂੰ ਬਣਾਉਣ ਬਾਰੇ ਮਸਕ ਦੇ ਸ਼ਬਦਾਂ 'ਚ ਕੋਈ ਮੂਰਖ਼ ਹੀ ਸੋਚ ਸਕਦਾ ਹੈ। ਤਕਨਾਲੋਜੀ ਅਤੇ ਸਪੇਅਰ-ਪਾਰਟਸ ਵਿਹੂਣਾ ਇਹ 'ਕਬਾੜ' ਸਵੀਕਾਰ ਕਰ ਕੇ ਮੋਦੀ ਆਪਣੇ 'ਮੇਕ ਇਨ ਇੰਡੀਆ' ਲਈ ਨਵੀਂ ਸੁਗਾਤ ਲਿਆਇਆ ਹੈ। ਇਹ ਦੇਖਣਾ ਦਿਲਚਸਪ ਰਹੇਗਾ ਕਿ ਹੁਣ ਮੋਦੀ ਅਮਰੀਕੀ ਅਜਾਰੇਦਾਰ ਸਰਮਾਏ ਅਤੇ ਆਪਣੇ ਲੰਗੋਟੀਏ ਯਾਰਾਂ ਅਡਾਨੀ-ਅੰਬਾਨੀ ਦੇ ਹਿਤਾਂ ਦਰਮਿਆਨ ਸੰਤੁਲਨ ਕਿਵੇਂ ਬਿਠਾਉਂਦਾ ਹੈ।

ਟਰੰਪ ਮੋਦੀ ਹਕੂਮਤ ਦੀਆਂ ਕਮਜ਼ੋਰੀਆਂ ਬਾਖ਼ੂਬੀ ਜਾਣਦਾ ਹੈ, ਉਹ ਇਸ ਦਾ ਵੱਧ ਤੋਂ ਵੱਧ ਫ਼ਾਇਦਾ ਉਠਾ ਰਿਹਾ ਹੈ। ਅਜੇ ਤਾਂ ਸਮਝੌਤੇ ਦੇ ਕੁਝ ਸੰਕੇਤ ਹੀ ਸਾਹਮਣੇ ਆ ਰਹੇ ਹਨ। ਮੋਦੀ ਦੀ ਅਮਰੀਕਾ ਫੇਰੀ ਦੇ ਘਾਤਕ ਅਸਰ ਸਮੇਂ ਨਾਲ ਸਾਹਮਣੇ ਆਉਣਗੇ ਕਿ ਟਰੰਪ ਅੱਗੇ ਗੋਡੇ ਟੇਕ ਕੇ ਭਾਰਤ ਦੇ ਹਿਤ ਕਿਸ ਕਦਰ ਗਹਿਣੇ ਪਾ ਦਿੱਤੇ ਗਏ।


ਭਾਰਤ ਦੇ ਲੋਕਾਂ ਨੂੰ ਉਮੀਦ ਸੀ ਕਿ ਟਰੰਪ ਨਾਲ ਮਿਲਣੀ 'ਚ ਮੋਦੀ ਬੱਚਿਆਂ ਅਤੇ ਔਰਤਾਂ ਸਮੇਤ ਭਾਰਤ ਦੇ 'ਗ਼ੈਰਕਾਨੂੰਨੀ ਪ੍ਰਵਾਸੀਆਂ' ਨਾਲ ਕੀਤੇ ਅਣਮਨੁੱਖੀ ਸਲੂਕ ਦਾ ਮੁੱਦਾ ਜ਼ਰੂਰ ਉਠਾਏਗਾ ਜਿਸ ਦੇ ਬਹੁਤ ਹੀ ਪ੍ਰੇਸ਼ਾਨ ਕਰਨ ਵਾਲੇ ਮੰਜ਼ਰ ਦੀ ਵੀਡੀਓ ਬਣਾ ਕੇ ਅਮਰੀਕਨ ਅਧਿਕਾਰੀਆਂ ਨੇ ਜਨਤਕ ਕੀਤੀ ਸੀ। ਇਸ ਕਾਰੇ ਵਿਚ ਮੋਦੀ ਵਜ਼ਾਰਤ ਦੀ ਮਿਲੀਭੁਗਤ ਜੱਗ ਜ਼ਾਹਰ ਸੀ, ਇਸਦੇ ਬਾਵਜੂਦ ਟਰੰਪ ਨਾਲ ਇਹ ਮੁੱਦਾ ਉਠਾਉਣ ਦਾ ਭਰੋਸਾ ਭਾਰਤੀ ਸੰਸਦ ਅੰਦਰ ਬਦੇਸ਼ ਮੰਤਰੀ ਨੇ ਖ਼ੁਦ ਦਿਵਾਇਆ ਸੀ। ਮੀਡੀਆ ਰਿਪੋਰਟਾਂ ਤੋਂ ਅਜਿਹਾ ਕੋਈ ਸੰਕੇਤ ਨਹੀਂ ਮਿਲਿਆ ਕਿ ਮੋਦੀ ਵੱਲੋਂ ਇਹ ਮੁੱਦਾ ਟਰੰਪ ਕੋਲ ਉਠਾਇਆ ਗਿਆ। ਮੋਦੀ ਨੂੰ ਸਿਰਫ਼ ਇਹ ਕਹਿੰਦੇ ਸੁਣਿਆ ਗਿਆ ਕਿ ਗ਼ੈਰਕਾਨੂੰਨੀ ਤਰੀਕੇ ਨਾਲ ਪ੍ਰਵਾਸ ਕਰਨ ਵਾਲਿਆਂ ਨੂੰ ਉੱਥੇ ਰਹਿਣ ਦੀ ਇਜਾਜ਼ਤ ਨਹੀਂ ਮਿਲ ਸਕਦੀ (ਯਾਨੀ ਅਮਰੀਕੀ ਸਰਕਾਰ ਦਾ ਉਨ੍ਹਾਂ ਨਾਲ ਮੁਜਰਮਾਂ ਵਾਲਾ ਸਲੂਕ ਵੀ ਜਾਇਜ਼ ਹੈ ਅਤੇ ਉਨ੍ਹਾਂ ਨੂੰ ਵਾਪਸ ਭੇਜਣਾ ਵੀ ਸਹੀ ਹੈ)। ਮੋਦੀ ਇਹ ਕਿਵੇਂ ਕਹਿ ਸਕਦਾ ਸੀ ਕਿ ਰੋਜ਼ੀ-ਰੋਟੀ ਲਈ 'ਗ਼ੈਰਕਾਨੂੰਨੀ' ਤਰੀਕਿਆਂ ਨਾਲ ਪ੍ਰਵਾਸ ਕਰਨ ਵਾਲੇ ਗ਼ਰੀਬੀ ਮਾਰੇ ਲੋਕ ਉਸਦੇ ਆਪਣੇ 'ਗੁਜਰਾਤ ਮਾਡਲ' ਸਮੇਤ ਲੋਕ ਵਿਰੋਧੀ ਪ੍ਰਬੰਧ ਦੀ ਉਪਜ ਹਨ। ਇਸ ਦੀ ਬਜਾਏ ਮੋਦੀ ਨੇ 'ਮਨੁੱਖੀ ਤਸਕਰੀ' ਦਾ ਮੁੱਦਾ ਉਠਾ ਕੇ ਇਸ ਵਿਰੁੱਧ ਸਾਂਝੀ ਲੜਾਈ 'ਚ ਟਰੰਪ ਸਰਕਾਰ ਦਾ ਸਹਿਯੋਗ ਮੰਗਿਆ। ਜੇ ਮੋਦੀ ਵੱਲੋਂ ਪ੍ਰਵਾਸੀਆਂ ਨਾਲ ਬਦਸਲੂਕੀ ਦਾ ਮੁੱਦਾ ਉਠਾਇਆ ਵੀ ਗਿਆ ਹੋਵੇਗਾ ਤਾਂ ਟਰੰਪ ਉੱਪਰ ਕੋਈ ਅਸਰ ਨਹੀਂ ਹੋਇਆ। ਮੋਦੀ ਦੀ ਫੇਰੀ ਤੋਂ ਬਾਅਦ ਭੇਜੀਆਂ ਅਗਲੀਆਂ ਦੋ ਫਲਾਈਟਾਂ ਵਿਚ ਅਮਰੀਕੀ ਸਰਕਾਰ ਵੱਲੋਂ ਭਾਰਤੀ ਪ੍ਰਵਾਸੀਆਂ ਨਾਲ ਪਹਿਲਾਂ ਵਾਂਗ ਅਣਮਨੁੱਖੀ ਸਲੂਕ ਕੀਤਾ ਗਿਆ, ਇੱਥੋਂ ਤੱਕ ਕਿ ਸਿੱਖ ਪ੍ਰਵਾਸੀਆਂ ਦੀਆਂ ਦਸਤਾਰਾਂ ਲਾਹ ਕੇ ਕੂੜਾਦਾਨ ਵਿਚ ਸੁੱਟ ਦਿੱਤੀਆਂ। ਇਕ ਸਾਬਕਾ ਫ਼ੌਜੀ ਦੇ ਦਾਹੜੀ-ਕੇਸ ਕੱਟ ਦਿੱਤੇ ਗਏ। ਟਰੰਪ ਦੇ ਅਧਿਕਾਰੀਆਂ ਨੇ ਬਸ ਇੰਨਾ ਕੁ ਰਹਿਮ ਕੀਤਾ ਕਿ ਇਸ ਵਾਰ ਬੱਚਿਆਂ ਅਤੇ ਔਰਤਾਂ ਨੂੰ ਹੱਥਕੜੀਆਂ ਨਹੀਂ ਲਗਾਈਆਂ। ਇਸ ਤੋਂ ਸਾਬਤ ਹੋ ਗਿਆ ਕਿ ਅਮਰੀਕੀ ਹਕੂਮਤ ਨੂੰ ਮੋਦੀ ਵਰਗਿਆਂ ਦੀ ਕੋਈ ਪ੍ਰਵਾਹ ਨਹੀਂ ਹੈ।

ਭਗਵਾ ਹਕੂਮਤ ਇਸ ਦੌਰੇ ਦੀ ਜੇ ਕੋਈ 'ਪ੍ਰਾਪਤੀ' ਗਿਣਾ ਸਕਦੀ ਹੈ, ਉਹ ਹੈ ਟਰੰਪ ਸਰਕਾਰ ਦਾ ਮੁੰਬਈ ਦੇ 'ਦਹਿਸ਼ਤਵਾਦੀ ਹਮਲਿਆਂ' ਦੇ ਕਥਿਤ ਯੋਜਨਾਘਾੜੇ ਤਹੱਵੁਰ ਰਾਣਾ ਨੂੰ ਭਾਰਤ ਸਰਕਾਰ ਦੇ ਹਵਾਲੇ ਕਰਨ ਲਈ ਸਹਿਮਤ ਹੋਣਾ। ਜਿਵੇਂ ਮੋਦੀ ਸਰਕਾਰ ਖ਼ਾਲਸਤਾਨੀ ਗੁਰਪਤਵੰਤ ਪੰਨੂ ਬਾਰੇ ਚੁੱਪ ਹੈ, ਉਸੇ ਤਰ੍ਹਾਂ ਉਪਰੋਕਤ ਕਾਂਡ ਨਾਲ ਜੁੜੇ ਮੁੱਖ ਚਿਹਰੇ ਡੇਵਿਡ ਹੈਡਲੀ ਬਾਰੇ ਚੁੱਪ ਹੈ। ਇਸ ਹਵਾਲਗੀ ਨੂੰ ਭਾਜਪਾ 'ਦਹਿਸ਼ਤਵਾਦ ਵਿਰੁੱਧ ਜੰਗ' ਦੇ ਆਪਣੇ ਬਿਰਤਾਂਤ ਵਿਚ ਇਕ 'ਪ੍ਰਾਪਤੀ' ਬਣਾ ਕੇ ਪੇਸ਼ ਕਰ ਸਕਦੀ ਹੈ ਹਾਲਾਂਕਿ ਤੱਥ ਇਹ ਹੈ ਕਿ ਇਸ ਹਵਾਲਗੀ ਦੀ ਪ੍ਰਕਿਰਿਆ ਕਾਂਗਰਸ ਦੀ ਅਗਵਾਈ ਵਾਲੀ ਯੂਪੀਏ ਸਰਕਾਰ ਦੇ ਸਮੇਂ ਹੀ ਸ਼ੁਰੂ ਹੋ ਗਈ ਸੀ।

ਆਰ.ਐੱਸ.ਐੱਸ ਦੇ ਜੰਗੇ-ਆਜ਼ਾਦੀ ਵਿਰੋਧੀ ਘਿਣਾਉਣੇ ਇਤਿਹਾਸ ਤੋਂ ਵਾਕਫ਼ ਲੋਕ ਜਾਣਦੇ ਹਨ ਕਿ ਸੰਘੀ ਲਾਣੇ ਦਾ ਮੁਲਕ ਦੇ ਹਿਤਾਂ ਅਤੇ ਮਾਣ-ਸਨਮਾਨ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਉਹ ਅੰਗਰੇਜ਼ੀ ਰਾਜ ਦੌਰਾਨ ਆਪਣੀ ਸਥਾਪਨਾ ਦੇ ਦਿਨਾਂ ਤੋਂ ਹੀ ਸਾਮਰਾਜਵਾਦੀਆਂ ਦੇ ਦਲਾਲ ਰਹੇ ਹਨ। ਮੋਦੀ ਵਜ਼ਾਰਤ ਆਪਣੇ ਵਿਚਾਰਧਾਰਕ ਗੁਰੂਆਂ ਦੇ ਨਕਸ਼ੇ-ਕਦਮਾਂ ਉੱਪਰ ਚੱਲਦਿਆਂ ਹੋਇਆਂ ਹੀ ਮੁਲਕ ਦੇ ਹਿਤ ਸਾਮਰਾਜੀ ਧਾੜਵੀ ਰਾਜਾਂ ਕੋਲ ਗਹਿਣੇ ਪਾ ਰਹੀ ਹੈ। ਇਹ ਭਾਰਤ ਦੇ ਲੋਕਾਂ ਨੇ ਸੋਚਣਾ ਹੈ ਕਿ ਉਨ੍ਹਾਂ ਦੇ ਫਿਰਕੂ ਪਾਲਾਬੰਦੀ ਦੀ ਘਿਣਾਉਣਾ ਸਿਆਸਤ ਦਾ ਖਾਜਾ ਬਣਨਾ ਹੈ ਜਾਂ ਆਪਣੇ ਮੁਲਕ ਨੂੰ ਬਚਾਉਣਾ ਹੈ।

# ਸਰਮਾਏਦਾਰੀ 'ਚ ਬੇਰੋਜ਼ਗਾਰੀ ਦਾ ਸੰਕਟ ਅਤੇ ਪ੍ਰਵਾਸੀਆਂ ਨਾਲ ਪਸ਼ੂਆਂ ਵਾਲਾ ਸਲੂਕ

***ਉੱਘੇ ਅਰਥ-ਸ਼ਾਸਤਰੀ ਪ੍ਰਭਾਤ ਪਟਨਾਇਕ, ਜੋ ਕਿ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ ਦੇ ਆਰਥਿਕ ਅਧਿਐਨ ਅਤੇ ਯੋਜਨਾਬੰਦੀ ਕੇਂਦਰ ਦੇ ਪ੍ਰੋਫੈਸਰ ਐਮਰੀਟਸ ਹਨ, ਦਾ ਇਹ ਲੇਖ ਦਰਸਾਉਂਦਾ ਹੈ ਕਿ ਸਰਮਾਏਦਾਰੀ ਪ੍ਰਬੰਧ ਵਿਚ ਬੇਰੁਜ਼ਗਾਰੀ ਅਟੱਲ ਹੈ ਅਤੇ ਇਸੇ ਕਾਰਨ ਪ੍ਰਵਾਸੀਆਂ ਨਾਲ ਪਸ਼ੂਆਂ ਵਾਲਾ ਸਲੂਕ ਉਨ੍ਹਾਂ ਦੀ ਅਟੱਲ ਹੋਣੀ ਹੈ। ਸਰਮਾਏਦਾਰੀ ਤਹਿਤ ਮਾਨਵਤਾ ਇਸ ਘਿਣਾਉਣੇ ਵਰਤਾਰੇ ਤੋਂ ਮੁਕਤ ਨਹੀਂ ਹੋ ਸਕਦੀ। ਲੇਖ ਦੇ ਮਹੱਤਵ ਨੂੰ ਦੇਖਦਿਆਂ ਇਸ ਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। -ਸੰਪਾਦਕ***



ਇਕ ਵਾਰ ਪ੍ਰਸਿੱਧ ਮਾਰਕਸਵਾਦੀ ਦਾਰਸ਼ਨਿਕ ਜਾਰਜ ਲੁਕਾਸ ਨੇ ਟਿੱਪਣੀ ਕੀਤੀ ਸੀ ਕਿ 'ਸਭ ਤੋਂ ਭੈੜਾ ਸਮਾਜਵਾਦ ਵੀ ਬਿਹਤਰੀਨ ਸਰਮਾਏਦਾਰੀ ਨਾਲੋਂ ਬਿਹਤਰ ਹੈ'। 1969 ਵਿਚ ਕੀਤੀ ਗਈ ਅਤੇ 1971 ਵਿਚ ਦੁਹਰਾਈ ਗਈ ਇਹ ਟਿੱਪਣੀ, ਨਿਰਸੰਦੇਹ ਸੋਵੀਅਤ ਯੂਨੀਅਨ ਅਤੇ ਪੂਰਬੀ ਯੂਰਪ ਵਿਚ ਅਸਲ ਵਿਚ ਮੌਜੂਦ ਸਮਾਜਵਾਦ

ਪ੍ਰਭਾਤ ਪਟਨਾਇਕ
ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ

ਬਾਰੇ ਲੁਕਾਸ ਦੀ ਧਾਰਨਾ ਦੇ ਆਧਾਰ 'ਤੇ ਸੀ, ਜਿਸ ਤੋਂ ਉਹ ਜਾਣੂ ਸੀ, ਜਿਸ ਨੂੰ ਉਸ ਸਮੇਂ ਵੀ ਪੱਛਮੀ ਖੱਬੇਪੱਖੀ ਹਲਕਿਆਂ ਵਿਚ ਸ਼ੱਕ ਦੀ ਨਜ਼ਰ ਨਾਲ ਦੇਖਿਆ ਗਿਆ ਸੀ।

ਪਰ ਹੁਣ ਔਰਤਾਂ ਅਤੇ ਬੱਚਿਆਂ ਸਮੇਤ ਅਮਰੀਕਾ ਤੋਂ ਵਾਪਸ ਉਨ੍ਹਾਂ ਦੇ ਮੂਲ ਮੁਲਕਾਂ ਵਿਚ ਭੇਜੇ ਗਏ ਲੋਕਾਂ ਨੂੰ ਬੇੜੀਆਂ ਅਤੇ ਹੱਥਕੜੀਆਂ 'ਚ ਨੂੜ ਕੇ ਫ਼ੌਜੀ ਜਹਾਜ਼ਾਂ ਵਿਚ ਭਾਰਤ ਅਤੇ ਤੀਜੀ ਦੁਨੀਆ ਦੇ ਹੋਰ ਮੁਲਕਾਂ 'ਚ ਵਾਪਸ ਲਿਆਂਦੇ ਜਾਣ 'ਤੇ ਇਹ ਟਿੱਪਣੀ ਮੁੜ ਚੇਤੇ ਆ ਗਈ ਹੈ। ਸੋਵੀਅਤ ਯੂਨੀਅਨ ਅਤੇ ਪੂਰਬੀ ਯੂਰਪ ਵਿਚ ਅਸਲ ਵਿਚ ਮੌਜੂਦ ਸਮਾਜਵਾਦ ਦੀਆਂ ਘੱਟੋ-ਘੱਟ ਦੋ ਪ੍ਰਤੱਖ ਆਕਰਸ਼ਕ ਖ਼ੂਬੀਆਂ ਸਨ ਜੋ ਇਸਨੂੰ ਕਿਸੇ ਵੀ ਸਰਮਾਏਦਾਰ ਮੁਲਕ ਤੋਂ ਵੱਖਰਾ ਕਰਦੀਆਂ ਸਨ।

ਇਹ ਨਿਰੋਲ ਅਪਮਾਨ, ਦਰਅਸਲ ਨਸਲੀ ਅਪਮਾਨ ਨਾਲ ਸੰਬੰਧਤ ਹੈ, ਜੋ ਦੁਨੀਆ ਦੇ ਮੋਹਰੀ ਸਰਮਾਏਦਾਰ ਮੁਲਕ ਵੱਲੋਂ ਪ੍ਰਵਾਸੀਆਂ ਨੂੰ ਵਾਪਸ ਭੇਜਣ ਦੇ ਪਿੱਛੇ ਕੰਮ ਕਰਦਾ ਹੈ, ਜਿਸ ਤੋਂ ਸਮਾਜਵਾਦੀ ਮੁਲਕ ਅਧਿਕਾਰਕ ਤੌਰ 'ਤੇ ਪੂਰੀ ਤਰ੍ਹਾਂ ਮੁਕਤ ਸਨ।

ਨਿਰਸੰਦੇਹ ਇਹ ਗੱਲ ਤਾਂ ਸਾਫ਼ ਹੈ ਕਿ ਇਸ ਤੋਂ ਉਲਟ ਤਮਾਮ ਸਰਕਾਰੀ ਪੁਜ਼ੀਸ਼ਨਾਂ ਦੇ ਬਾਵਜੂਦ ਉਸ ਸਮੇਂ ਸਮਾਜਵਾਦੀ ਮੁਲਕਾਂ ਵਿਚ ਵੀ ਲੋਕਾਂ 'ਚ ਨਸਲੀ ਤੁਅੱਸਬ ਲੁਕਵੇਂ ਰੂਪ 'ਚ ਪਏ ਹੋਣਗੇ, ਜੋ ਤੁਅੱਸਬ ਉੱਥੇ ਸਮਾਜਵਾਦ ਦੇ ਢਹਿ-ਢੇਰੀ ਹੋਣ ਜਾਣ ਤੋਂ ਬਾਅਦ ਸਾਹਮਣੇ ਆ ਰਹੇ ਹਨ।

ਪਿੱਛੇ ਜਹੇ ਵਿਕਸਤ ਸਰਮਾਏਦਾਰ ਮੁਲਕਾਂ ਵਿਚ ਅਗਾਂਹਵਧੂ ਤਾਕਤਾਂ ਦੁਆਰਾ ਵਧੇਰੇ ਸਹਿਣਸ਼ੀਲ ਸਮਾਜ ਬਣਾਉਣ ਲਈ ਕੀਤੇ ਜਾ ਰਹੇ ਬੇਥਾਹ ਯਤਨਾਂ ਤੋਂ ਵੀ ਹਰ ਕੋਈ ਜਾਣੂੰ ਹੈ, ਜਿਸ ਵਿਚ ਨਸਲੀ ਤੌਰ 'ਤੇ ਸਹਿਣਸ਼ੀਲ ਹੋਣਾ ਵੀ ਸ਼ਾਮਲ ਹੈ। ਅਸਲ ਵਿਚ, ਬਹੁਤ ਸਾਰੇ ਲੋਕ ਪ੍ਰਵਾਸੀਆਂ ਨੂੰ ਇਸ ਤਰ੍ਹਾਂ ਕੱਢੇ ਜਾਣ ਦੀ ਅਮਾਨਵੀਅਤਾ ਦਾ ਕਾਰਨ ਸਰਮਾਏਦਾਰੀ ਨੂੰ ਨਹੀਂ ਸਗੋਂ ਟਰੰਪਵਾਦ ਨੂੰ ਮੰਨਦੇ ਹਨ, ਭਾਵ ਨਵ-ਫਾਸ਼ੀਵਾਦੀ ਜੁੰਡਲੀ ਦੀ ਘੋਰ ਅਮਾਨਵੀਅਤਾ ਨੂੰ ਜਿਸ ਦੇ ਹੱਥ 'ਚ ਇਸ ਸਮੇਂ ਅਮਰੀਕਾ ਦੇ

*(ਬਾਕੀ ਸਫ਼ਾ 13 'ਤੇ)*

## ਸੰਪਾਦਕ ਦੀ ਡਾਕ

### ਸ੍ਰੀ ਅਕਾਲ ਤਖਤ ਸਾਹਿਬ ਦਾ ਮੌਜੂਦਾ ਸੰਕਟ ਅਤੇ ਹਰਚਰਨ ਸਿੰਘ ਪ੍ਰਹਾਰ ਦੀਆਂ ਚਿੰਤਾਵਾਂ!

**ਸੰਪਾਦਕ ਜੀ,**

ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉਚਤਾ ਦੇ ਸੰਕਲਪ ਅਤੇ ਅਜੋਕੇ ਯੁੱਗ ਦੀਆਂ ਚੁਣੌਤੀਆਂ ਦੇ ਵਿਸ਼ੇ 'ਤੇ ਪਿਛਲੇ ਦਿਨੀਂ, 11 ਜਨਵਰੀ ਤੋਂ 'ਪੰਜਾਬ ਟਾਈਮਜ਼' ਵਿਚ ਸ. ਹਰਚਰਨ ਸਿੰਘ ਪ੍ਰਹਾਰ ਵਲੋਂ ਲਿਖੇ ਲੜੀਵਾਰ ਲੇਖ, ਕਿਸੇ ਮੇਹਰਬਾਨ ਸੱਜਣ ਤੋਂ ਮਿਲੀ ਜਾਣਕਾਰੀ ਤੋਂ ਬਾਅਦ ਪੜ੍ਹਨ ਦਾ ਮੌਕਾ ਮਿਲਿਆ ਹੈ। ਸਭ ਤੋਂ ਪਹਿਲਾਂ ਤਾਂ ਮੌਕੇ ਦੀ ਲੋੜ ਅਨੁਸਾਰ ਵਿਦਵਾਨ ਸੱਜਣ ਨੇ ਖੋਜ ਪੜਤਾਲ ਕਰ ਕੇ ਪੂਰੀ ਨਿਰਪੱਖਤਾ ਅਤੇ ਦਲੇਰੀ ਨਾਲ ਆਪਣੀਆਂ ਚਿੰਤਾਵਾਂ ਜ਼ਾਹਰ ਕੀਤੀਆਂ ਹਨ। ਜਿਸ ਲਈ ਉਹ ਵਧਾਈ ਦੇ ਪਾਤਰ ਆਖੇ ਜਾ ਸਕਦੇ ਹਨ।

ਲੇਖ ਲੜੀ ਦੇ ਹਰ ਲੇਖ ਵਿਚ ਕੋਈ ਨਾ ਕੋਈ ਅਹਿਮ ਮੁੱਦਾ ਨਿਤਾਰ ਕੇ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਸ ਉਪਰ ਹੋਰ ਵਧੇਰੇ ਵਿਚਾਰ-ਚਰਚਾ ਲਈ ਸੱਦਾ ਦਿੱਤਾ ਗਿਆ ਹੈ। ਲੇਖਕ ਨੇ ਪ੍ਰੋ. ਪੂਰਨ ਸਿੰਘ ਅਤੇ ਸ. ਕਪੂਰ ਸਿੰਘ ਦੇ ਵਿਚਾਰਾਂ ਦੇ ਵਖਰੇਵੇਂ ਨੂੰ ਜਿਸ ਤਰ੍ਹਾਂ ਸਾਹਮਣੇ ਲਿਆਂਦਾ ਹੈ, ਉਹ ਮੇਰੇ ਲਈ ਵੀ ਨਵੀਂ ਗੱਲ ਸੀ। ਅੱਗੋਂ ਪ੍ਰਹਾਰ ਹੋਰਾਂ ਨੇ ਡਾ. ਜਸਬੀਰ ਸਿੰਘ ਆਹਲੂਵਾਲੀਆ ਅਤੇ ਡਾ. ਗੁਰਭਗਤ ਸਿੰਘ ਦੀਆਂ ਸ੍ਰੀ ਅਕਾਲ ਤਖਤ ਸਾਹਿਬ ਬਾਰੇ ਸਮੇਂ-ਸਮੇਂ 'ਤੇ ਲਿਖੀਆਂ ਲਿਖਤਾਂ ਦੀਆਂ ਸੀਮਾਵਾਂ 'ਤੇ ਵੀ ਲੋੜੀਂਦੇ ਇਸ਼ਾਰੇ ਕੀਤੇ ਹਨ। ਸ੍ਰੀ ਅਕਾਲ ਤਖਤ ਸਾਹਿਬ ਵਲੋਂ ਜਾਰੀ ਕੀਤੇ ਜਾ ਰਹੇ ਹੁਕਮਨਾਮਿਆਂ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੇ ਅਸਤੀਫੇ ਨੂੰ ਦੇਖਦਿਆਂ, ਜਿਸ ਕਿਸਮ ਦਾ ਸੰਕਟ ਅੱਜ-ਕੱਲ੍ਹ ਬਣਿਆ ਹੋਇਆ ਹੈ, ਉਸ ਨੂੰ ਦੇਖਦਿਆਂ ਅਜਿਹੀ ਸਥਿਤੀ ਹਰੇਕ ਪੰਥ ਹਿਤੈਸ਼ੀ ਲਈ ਚਿੰਤਾਜਨਕ ਹੈ।

'ਪ੍ਰੋ. ਬਲਕਾਰ ਸਿੰਘ ਨਾਲ ਸੰਵਾਦ' ਨੂੰ ਪੜ੍ਹਦਿਆਂ, ਉਨ੍ਹਾਂ ਦਾ ਇਹ ਵਿਚਾਰ ਬਿਲਕੁਲ ਠੀਕ ਲੱਗਦਾ ਹੈ ਕਿ ਸਿੰਘ ਸਾਹਿਬ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਕਿਸੇ ਤਰ੍ਹਾਂ ਦੇ ਦੋਸ਼ ਪੱਤਰ ਅਧਾਰਿਤ ਤਨਖਾਹ ਲਗਾ ਕੇ ਮਨਵਾਉਣ ਦੀ ਥਾਂ ਸਿੰਘ ਸਾਹਿਬ ਦੀ ਰਾਏ ਨੂੰ ਸਭ ਸਿੱਖਾਂ ਤੱਕ ਕਿਸੇ ਵੀ ਸੰਭਵ ਵਿਧੀ ਰਾਹੀਂ ਪਹੁੰਚਾ ਦੇਣ ਦੀ ਤਜਵੀਜ਼ ਦਿੱਤੀ ਗਈ ਹੈ। ਪ੍ਰੋ. ਸਾਹਿਬ ਦਾ ਇਹ ਵੀ ਕਹਿਣਾ ਹੈ ਕਿ ਅੱਗੇ ਸਿੱਖਾਂ ਸਿੰਘ ਸਾਹਿਬ ਦੀ ਰਾਏ ਦਾ ਕਿਤਨਾ ਕੁ ਮਾਣ ਰੱਖਣਾ ਹੈ। ਪ੍ਰੋ. ਬਲਕਾਰ ਸਿੰਘ ਦੀ ਇਹ ਸਲਾਹ ਵੀ ਠੀਕ ਲੱਗਦੀ ਹੈ ਕਿ ਤਨਖਾਹ ਲਗਾਉਣ ਦੀ ਵਿਧੀ ਸਬੰਧਤ ਕਥਿਤ ਦੋਸ਼ੀ ਦੀ ਸਾਖ ਭਾਈਚਾਰੇ ਵਿਚ ਬਚਾਉਣ ਲਈ ਸੀ, ਉਹ ਵੀ ਜੇ ਕੋਈ ਵਿਅਕਤੀ ਆਪ ਇਸ ਸਬੰਧੀ ਜਥੇਦਾਰ ਸਾਹਿਬ ਕੋਲ ਫਰਿਆਦ ਕਰੇ। ਪੰਥ ਵਿੱਚੋਂ ਛੇਕੇ ਜਾਣ ਦੀ ਵਿਧੀ ਨੂੰ ਇਸ ਤੋਂ ਵੱਖ ਕਰ ਕੇ ਵੇਖੇ ਜਾਣ ਦੀ ਲੋੜ ਹੈ। ਇਨ੍ਹਾਂ ਸੁਝਾਵਾਂ 'ਤੇ ਪੰਥ ਨੂੰ ਗੰਭੀਰ ਵਿਚਾਰ ਕਰਨ ਦੀ ਲੋੜ ਹੈ।

ਲੇਖ ਅਨੁਸਾਰ ਪ੍ਰੋ. ਬਲਕਾਰ ਸਿੰਘ ਨੇ ਦੁਨੀਆ ਭਰ ਵਿਚ ਫੈਲੇ ਸਿੱਖ ਵਿਦਵਾਨਾਂ ਦੀ ਰਾਏ ਲੈ ਕੇ ਕਿਸੇ ਸਮਰੱਥ ਵਿਅਕਤੀ ਨੂੰ ਲੱਭ ਕੇ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਨਿਯਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਅਨੁਸਾਰ, ਅਜਿਹਾ ਹੋਣ ਨਾਲ ਸਭ ਮਸਲੇ ਤਸੱਲੀਬਖਸ਼ ਢੰਗ ਨਾਲ ਹੱਲ ਹੋ ਸਕਦੇ ਹਨ। ਪ੍ਰਹਾਰ ਸਾਹਿਬ ਅਨੁਸਾਰ ਪ੍ਰੋ. ਬਲਕਾਰ ਸਿੰਘ ਦੀਆਂ ਇਹ ਤਜਵੀਜ਼ਾਂ ਠੀਕ ਹੋ ਸਕਦੀਆਂ ਹਨ, ਪਰ ਸਮੱਸਿਆ ਸ਼ਾਇਦ ਇਹ ਨਹੀਂ ਹੈ। ਹਰਚਰਨ ਸਿੰਘ ਪ੍ਰਹਾਰ ਹੋਰਾਂ ਦੀ ਗੱਲ ਠੀਕ ਲੱਗਦੀ ਹੈ ਕਿ ਲੋੜ ਪੂਰੇ ਸਿੱਖ ਜਗਤ ਅੰਦਰ ਸ੍ਰੀ ਅਕਾਲ ਤਖਤ ਸਾਹਿਬ ਦੇ ਸੰਕਲਪ ਨੂੰ ਸਪੱਸ਼ਟ ਕਰ ਕੇ ਉਸਦਾ ਅਧਿਕਾਰ ਖੇਤਰ ਅਤੇ ਰੋਲ ਮਿੱਥੇ ਜਾਣ ਦੀ ਹੈ। ਜਿਤਨੀ ਦੇਰ ਤੱਕ ਇਹ ਨਹੀਂ ਕੀਤਾ ਜਾਂਦਾ ਤਾਂ ਕੀ ਅਜਿਹਾ ਨਹੀਂ ਲੱਗਦਾ ਕਿ ਭਵਿੱਖ ਵਿਚ ਵੀ ਅਜਿਹੇ ਸੰਕਟਾਂ ਦੀ ਸੰਭਾਵਨਾ ਲਗਾਤਾਰ ਬਣੀ ਰਹੇਗੀ। ਇਹ ਮਸਲਾ ਵੀ ਵਿਚਾਰਿਆ ਜਾਣਾ ਚਾਹੀਦਾ ਹੈ। ਹਰਚਰਨ ਸਿੰਘ ਦੇ 'ਸੋਸ਼ਲ ਮੀਡੀਆ ਦੀ ਦਹਿਸ਼ਤਗਰਦੀ' ਲੇਖ ਵਿਚ ਇਹ ਨੁਕਤਾ ਵੀ ਗੰਭੀਰ ਧਿਆਨ ਦੀ ਮੰਗ ਕਰਦਾ ਹੈ ਕਿ ਤਖਤਾਂ ਦੇ ਜਥੇਦਾਰਾਂ ਦੇ ਫੈਸਲਿਆਂ ਨੂੰ ਪ੍ਰਭਾਵਤ ਕਰਨ ਲਈ, ਕੀ ਸ਼ਰ੍ਹੇਆਮ ਅਜਿਹੀ ਮੁਹਿੰਮ ਚਲਾਈ ਜਾਣੀ ਵਾਜਬ ਹੈ? ਜਿਸ ਕਿਸਮ ਦੀ ਮੁਹਿੰਮ ਪਿਛਲੇ ਸਮੇਂ ਵਿਚ ਸੁਣਨ ਵਿਚ ਆਉਂਦੀ ਰਹੀ ਹੈ।

***-ਡਾ. ਹਰਬੰਸ ਲਾਲ***

***(ਨੋਟ: ਡਾ. ਹਰਬੰਸ ਲਾਲ, ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੋਢੀ ਮੈਂਬਰਾਂ ਵਿਚੋਂ ਇੱਕ ਸਨ।)***

### ਅਖੀਰ: ਹਰਚਰਨ ਸਿੰਘ ਪ੍ਰਹਾਰ ਵੀ ਡਰ ਗਏ!

**ਸੰਪਾਦਕ ਜੀ,**


ਪੰਜਾਬ ਟਾਈਮਜ਼ ਵਿਚ ਛਪਦੇ ਹਰਚਰਨ ਸਿੰਘ ਪ੍ਰਹਾਰ ਹੁਰਾਂ ਦੇ ਜਾਣਕਾਰੀ ਭਰਪੂਰ ਲੇਖ ਪੜ੍ਹਨਯੋਗ ਹੁੰਦੇ ਹਨ, ਪਰ ਡੂੰਘੇ ਧਾਰਮਿਕ ਵਿਸ਼ੇ ਮੇਰੀ ਸੀਮਤ ਪਹੁੰਚ ਤੋਂ ਬਾਹਰ ਹੁੰਦੇ ਹਨ। ਹਾਂ ਸਿੱਖ ਸਮਾਜਕ ਸਰੋਕਾਰਾਂ ਨਾਲ ਸਬੰਧਤ ਉਨ੍ਹਾਂ ਦੀ ਨਿਰਪੱਖ ਸੋਚ ਦਾ ਮੈਂ ਕਾਇਲ ਹਾਂ, ਉਹ ਇਸ ਲਈ ਕਿ ਜਿਵੇਂ ਬਹੁਤੇ ਸਿੱਖ ਬੁੱਧੀਜੀਵੀ 'ਸਿੱਖੀ ਨੂੰ ਖਤਰਾ' ਦਾ ਹਊਆ ਖੜ੍ਹਾ ਕਰ ਐਂਵੇਂ ਕੌਮ ਨੂੰ ਗਧੀਗੇੜ ਪਾਈ ਰੱਖਦੇ ਹਨ, ਪ੍ਰਹਾਰ ਜੀ ਈਮਾਨਦਾਰੀ ਨਾਲ ਸਾਰੀਆਂ ਸਿੱਖ ਸਮੱਸਿਆਵਾਂ ਲਈ ਕਿਸੇ ਬਾਹਰੀ ਧਿਰ ਨੂੰ ਦੋਸ਼ ਨਾ ਦੇ ਕੇ ਸਾਡੀ ਆਪਣੀ ਹੀ ਦਿਸ਼ਾਹੀਣ ਅਤੇ ਗੁਮਰਾਹਕੁਨ ਲੀਡਰਸ਼ਿਪ ਨੂੰ ਜ਼ਿੰਮੇਵਾਰ ਮੰਨਦੇ ਹਨ।

'ਹਮ ਨਹੀਂ ਚੰਗੇ ਬੁਰਾ ਨਹੀਂ ਕੋਈ' ਦਾ ਪਾਲਨ ਕਰਦਿਆਂ ਸਵੈ-ਪੜਚੋਲ ਕਰਨ ਦਾ ਜਿਗਰਾ ਵਿਰਲਿਆਂ ਦਾ ਹੀ ਹੁੰਦਾ ਹੈ, ਵਰਨਾ ਬਿਨਾ ਵਕਤ ਵਿਚਾਰੇ ਅਤੇ ਬਿਨਾ ਨਿਸ਼ਾਨੇ ਦੀ ਸਪੱਸ਼ਟਤਾ ਦੇ ਹਕੂਮਤਾਂ ਵਿਰੁੱਧ ਤੋਪਾਂ ਬੀੜ ਕੇ ਹਵਾ ਵਿਚ ਤਲਵਾਰਾਂ ਭਜਾਉਂਦੇ ਹੋਏ ਮਰਜਾਂਗੇ, ਮਾਰ ਦਿਆਂਗੇ ਦਾ ਰਾਗ ਅਲਾਪਣ ਵਾਲੇ ਅਣਗਿਣਤ ਪੰਜਾਬ ਦੇ ਵਾਰਸ ਖੁੰਭਾਂ ਵਾਂਗੂੰ ਉੱਗਦੇ ਨਿਤ ਦੇਖੇ ਜਾ ਸਕਦੇ ਹਨ। ਅਕਾਲ ਤਖਤ ਦੀ ਸਰਵਉੱਚਤਾ ਬਾਰੇ ਪਿਛਲੇ ਅੰਕ ਵਿਚ ਛਪੇ ਪ੍ਰਹਾਰ ਜੀ ਦੇ ਲੇਖ ਬਾਰੇ ਕੁਝ ਨਹੀਂ ਕਹਿਣਾ ਪਰ ਇਸ ਲੇਖ ਦੇ ਅੰਤ ਵਿਚ ਉਨ੍ਹਾਂ ਜੋ ਲਿਖ ਦਿੱਤਾ ਉਸ ਨਾਲ ਮੈਂ ਬਿਲਕੁਲ ਸਹਿਮਤ ਨਹੀਂ। ਧਾਡਾ ਅਖਬਾਰ ਜੇਕਰ ਸਭ ਪਾਠਕਾਂ ਨੂੰ ਆਪਣਾ ਨਜ਼ਰੀਆ ਇਸ ਪਲੇਟਫਾਰਮ 'ਤੇ ਪੇਸ਼ ਕਰਨ ਦਾ ਅਵਸਰ ਦਿੰਦਾ ਹੈ ਤਾਂ ਮੈਂ ਜ਼ਰੂਰ ਕੁਝ ਅਰਜ਼ ਕਰਨ ਦੀ ਇਜਾਜ਼ਤ ਚਾਹਾਂਗਾ। ਪ੍ਰਹਾਰ ਜੀ ਲਿਖਦੇ ਹਨ 'ਸੰਤਾਂ ਦੀ ਅਗਵਾਈ ਹੇਠ ਉਨ੍ਹਾਂ ਦੇ ਪੈਰੋਕਾਰਾਂ ਪੂਰੀ ਦਲੇਰੀ ਨਾਲ ਜੋ ਹਥਿਆਰਬੰਦ ਲੜਾਈ ਲੜੀ, ਉਸ ਜਾਂਬਾਜ਼ੀ ਦੇ ਕਿੱਸੇ ਲਿਖੇ ਗਏ 'ਤੇ ਲਿਖੇ ਜਾਣਗੇ'। ਸਾਫ ਨਜ਼ਰ ਆਈ ਜਾਂਦਾ ਹੈ ਕਿ ਇਹ ਗੱਲ ਉਨ੍ਹਾਂ ਨੇ ਮੀਡੀਆ ਚੈਨਲਾਂ ਉਪਰ ਗਰਜਦੇ ਆ ਰਹੇ ਅਕਾਲ ਤਖਤ ਸਾਹਿਬ ਦੀ ਅਜਮਤ ਦੀ ਰਾਖੀ ਲਈ ਉਤਰੇ ਜਿਹਾਦੀ ਪੱਤਰਕਾਰਾਂ ਤੋਂ ਡਰਦੇ ਮਾਰਿਆਂ ਹੀ ਲਿਖੀ ਲਗਦੀ ਹੈ। ਵਰਨਾ ਲਿਖਣਾ ਤਾਂ ਉਨ੍ਹਾਂ ਨੂੰ ਇਹ ਚਾਹੀਦਾ ਸੀ ਕਿ ਅਜਿਹੇ ਸਤਿਕਾਰਤ ਧਰਮ ਅਸਥਾਨ ਨੂੰ ਜੰਗ ਦਾ ਅਖਾੜਾ ਬਣਨ ਹੀ ਨਹੀਂ ਦਿੱਤਾ ਜਾਣਾ ਚਾਹੀਦਾ ਸੀ। ਖੁਦ ਉਨ੍ਹਾਂ ਨੇ ਆਪਣੇ ਇੱਕ ਲੇਖ ਵਿਚ ਪ੍ਰੋ. ਪੂਰਨ ਸਿੰਘ ਦੇ ਹਵਾਲੇ ਨਾਲ ਇਸ ਕਿਸਮ ਦੇ ਇਸ਼ਾਰੇ ਕੀਤੇ ਵੀ ਹੋਏ ਹਨ। ਮੇਰੀ ਜਾਚੇ ਇੱਥੇ ਪ੍ਰਹਾਰ ਜੀ, ਜਿਸ 'ਸਿੰਡਰੋਮ' ਤੋਂ ਪ੍ਰਭਾਵਤ ਹੋ ਗਏ ਹਨ, ਉਸ ਤੋਂ ਕਦੇ ਮਸ਼ਹੂਰ ਲੇਖਕ ਖੁਸ਼ਵੰਤ ਸਿੰਘ ਵੀ ਹੋ ਗਏ ਸਨ, ਜਦ ਉਨ੍ਹਾਂ ਆਪਰੇਸ਼ਨ ਬਲੂ ਸਟਾਰ ਵੇਲੇ ਸਰਕਾਰ ਵੱਲੋਂ ਮਿਲਿਆ ਐਵਾਰਡ ਵਾਪਸ ਕਰ ਦਿੱਤਾ ਸੀ। ਜਦਿਕ ਉਹ ਸੰਤਾਂ ਵਲੋਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਪ੍ਰਤੀ ਦੁਨੀਆ ਭਰ ਵਿਚ ਵੱਸਦੇ ਸਿੱਖ ਭਾਈਚਾਰੇ ਅੰਦਰ ਅਥਾਹ ਸ਼ਰਧਾ ਨੂੰ ਢਾਲ਼ ਬਣਾ ਕੇ ਚਲਾਏ ਹਥਿਆਰਬੰਦ ਸੰਘਰਸ਼ ਦੇ ਸਖ਼ਤ ਵਿਰੋਧੀ ਸਨ, ਜਿਸ ਲਈ ਉਨ੍ਹਾਂ ਦਾ ਨਾਂਅ ਖਾੜਕੂਆਂ ਦੀ ਹਿਟ ਲਿਸਟ ਵਿਚ ਦਰਜ ਹੋ ਗਿਆ ਸੀ। ਪਰ ਸਮਾਜਕ ਦਬਾਅ ਦਾ ਸਾਹਮਣਾ ਨਾ ਕਰ ਸਕਣ ਕਰਕੇ ਉਨ੍ਹਾਂ ਐਵਾਰਡ ਵਾਪਸ ਕਰਨਾ ਉਚਿਤ ਸਮਝਿਆ। ਪ੍ਰਹਾਰ ਜੀ ਸਰਕਾਰੀ ਕਾਰਵਾਈ ਨੂੰ ਮੁਜਰਮਾਨਾ ਦੱਸਦੇ ਹਨ ਪਰ ਸੱਚ ਇਹ ਹੈ ਕਿ ਜੇ ਸਮੇਂ ਸਿਰ ਐਕਸ਼ਨ ਲਏ ਹੁੰਦੇ ਤਾਂ ਐਨਾ ਖੂਨ ਖਰਾਬਾ ਨਾ ਹੁੰਦਾ। ਕੀ ਜੇਕਰ ਡੁਬਈ ਤੋਂ ਉਤਰੇ ਨੌਜਵਾਨ ਅੰਮ੍ਰਿਤਪਾਲ ਸਿੰਘ ਦੀ ਆਦਮ ਬੋ-ਆਦਮ, ਆਦਮ-ਬੋ ਮਾਰਕਾ ਰਾਜਨੀਤੀ ਨੂੰ ਠੱਲ੍ਹ ਨਾ ਪਾਈ ਹੁੰਦੀ ਤਾਂ 2/3 ਸਾਲਾਂ ਵਿਚ '84 ਵਾਲਾ ਮਾਹੌਲ ਪੰਜਾਬ ਵਿਚ ਨਾ ਸਿਰਜਿਆ ਜਾਂਦਾ? ਪ੍ਰਹਾਰ ਜੀ ਅੱਜ ਜ਼ਮਾਨਾ ਪਹਿਲਾਂ ਵਾਂਗ ਹਥਿਆਰਾਂ ਨਾਲ ਲੜਨ ਦਾ ਨਹੀਂ ਹੈ। ਅੱਜ ਅਕਲ ਦੀ ਲੜਾਈ ਹੈ, ਜੋ ਤਲਵਾਰ ਨਾਲ ਨਹੀਂ ਕਲਮ ਨਾਲ ਲੜੀ ਜਾਣੀ ਹੈ। ਹਮਾਸ ਨੇ ਹਥਿਆਰਾਂ ਨਾਲ ਲੜ ਕੇ ਆਪਣਾ ਇਲਾਕਾ ਖੰਡਰ ਵਿਚ ਤਬਦੀਲ ਕਰ ਲਿਆ। ਇਰਾਕ ਅਫ਼ਗਾਨਿਸਤਾਨ ਵਿਚ ਹਥਿਆਰਬੰਦ ਲੜਾਕਿਆਂ ਸੁਖੀ ਵਸਦੇ ਮੁਲਕਾਂ ਨੂੰ ਦੋਜਖ ਵਿਚ ਤਬਦੀਲ ਕਰ ਦਿੱਤਾ ਹੈ ਜਿੱਥੋਂ ਉੱਥੇ ਵਸਦੇ ਲੋਕ ਜਾਨ ਬਚਾ ਕੇ ਦੌੜ ਰਹੇ ਹਨ ਤੇ ਜਿੱਥੇ ਜਗ੍ਹਾ ਮਿਲੇ ਸ਼ਰਨਾਰਥੀ ਕੈਂਪਾਂ ਵਿਚ ਨਰਕ ਦੀ ਜ਼ਿੰਦਗੀ ਜੀਅ ਰਹੇ ਹਨ। ਸੋਚਿਆ ਜਾਵੇ ਤਾਂ ਸਾਰੇ ਪੁਆੜੇ ਦੀ ਜੜ੍ਹ 'ਸਭ ਧਰਮਾਂ ਦੀ ਸਭੇ ਸਾਂਝੀਵਾਲਤਾ' ਵਾਲੀ ਅੰਤਰ-ਆਤਮਾ ਤੋਂ ਮੂੰਹ ਮੋੜ ਕੇ ਪੂਰੀ ਇਨਸਾਨੀਅਤ ਅੰਦਰ ਵੰਡੀਆਂ ਪਾਈਆਂ ਹਨ ਅਤੇ ਆਪਸ ਵਿਚ ਲੜ ਮਰਨ ਦਾ ਮਾਦਾ ਪੈਦਾ ਕੀਤਾ ਹੈ। ਸੰਸਾਰ ਦੀਆਂ ਕੁਝ ਕੁ ਸੰਸਥਾਵਾਂ ਨੇ ਕੁਝ ਸਰਵੇ ਕੀਤੇ ਹਨ, ਜਿਨ੍ਹਾਂ ਦਾ ਨਿਚੋੜ ਇਵੇਂ ਹੈ ਕਿ ਦੁਨੀਆ ਦੇ ਜਿੰਨੇ ਵੀ ਦੇਸ਼ ਵੱਧ ਸੈਕੂਲਰ ਹੋ ਗਏ ਹਨ, ਉਹ ਦੇਸ਼ ਉਨੇ ਹੀ ਵੱਧ ਰਹਿਣਯੋਗ ਬਣ ਗਏ ਹਨ। ਸਾਡਾ ਭਾਰਤ ਇੱਕ ਧਾਰਮਿਕ ਦੇਸ਼ ਹੈ, ਜਿੱਥੇ ਹਰ ਮੁਹੱਲੇ ਵਿਚ ਕਈ ਕਈ ਧਰਮ ਅਸਥਾਨ ਹਨ, ਪਰ ਇਸ ਦੇ ਬਾਵਜੂਦ ਅਸੀਂ ਵੱਧ ਸੈਕੂਲਰ ਮੁਲਕਾਂ ਵੱਲ ਵਹੀਰਾਂ ਕਿਉਂ ਘੱਤੀਆਂ ਹਨ? ਇੱਕ ਹੋਰ ਅਧਿਐਨ ਅਨੁਸਾਰ ਕੈਨੇਡਾ ਵਿਚਲੇ ਚਰਚਾਂ ਦੀ ਗਿਣਤੀ ਪਿਛਲੇ 50 ਸਾਲਾਂ ਦੌਰਾਨ ਅੱਧੀ ਰਹਿ ਗਈ ਹੈ ਅਤੇ ਇਸੇ ਦੌਰਾਨ ਚਰਚ ਜਾਣ ਵਾਲਿਆਂ ਦੀ ਗਿਣਤੀ 90% ਤੋਂ ਘਟ ਕੇ 5% ਰਹਿ ਗਈ ਹੈ। ਇਸ ਦੇਸ਼ ਵਿਚ ਵੜਨ ਲਈ ਅਸੀਂ ਕੀ ਕੁਝ ਨਹੀਂ ਕਰਦੇ? ਬਲਰਾਜ ਸਾਹਨੀ ਲਾਜਵਾਬ ਐਕਟਰ ਹੋਣ ਦੇ ਨਾਲ ਬੁੱਧੀਜੀਵੀ ਲੇਖਕ ਵੀ ਰਿਹਾ ਹੈ। ਉਸ ਦੇ ਇੱਕ ਸਫਰਨਾਮੇ ਵਿਚ ਉਸ ਲਿਖਿਆ ਹੈ 'ਹੇ ਰੱਬਾ ਮੈਂ ਸਾਰੀ ਦੁਨੀਆ ਘੁੰਮਿਆ ਹਾਂ ਤੇ ਦੇਖਿਆ ਹੈ ਕਿ ਜਿਨ੍ਹਾਂ ਮੁਲਕਾਂ ਤੇਰੇ ਵੱਲ ਪਿੱਠ ਭੁਆਂ ਲਈ ਹੈ ਉੱਥੋਂ ਦੇ ਲੋਕ ਵੱਧ ਸੁਖੀ ਜੀਵਨ ਬਤੀਤ ਕਰ ਰਹੇ ਹਨ। ਰੱਬਾ ਫੇਰ ਤੂੰ ਇਸਤੀਫਾ ਕਿਉਂ ਨਹੀਂ ਦੇ ਦਿੰਦਾ?' ਅੱਜ ਦੀ ਸਭਿਅਕ ਦੁਨੀਆ ਵਿਚ ਇਨਸਾਨੀਅਤ ਹੀ ਸਭ ਤੋਂ ਸ੍ਰੇਸ਼ਠ ਧਰਮ ਹੋਣਾ ਚਾਹੀਦਾ ਹੈ।

***-ਹਰਜੀਤ ਦਿਉਲ (ਬਰੈਂਪਟਨ)***

***ਫੋਨ: 905-676-9242***

# ਆਰਟੀਫਿਸ਼ਲ ਇੰਟੈਲੀਜੈਂਸ ਅਤੇ ਵਾਤਾਵਰਨ ਦਾ ਨੁਕਸਾਨ



**ਸੁਖਵੰਤ ਹੁੰਦਲ**

ਜਦੋਂ ਵੀ ਸਮਾਜ ਵਿਚ ਕਿਸੇ ਨਵੀਂ ਤਕਨਾਲੌਜੀ ਨੂੰ ਪੇਸ਼ ਕੀਤਾ ਜਾਂਦਾ ਹੈ, ਤਾਂ ਉਸ ਦੇ ਫਾਇਦਿਆਂ ਨੂੰ ਜ਼ੋਰ-ਸ਼ੋਰ ਨਾਲ ਪ੍ਰਚਾਰਿਆ ਜਾਂਦਾ ਹੈ। ਉਸ ਵਲੋਂ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਬਿਹਤਰ ਅਤੇ ਖੁਸ਼ਹਾਲ ਬਣਾਉਣ ਦੇ ਦਾਅਵੇ ਕੀਤੇ ਜਾਂਦੇ ਹਨ। ਪਰ ਉਸ ਵਲੋਂ ਸਮਾਜ ਅਤੇ ਲੋਕਾਂ ਦੀਆਂ ਜ਼ਿੰਦਗੀਆਂ 'ਤੇ ਪੈ ਸਕਣ ਵਾਲੇ ਬੁਰੇ ਜਾਂ ਅਣਕਿਆਸੇ ਅਸਰਾਂ (ਸਾਈਡ ਇਫੈਕਟਸ) ਬਾਰੇ ਗੱਲ ਨਹੀਂ ਕੀਤੀ ਜਾਂਦੀ। ਇਸ ਗੱਲ ਦੀ ਪੁਸ਼ਟੀ ਲਈ ਅਸੀਂ ਪੰਜਾਬ ਵਿਚ ਆਏ ਹਰੇ ਇਨਕਲਾਬ ਦੀ ਉਦਾਹਰਨ ਲੈ ਸਕਦੇ ਹਾਂ। 1960ਵਿਆਂ ਵਿਚ ਜਦੋਂ ਪੰਜਾਬ ਵਿਚ ਹਰੇ ਇਨਕਲਾਬ ਦੀ ਸ਼ੁਰੂਆਤ ਕੀਤੀ ਗਈ ਤਾਂ ਸਰਕਾਰਾਂ ਵਲੋਂ ਬਹੁਤ ਜ਼ੋਰ-ਸ਼ੋਰ ਨਾਲ ਇਸ ਦੇ ਫਾਇਦਿਆਂ ਦਾ ਪ੍ਰਚਾਰ ਕੀਤਾ ਗਿਆ। ਇਹ ਕਿਹਾ ਗਿਆ ਕਿ ਹਰੇ ਇਨਕਲਾਬ ਦਾ ਹਿੱਸਾ ਨਵੇਂ ਹਾਈਬ੍ਰਿਡ ਬੀਜਾਂ ਨਾਲ ਫਸਲਾਂ ਦੇ ਝਾੜ ਵਿਚ ਅਥਾਹ ਵਾਧਾ ਹੋਵੇਗਾ ਅਤੇ ਪੰਜਾਬ ਦੇ ਖੇਤਾਂ ਵਿਚ ਲਹਿਰਾਂ-ਬਹਿਰਾਂ ਹੋ ਜਾਣਗੀਆਂ ਅਤੇ ਪੰਜਾਬ ਦੇ ਕਿਸਾਨਾਂ ਦੀਆਂ ਜ਼ਿੰਦਗੀਆਂ ਖੁਸ਼ਹਾਲ ਹੋ ਜਾਣਗੀਆਂ। ਪਰ ਉਸ ਸਮੇਂ ਕਿਸੇ ਨੇ ਇਹ ਗੱਲ ਨਹੀਂ ਕਹੀ ਕਿ ਪੰਜਾਬ ਵਿਚ ਸ਼ੁਰੂ ਕੀਤੀ ਜਾ ਰਹੀ ਹਰੇ ਇਨਕਲਾਬ ਦੀ ਖੇਤੀ ਵਿਚ ਵਰਤੀਆਂ ਜਾਣ ਵਾਲੀਆਂ ਖਾਦਾਂ, ਕੀੜੇ ਮਾਰ ਦਵਾਈਆਂ, ਅਤੇ ਨਦੀਨ ਨਾਸ਼ਕ ਦਵਾਈਆਂ ਧਰਤੀ ਹੇਠਲੇ ਪਾਣੀਆਂ ਨੂੰ ਜ਼ਹਿਰੀ ਬਣਾ ਦੇਣਗੀਆਂ। ਹਰੇ ਇਨਕਲਾਬ ਦੀਆਂ ਫਸਲਾਂ ਲਈ ਬਹੁਤ ਜ਼ਿਆਦਾ ਮਾਤਰਾ ਵਿਚ ਚਾਹੀਦਾ ਪਾਣੀ ਚਾਰ-ਪੰਜ ਦਹਾਕਿਆਂ ਵਿਚ ਪੰਜਾਬ ਦੀ ਧਰਤੀ ਹੇਠਲੇ ਪਾਣੀ ਨੂੰ ਖਤਮ ਕਰਨ ਦੇ ਨੇੜੇ ਲੈ ਜਾਵੇਗਾ। ਹਰੇ ਇਨਕਲਾਬ ਕਾਰਨ ਪੰਜਾਬ ਦੇ ਲੋਕਾਂ ਦੀ ਜ਼ਿੰਦਗੀ ਬਿਹਤਰ ਅਤੇ ਖੁਸ਼ਹਾਲ ਹੋਣ ਦੀ ਥਾਂ ਬਦਤਰ ਹੋ ਜਾਵੇਗੀ ਅਤੇ ਪੰਜਾਬ ਦੇ ਬਹੁ-ਗਿਣਤੀ ਕਿਸਾਨ ਕਰਜ਼ੇ ਦੇ ਭਾਰ ਹੇਠ ਦੱਬੇ ਜਾਣਗੇ। ਹਰੇ ਇਨਕਲਾਬ ਦੀ ਤਕਨਾਲੌਜੀ ਕਾਰਨ ਵਾਪਰ ਰਹੀਆਂ ਇਹ ਸਾਰੀਆਂ ਚੀਜ਼ਾਂ ਅਸੀਂ ਹੁਣ ਸਪੱਸ਼ਟ ਦੇਖ ਰਹੇ ਹਾਂ ਪਰ 1960ਵਿਆਂ ਵਿਚ ਹਰੇ ਇਨਕਲਾਬ ਦੀ ਸ਼ੁਰੂਆਤ ਸਮੇਂ ਇਨ੍ਹਾਂ ਗੱਲਾਂ ਬਾਰੇ ਕੋਈ ਚਰਚਾ ਨਹੀਂ ਕੀਤੀ ਗਈ ਸੀ।

ਇਸੇ ਤਰ੍ਹਾਂ ਅੱਜ ਜਦੋਂ ਆਰਟੀਫਿਸ਼ਲ ਇੰਟੈਲੀਜੈਂਸ ਦੀ ਤਕਨਾਲੌਜੀ ਦੀ ਸਮਾਜ ਵਿਚ ਪ੍ਰਚੱਲਤ ਕੀਤੀ ਜਾ ਰਹੀ ਹੈ ਤਾਂ ਇਸ ਦੇ ਫਾਇਦਿਆਂ ਨੂੰ ਵੀ ਜ਼ੋਰ-ਸ਼ੋਰ ਨਾਲ ਪ੍ਰਚਾਰਿਆ ਜਾ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਇਹ ਸਮਾਜ ਵਿਚ ਸਿਹਤ ਸੰਭਾਲ, ਵਿਦਿਆ ਅਤੇ ਵਪਾਰ ਦੇ ਖੇਤਰਾਂ ਵਿਚ ਕਈ ਤਰ੍ਹਾਂ ਦਾ ਸੁਧਾਰ ਲਿਆਉਣ ਵਿਚ ਮਦਦਗਾਰ ਹੋਵੇਗੀ। ਇਹ ਇਸ ਸਮੇਂ ਧਰਤੀ ਨੂੰ ਦਰਪੇਸ਼ ਸਭ ਤੋਂ ਵੱਡੀ ਸਮੱਸਿਆ ਜਲਵਾਯੂ ਵਿਚ ਤਬਦੀਲੀ (ਕਲਾਈਮੇਟ ਚੇਂਜ) ਨਾਲ ਨਿਪਟਣ ਲਈ ਸਾਡੀ ਕਈ ਢੰਗਾਂ ਨਾਲ ਮਦਦ ਕਰੇਗੀ। ਇਹ ਸੰਭਵ ਹੈ ਕਿ ਆਰਟੀਫਿਸ਼ਲ ਇੰਟੈਲੀਜੈਂਸ ਇਹ ਸਭ ਕੁਝ ਕਰਨ ਵਿਚ ਯੋਗਦਾਨ ਪਾ ਸਕੇਗੀ, ਜਿਸ ਤਰ੍ਹਾਂ ਹਰੇ ਇਨਕਲਾਬ ਦੇ ਬੀਜਾਂ ਨੇ ਫਸਲਾਂ ਦੇ ਝਾੜ ਵਧਾਉਣ ਵਿਚ ਯੋਗਦਾਨ ਪਾਇਆ ਸੀ। ਪਰ ਕੀ ਆਰਟੀਫਿਸ਼ਲ ਇੰਟੈਲੀਜੈਂਸ ਦੇ ਸਮਾਜ ਉੱਪਰ ਕੋਈ ਬੁਰੇ ਜਾਂ ਅਣਕਿਆਸੇ ਅਸਰ (ਸਾਈਡ ਇਫੈਕਟਸ) ਵੀ ਹੋਣਗੇ, ਇਸ ਬਾਰੇ ਕੋਈ ਬਹੁਤੀ ਚਰਚਾ ਨਹੀਂ ਹੋ ਰਹੀ। ਇਸ ਸੰਬੰਧ ਵਿਚ ਜੇ ਕੋਈ ਰਿਪੋਰਟਾਂ ਆਉਂਦੀਆਂ ਹਨ ਜਾਂ ਕੋਈ ਸਵਾਲ ਉਠਾਏ ਜਾਂਦੇ ਹਨ, ਤਾਂ ਉਹ ਬਹੁਤੀ ਵਾਰ ਚਰਚਾ ਦਾ ਕੇਂਦਰ ਨਹੀਂ ਬਣਦੇ। ਮੈਂ ਆਪਣੇ ਇਸ ਲੇਖ ਵਿਚ ਆਰਟੀਫਿਸ਼ਲ ਇੰਟੈਲੀਜੈਂਸ ਕਾਰਨ ਧਰਤੀ 'ਤੇ ਪੈਣ ਵਾਲੇ ਇਕ ਬੁਰੇ ਜਾਂ ਅਣਕਿਆਸੇ ਅਸਰ ਦੇ ਮੁੱਦੇ ਬਾਰੇ ਗੱਲ ਕਰਾਂਗਾ। ਇਹ ਮੁੱਦਾ ਹੈ ਆਰਟੀਫਿਸ਼ਲ ਇੰਟੈਲੀਜੈਂਸ ਕਾਰਨ ਧਰਤੀ ਦੇ ਵਾਤਾਵਰਨ ਨੂੰ ਹੋ ਰਿਹਾ ਜਾਂ ਹੋ ਸਕਣ ਵਾਲਾ ਨੁਕਸਾਨ।



ਆਰਟੀਫਿਸ਼ਲ ਇੰਟੈਲੀਜੈਂਸ ਕਾਰਨ ਧਰਤੀ ਦੇ ਵਾਤਾਵਰਨ 'ਤੇ ਪੈਣ ਵਾਲੇ ਬੁਰੇ ਅਸਰਾਂ ਨੂੰ ਸਮਝਣ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਆਰਟੀਫਿਸ਼ਲ ਇੰਟੈਲੀਜੈਂਸ ਨਾਲ ਸੰਬੰਧਤ ਤਕਨਾਲੌਜੀ ਕੀ ਹੈ। ਸਾਧਾਰਣ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਆਰਟੀਫਿਸ਼ਲ ਇੰਟੈਲੀਜੈਂਸ ਤਕਨਾਲੌਜੀ ਵਿਚ ਕੰਪਿਊਟਰ ਅਤੇ ਉਸ ਨਾਲ ਸੰਬੰਧਤ ਕਈ ਤਰ੍ਹਾਂ ਦੀਆਂ ਤਕਨਾਲੌਜੀਆਂ ਆਉਂਦੀਆਂ ਹਨ ਜਿਹੜੀਆਂ ਜਾਣਕਾਰੀ ਨਾਲ ਨਿਪਟਦੀਆਂ ਹਨ, ਇਸ ਜਾਣਕਾਰੀ ਤੋਂ ਸਿੱਖ ਸਕਦੀਆਂ ਹਨ, ਨਵੀਂ ਮਿਲੀ ਜਾਣਕਾਰੀ ਅਨੁਸਾਰ ਤਬਦੀਲੀਆਂ ਕਰ ਸਕਦੀਆਂ ਹਨ ਅਤੇ ਇਨਸਾਨਾਂ ਵਰਗੇ ਕੰਮ ਕਰ ਸਕਦੀਆਂ ਹਨ। ਇਨ੍ਹਾਂ ਨੂੰ ਰੱਖਣ (ਸਟੋਰ ਕਰਨ) ਲਈ ਵੱਡੇ-ਵੱਡੇ ਡੇਟਾ ਸੈਂਟਰਾਂ ਦੀ ਲੋੜ ਪੈਂਦੀ ਹੈ, ਜਿਨ੍ਹਾਂ ਨੂੰ ਉਸਾਰਨ ਅਤੇ ਚਲਦੇ ਰੱਖਣ ਲਈ ਬਹੁਤ ਸਾਰੇ ਪਾਣੀ ਅਤੇ ਬਿਜਲੀ ਦੀ ਲੋੜ ਪੈਂਦੀ ਹੈ। ਜਿਸ ਦੇ ਨਤੀਜੇ ਵਜੋਂ ਇਹ ਡੇਟਾ ਸੈਂਟਰ ਪਾਣੀ ਦੀ ਕਿੱਲਤ ਅਤੇ ਵਾਤਾਵਰਨ ਵਿਚ ਗਰੀਨ ਹਾਊਸ ਗੈਸਾਂ ਦੀ ਮਿਕਦਾਰ ਵਿਚ ਵਾਧਾ ਕਰਨ ਦਾ ਕਾਰਨ ਬਣਦੇ ਹਨ।

ਇਨ੍ਹਾਂ ਡੇਟਾ ਸੈਂਟਰਾਂ ਵਿਚ ਰੱਖੇ ਕੰਪਿਊਟਰ ਅਤੇ ਹੋਰ ਤਕਨਾਲੌਜੀ ਹਰ ਵੇਲੇ ਕੰਮ ਕਰਦੇ ਰਹਿੰਦੇ ਹਨ ਜਿਸ ਕਾਰਨ ਗਰਮੀ ਪੈਦਾ ਹੁੰਦੀ ਹੈ। ਇਨ੍ਹਾਂ ਦੇ ਚਲਦੇ ਰਹਿਣ ਲਈ ਜ਼ਰੂਰੀ ਹੁੰਦਾ ਹੈ ਕਿ ਇਨ੍ਹਾਂ ਨੂੰ ਠੰਢੇ ਰੱਖਿਆ ਜਾਵੇ ਜਿਸ ਲਈ ਬਹੁਤ ਸਾਰੇ ਪਾਣੀ ਦੀ ਲੋੜ ਪੈਂਦੀ ਹੈ। ਪਾਣੀ ਦੀ ਲੋੜ ਬਾਰੇ ਨਿਊਜ਼ ਵੀਕ ਦੇ ਸਾਈਟ 'ਤੇ 24 ਮਾਰਚ 2024 ਨੂੰ ਨਿਊਜ਼ ਵੀਕ ਦੇ ਐਨਵਾਇਰਮੈਂਟ ਐਂਡ ਸਸਟੇਨੇਬਿਲਟੀ ਐਡੀਟਰ ਜੈੱਫ ਯੰਗ ਵਲੋਂ ਛਪੇ ਆਰਟੀਕਲ "ਵਾਈ ਏ ਆਈ ਇਜ਼ ਸੋ ਥਰਸਟੀ: ਡੇਟਾ ਸੈਂਟਰਜ਼ ਯੂਜ਼ ਮੈਸਿਵ ਅਮਾਊਂਟਸ ਆਫ ਵਾਟਰ - ਭਾਵ ਏ ਆਈ ਇੰਨੀ ਤ੍ਰਿਹਾਈ ਕਿਉਂ ਹੈ: ਡੇਟਾ ਸੈਂਟਰ ਬਹੁਤ ਜ਼ਿਆਦਾ ਪਾਣੀ ਦੀ ਵਰਤੋਂ ਕਰਦੇ ਹਨ" ਵਿਚ ਜੈੱਫ ਯੰਗ ਯੂਨੀਵਰਸਿਟੀ ਆਫ ਕੈਲੇਫੋਰਨੀਆ ਦੇ ਰਿਵਰਸਾਈਡ ਕੈਂਪਸ ਵਿਚ ਇਲੈਕਟ੍ਰੀਕਲ ਅਤੇ ਕੰਪਿਊਟਰ ਇੰਜਨੀਅਰਿੰਗ ਦੇ ਐਸੋਸੀਏਟ ਪ੍ਰੋਫੈਸਰ ਸ਼ੈਓਲੀ ਰੈਨ ਵਲੋਂ ਕੀਤੀ ਰਿਸਰਚ ਦੇ ਹਵਾਲੇ ਨਾਲ ਡੇਟਾ ਸੈਂਟਰਾਂ ਵਿਚ ਪਾਣੀ ਦੀ ਖਪਤ ਬਾਰੇ ਜਾਣਕਾਰੀ ਦਿੰਦਾ ਹੈ। ਇਸ ਖੋਜ ਅਨੁਸਾਰ ਸਭ ਤੋਂ ਪਹਿਲਾਂ ਏ ਆਈ ਦੇ ਮਾਡਲਾਂ (ਅਜਿਹੇ ਪ੍ਰੋਗਰਾਮ ਜਿਹੜੇ ਡੇਟਾ ਤੋਂ ਸਿੱਖਦੇ ਹਨ ਅਤੇ ਫਿਰ ਫੈਸਲੇ ਬਣਾਉਂਦੇ ਹਨ) ਨੂੰ ਸਿੱਖਿਅਤ ਕਰਨ ਲਈ ਬਹੁਤ ਸਾਰੇ ਪਾਣੀ ਦੀ ਲੋੜ ਪੈਂਦੀ ਹੈ। ਮਾਈਕਰੋਸਾਫਟ ਦੇ ਉੱਪਰਲੇ ਦਰਜੇ ਦੇ ਡੇਟਾ ਸੈਂਟਰ ਵਿਚ ਏ.ਆਈ. ਦੇ ਚੈਟ-ਜੀ ਪੀ ਟੀ-3 ਦੇ ਮਾਡਲ ਨੂੰ ਸਿੱਖਿਅਤ ਕਰਨ ਦਾ ਅਮਲ 7 ਲੱਖ ਲੀਟਰ ਜਾਂ 1 ਲੱਖ 85 ਹਜ਼ਾਰ ਗੈਲਨ ਪਾਣੀ ਦੀ ਭਾਫ ਬਣਾ ਸਕਦਾ ਹੈ। ਜਦੋਂ ਆਰਟੀਫਿਸ਼ਲ ਇੰਟੈਲੀਜੈਂਸ ਦਾ ਮਾਡਲ ਸਿੱਖਿਅਤ ਹੋ ਕੇ ਲੋਕਾਂ ਦੀਆਂ ਪੁੱਛਾਂ ਦਾ ਜਵਾਬ ਦੇਣਾ ਸ਼ੁਰੂ ਕਰਦਾ ਹੈ ਤਾਂ ਉਸ ਲਈ ਵੀ ਬਹੁਤ ਸਾਰੇ ਪਾਣੀ ਦੀ ਲੋੜ ਹੁੰਦੀ ਹੈ। ਉਦਾਹਰਨ ਲਈ ਜੀ ਪੀ ਟੀ-3 ਮਾਡਲ ਵਲੋਂ 10-50 ਪੁੱਛਾਂ ਦੇ ਜਵਾਬ ਦੇਣ ਮਗਰ ਪਾਣੀ ਦੇ 16 ਔਂਸਾਂ ਦੀ ਖਪਤ ਹੁੰਦੀ ਹੈ। ਇਸ ਤੋਂ ਅਸੀਂ ਖੁਦ ਅੰਦਾਜ਼ਾ ਲਾ ਸਕਦੇ ਹਾਂ ਕਿ ਇਹ ਮਾਡਲ ਅਰਬਾਂ ਪੁੱਛਾਂ ਦਾ ਜੁਆਬ ਦੇਣ ਲਈ ਕਿੰਨਾ ਪਾਣੀ ਖਪਤ ਕਰਦਾ ਹੋਵੇਗਾ।

18 ਸਤੰਬਰ 2024 ਨੂੰ ਵਾਸ਼ਿੰਗਟਨ ਪੋਸਟ ਦੇ ਸਾਈਟ 'ਤੇ ਛਪੇ ਆਰਟੀਕਲ "ਏ ਬੋਟਲ ਆਫ ਵਾਟਰ ਪਰ ਈਮੇਲ: ਦਿ ਹਿਡਨ ਐਨਵਾਇਰਮੈਂਟਲ ਕੌਸਟਸ ਆਫ ਯੂਜ਼ਿੰਗ ਏ ਆਈ ਚੈਟਬੌਟਸ" ਅਨੁਸਾਰ ਜੀ ਪੀ ਟੀ-4 ਦੀ ਵਰਤੋਂ ਕਰ ਕੇ 100 ਸ਼ਬਦਾਂ ਦੀ ਇਕ ਈਮੇਲ ਲਿਖਣ ਮਗਰ 519 ਮਿਲੀਲੀਟਰ ਪਾਣੀ ਦੀ ਖਪਤ ਹੁੰਦੀ ਹੈ। ਜੇ ਪੂਰੇ ਇਕ ਸਾਲ ਵਿਚ ਹਫਤੇ ਵਿਚ ਇਕ ਵਾਰ ਇਹ ਈਮੇਲ ਲਿਖੀ ਜਾਵੇ ਤਾਂ 27 ਲੀਟਰ ਪਾਣੀ ਦੀ ਖਪਤ ਹੁੰਦੀ ਹੈ। ਅਤੇ ਜੇ ਅਮਰੀਕਾ ਦੇ ਕੰਮ ਕਰਨ ਵਾਲੇ ਕੁੱਲ ਲੋਕਾਂ ਵਿਚੋਂ 10% ਲੋਕ (1 ਕਰੋੜ 60 ਲੱਖ ਲੋਕ) ਜੀ ਪੀ ਟੀ -4 ਦੀ ਵਰਤੋਂ ਕਰ ਕੇ ਪੂਰੇ ਇਕ ਸਾਲ ਵਿਚ ਹਰ ਹਫਤੇ 100 ਸ਼ਬਦਾਂ ਦੀ ਇਕ ਈਮੇਲ ਲਿਖਣ ਤਾਂ ਉਸ ਲਈ 43 ਕਰੋੜ 52 ਲੱਖ 35 ਹਜ਼ਾਰ 4 ਸੌ 76 ਲੀਟਰ ਪਾਣੀ ਦੀ ਖਪਤ ਹੋਵੇਗੀ। ਪਾਣੀ ਦੀ ਇਹ ਮਾਤਰਾ ਅਮਰੀਕਾ ਦੇ ਸੂਬੇ ਰੋਡ ਆਈਲੈਂਡ ਦੀ ਕੁੱਲ ਵਸੋਂ ਵਲੋਂ ਡੇਢ ਦਿਨ ਵਿਚ ਵਰਤੇ ਜਾਂਦੇ ਪਾਣੀ ਦੇ ਬਰਾਬਰ ਹੈ।

ਆਉਣ ਵਾਲੇ ਸਾਲਾਂ ਵਿਚ ਆਰਟੀਫਿਸ਼ਲ ਇੰਟੈਲੀਜੈਂਸ ਦੀ ਵਰਤੋਂ ਵਧਣ ਨਾਲ ਇਸ ਲਈ ਲੋੜੀਂਦੇ ਪਾਣੀ ਦੀ ਮਾਤਰਾ ਵਿਚ ਵੀ ਵਾਧਾ ਹੋਵੇਗਾ। ਪ੍ਰੋਫੈਸਰ ਰੈਨ ਦੇ ਅੰਦਾਜ਼ੇ ਅਨੁਸਾਰ 2027 ਤੱਕ ਆਰਟੀਫਿਸ਼ਲ ਇੰਟੈਲੀਜੈਂਸ ਵਲੋਂ ਖਪਤ ਕੀਤੇ ਜਾਂਦੇ ਪਾਣੀ ਦੀ ਮਾਤਰਾ 6.6 ਅਰਬ ਘਣ (ਕਿਊਬਕ) ਮੀਟਰ ਜਾਂ 8.6 ਅਰਬ ਘਣ (ਕਿਊਬਕ) ਗਜ਼ ਤੱਕ ਪਹੁੰਚ ਜਾਵੇਗੀ। ਆਮ ਵਿਅਕਤੀ ਨੂੰ ਪਾਣੀ ਦੀ ਇਸ ਮਾਤਰਾ ਦਾ ਅਹਿਸਾਸ ਕਰਾਉਣ ਲਈ ਪ੍ਰੋਫੈਸਰ ਰੈਨ ਕਹਿੰਦਾ ਹੈ ਕਿ 2027 ਤੱਕ ਆਰਟੀਫਿਸ਼ਲ ਇੰਟੈਲੀਜੈਂਸ ਵਲੋਂ ਖਪਤ ਕੀਤੇ ਜਾਂਦੇ ਪਾਣੀ ਦੀ ਮਾਤਰਾ ਡੈੱਨਮਾਰਕ ਦੀ ਅਬਾਦੀ ਜਿੰਨੀ ਅਬਾਦੀ ਵਾਲੇ 6 ਮੁਲਕਾਂ ਵਲੋਂ ਹਰ ਇਕ ਸਾਲ ਵਿਚ ਵਰਤੇ ਜਾਂਦੇ ਪਾਣੀ ਦੇ ਬਰਾਬਰ ਹੋ ਜਾਵੇਗੀ।

ਆਰਟੀਫਿਸ਼ਲ ਇੰਟੈਲੀਜੈਂਸ ਵਲੋਂ ਪਾਣੀ ਦੀ

*(ਬਾਕੀ ਅਗਲੇ ਸਫ਼ੇ 'ਤੇ)*

# ਸਰਮਾਏਦਾਰੀ 'ਚ ਬੇਰੋਜ਼ਗਾਰੀ ਦਾ ਸੰਕਟ

*(ਸਫ਼ਾ 11 ਦਾ ਬਾਕੀ)*

ਰਾਜਭਾਗ ਦੀ ਵਾਗਡੋਰ ਹੈ।

ਹਾਲਾਂਕਿ ਇਹ ਨਿਸ਼ਚਿਤ ਰੂਪ 'ਚ ਸੱਚ ਹੈ ਕਿ ਟਰੰਪਵਾਦ ਆਪਣੇ ਆਪ 'ਚ ਸਰਮਾਏਦਾਰੀ ਨਾਲ ਸਗਵਾਂ ਨਹੀਂ ਹੈ, ਪਰ ਟਰੰਪਵਾਦ ਨੂੰ ਪੂਰੀ ਤਰ੍ਹਾਂ ਵੱਖਰੇ ਅਤੇ ਸਰਮਾਏਦਾਰੀ ਤੋਂ ਵੱਖਰੇ ਵਰਤਾਰੇ ਵਜੋਂ ਦੇਖਣਾ ਗ਼ਲਤੀ ਹੋਵੇਗੀ।

ਆਧੁਨਿਕ ਸਮੇਂ 'ਚ ਨਸਲਵਾਦ ਸਾਮਰਾਜਵਾਦ ਦੀ ਉਪਜ ਹੈ, ਅਤੇ ਸਾਮਰਾਜਵਾਦ ਤੋਂ ਬਿਨਾਂ ਪੈਦਾਵਾਰ ਦੇ ਢੰਗ ਵਜੋਂ ਸਰਮਾਏਦਾਰੀ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਇੱਥੋਂ ਤੱਕ ਕਿ ਸਰਮਾਏਦਾਰੀ ਦੇ ਤਹਿਤ ਅਗਾਂਹਵਧੂ ਪ੍ਰਵਿਰਤੀਆਂ ਵੀ ਸਾਮਰਾਜਵਾਦ ਨੂੰ ਅਤੀਤ ਨਾਲ ਸੰਬੰਧਤ ਲੋਟੂ ਅਤੇ ਘਿਣਾਉਣੇ ਵਰਤਾਰੇ ਵਜੋਂ ਨਹੀਂ ਨਕਾਰਦੀਆਂ; ਉਹ ਇਸਨੂੰ ਇਕ ਅਜਿਹੇ ਵਰਤਾਰੇ ਵਜੋਂ ਵੇਖਦੀਆਂ ਹਨ ਜਿਸਨੇ ਦੂਰ-ਦਰਾਜ ਸਮਾਜਾਂ ਵਿਚ ਤਰੱਕੀ ਅਤੇ 'ਆਧੁਨਿਕਤਾ' ਲਿਆਂਦੀ।

ਇਸ ਨਜ਼ਰੀਏ 'ਚ ਹੀ ਨਿਹਿਤ ਹੈ ਸਾਮਰਾਜਵਾਦੀ ਪ੍ਰੋਜੈਕਟ ਵਿਚ ਰੁੱਝੀ ਨਸਲ ਦੀ ਉੱਤਮਤਾ 'ਚ ਯਕੀਨ, ਜੋ ਅਜਿਹੇ ਸਮਾਜਾਂ ਨੂੰ ਆਪਣੇ ਆਪ ਤਰੱਕੀ ਅਤੇ 'ਆਧੁਨਿਕਤਾ' ਹਾਸਲ ਕਰਨ ਦੇ ਨਾਕਾਬਲ ਸਮਝਦਾ ਹੈ, ਅਤੇ ਜੋ ਸਾਮਰਾਜਵਾਦ ਨੂੰ ਇਕ ਦਿਆਲੂ ਹਸਤੀ ਵਜੋਂ ਦੇਖਦਾ ਹੈ।

ਸਮਕਾਲੀ ਮਹਾਂਨਗਰ ਵਿਚ ਅਗਾਂਹਵਧੂ ਰੁਝਾਨ ਦੇ ਇਰਾਦੇ ਕਿੰਨੇ ਵੀ ਨੇਕ ਕਿਉਂ ਨਾ ਹੋਣ, ਜਿੰਨਾ ਚਿਰ ਇਹ ਸਾਮਰਾਜਵਾਦ ਦਾ ਖੰਡਨ ਨਹੀਂ ਕਰਦਾ, ਇਹ ਆਪਣੇ ਆਪ ਨੂੰ ਨਸਲਵਾਦ ਦੇ ਦਾਗ਼ ਤੋਂ ਮੁਕਤ ਨਹੀਂ ਕਰ ਸਕਦਾ। ਅਤੇ ਇਹ ਤੱਥ ਕਿ ਇਹ ਸਾਮਰਾਜਵਾਦ ਦਾ ਖੰਡਨ ਨਹੀਂ ਕਰਦਾ, ਅੱਜ ਵੀ ਅਗਾਂਹਵਧੂ ਤੱਤਾਂ ਦੁਆਰਾ ਸਾਰੀਆਂ ਮਹਾਂਨਗਰੀ ਤਾਕਤਾਂ ਦੀ ਹਮਾਇਤ ਪ੍ਰਾਪਤ ਦੋ ਹਾਲੀਆ ਯੁੱਧਾਂ ਨੂੰ ਦਿੱਤੀ ਗਈ ਵਿਆਪਕ ਹਮਾਇਤ ਤੋਂ ਸਪਸ਼ਟ ਹੈ, ਇਕ ਸਮੁੱਚੇ ਲੋਕਾਂ ਵਿਰੁੱਧ ਨਸਲਕੁਸ਼ੀ (ਯਾਨੀ ਗਾਜ਼ਾ ਵਿਰੁੱਧ ਇਜ਼ਰਾਇਲੀ ਨਸਲਕੁਸ਼ੀ), ਅਤੇ ਦੂਜਾ ਪੱਛਮੀ ਸਾਮਰਾਜੀ ਵਿਸਤਾਰ ਦਾ ਨਤੀਜਾ (ਯਾਨੀ ਯੂਕਰੇਨ ਯੁੱਧ)।

ਦੂਜੇ ਸ਼ਬਦਾਂ 'ਚ, ਨਸਲਵਾਦ ਮਹਾਂਨਗਰੀ ਮੁਲਕਾਂ 'ਚ ਨਾ ਸਿਰਫ਼ ਲੰਮੇ ਸਮੇਂ ਤੋਂ ਚੱਲ ਰਹੇ ਤੁਅੱਸਬ ਦੇ ਰੂਪ ਵਿਚ, ਸਗੋਂ ਹੁਕਮਰਾਨ ਹਲਕਿਆਂ ਦੇ ਅੰਦਰ ਵੀ ਲੁਕਿਆ ਹੋਇਆ ਹੈ, ਜਿਸ ਵਿਚ ਹੁਕਮਰਾਨ ਹਲਕਿਆਂ ਅੰਦਰਲੇ ਉਦਾਰਵਾਦੀ ਅਨਸਰ ਵੀ ਸ਼ਾਮਲ ਹਨ। ਅਤੇ ਸਰਮਾਏਦਾਰ ਸੰਕਟ ਦੇ ਸਮੇਂ 'ਚ ਇਸ ਨੂੰ ਨਵਾਂ ਹੁਲਾਰਾ ਮਿਲਦਾ ਹੈ ਕਿਉਂਕਿ ਅਜਾਰੇਦਾਰ ਸਰਮਾਇਆ ਇਸ ਦੀ ਵਰਤੋਂ 'ਬਾਹਰਲੇ' ਕੁਝ ਅਭਾਗੇ ਪ੍ਰਵਾਸੀ ਸਮੂਹਾਂ ਦੇ ਲਈ ਆਪਣੀ ਸਰਦਾਰੀ ਲਈ ਖ਼ਤਰਿਆਂ ਵਿਰੁੱਧ ਆਪਣੀ ਸਥਿਤੀ ਨੂੰ ਮਜ਼ਬੂਤ ਕਰਨ ਅਤੇ ਮਜ਼ਦੂਰ ਜਮਾਤ ਨੂੰ ਵੰਡਣ ਲਈ ਕਰਦਾ ਹੈ।

ਇਸ ਦੇ ਉਲਟ, ਪੁਰਾਣੇ ਸਮਾਜਵਾਦੀ ਮੁਲਕਾਂ ਵਿਚ, ਸੱਤਾਧਾਰੀ ਰਾਜਨੀਤਕ ਢਾਂਚਾ ਨਸਲਵਾਦ ਦੇ ਪੂਰੀ ਤਰ੍ਹਾਂ ਵਿਰੁੱਧ ਸੀ ਅਤੇ ਸਮਾਜ ਵਿਚ ਇਸਦੇ ਕਿਸੇ ਵੀ ਇਜ਼ਹਾਰ ਨੂੰ ਦਬਾ ਦਿੰਦਾ ਸੀ। ਬਹੁਤ ਸਾਰੇ ਲੋਕ ਇਹ ਦਲੀਲ ਦੇਣਗੇ ਕਿ ਇਹ ਤਾਂ ਥੋਪਿਆ ਹੋਇਆ ਸੀ। ਪਰ ਮੁੱਦਾ ਇਹ ਹੈ: ਭਾਵੇਂ ਥੋਪਿਆ ਗਿਆ ਹੋਵੇ ਜਾਂ ਨਾ, ਇਸਨੇ ਟਰੰਪਵਾਦੀ ਪੁਜ਼ੀਸ਼ਨ ਦੀ ਚੜ੍ਹਤ ਲਈ ਕੋਈ ਗੁੰਜਾਇਸ਼ ਨਹੀਂ ਛੱਡੀ।

ਹੁਣ ਮੈਂ ਦੂਜੇ ਪਹਿਲੂ ਵੱਲ ਆਉਂਦਾ ਹਾਂ ਜਿਸ ਵਿਚ ਪੁਰਾਣੇ ਸਮਾਜਵਾਦੀ ਮੁਲਕਾਂ ਨੇ ਆਪਣੇ ਆਪ ਨੂੰ ਉੱਤਮ ਦਿਖਾਇਆ, ਅਤੇ ਉਹ ਹੈ ਪੂਰਨ ਰੁਜ਼ਗਾਰ ਦੀ ਪ੍ਰਾਪਤੀ, ਜਿਸ ਨੇ ਸਬੱਬ ਨਾਲ ਇਕ ਵੱਡੇ ਪਦਾਰਥਕ ਕਾਰਕ, ਅਰਥਾਤ ਬੇਰੁਜ਼ਗਾਰੀ, ਨੂੰ ਵੀ ਖ਼ਤਮ ਕਰ ਦਿੱਤਾ, ਜੋ ਆਮ ਤੌਰ 'ਤੇ ਪ੍ਰਵਾਸੀਆਂ ਪ੍ਰਤੀ ਦੁਸ਼ਮਣੀ ਨੂੰ ਰੇਖਾਂਕਤ ਕਰਦਾ ਹੈ ਜੋ ਵਿਕਸਤ ਸਰਮਾਏਦਾਰ ਮੁਲਕਾਂ ਵਿਚ ਪਾਈ ਜਾਂਦੀ ਹੈ।

ਤੀਜੀ ਦੁਨੀਆ ਦੇ ਮੁਲਕਾਂ ਦੇ ਲੋਕ ਜੇ ਅਮਰੀਕਾ ਵਰਗੇ ਮੁਲਕਾਂ ਵਿਚ ਪ੍ਰਵਾਸ ਕਰਨਾ ਚਾਹੁੰਦੇ ਹਨ, ਇਸ ਦਾ ਕਾਰਨ ਉਨ੍ਹਾਂ ਦੇ ਮੂਲ ਮੁਲਕਾਂ ਵਿਚ ਬੇਰੋਜ਼ਗਾਰੀ ਹੋਣਾ ਹੈ। ਇਹ ਸੱਚ ਹੈ ਕਿ ਜਿਹੜੇ ਲੋਕ ਪ੍ਰਵਾਸ ਕਰਦੇ ਹਨ, ਜ਼ਰੂਰੀ ਨਹੀਂ ਉਹ ਪੂਰੀ ਤਰ੍ਹਾਂ ਬੇਸਹਾਰਾ ਹੋਣ; ਹਰੇਕ ਪ੍ਰਵਾਸੀ ਨੂੰ 'ਡੌਂਕੀ ਰੂਟ' ਰਾਹੀਂ ਅਮਰੀਕਾ ਵਿਚ ਦਾਖ਼ਲ ਹੋਣ ਦਾ ਇੰਤਜ਼ਾਮ ਕਰਨ ਲਈ ਵਿਚੋਲਿਆਂ ਨੂੰ 45 ਲੱਖ ਰੁਪਏ ਤੱਕ ਦੇਣੇ ਪਏ, ਇਹ ਤੱਥ ਦਰਸਾਉਂਦਾ ਹੈ ਕਿ ਉਨ੍ਹਾਂ ਕੋਲ ਕੁਝ ਵਸੀਲੇ ਸਨ।

ਪਰ ਨਿਸ਼ਚਿਤ ਤੌਰ 'ਤੇ, ਉਨ੍ਹਾਂ ਦੀ ਪ੍ਰਵਾਸ ਕਰਨ ਦੀ ਇੱਛਾ ਦੋ ਕਾਰਕਾਂ ਤੋਂ ਪੈਦਾ ਹੁੰਦੀ ਹੈ: ਚੋਖੇ ਰੂਪ 'ਚ ਲਾਭਦਾਇਕ (ਕਿਸੇ ਨਾਲੋਂ ਵੱਖਰੇ) ਰੁਜ਼ਗਾਰ ਦੀ ਅਣਹੋਂਦ; ਅਤੇ ਜਿਸ ਸਮਾਜ ਨਾਲ ਉਹ ਸੰਬੰਧਤ ਹਨ ਉਸ ਵਿਚ ਅਥਾਹ ਨਾ-ਬਰਾਬਰੀ ਹੋਣਾ ਜੋ ਉਨ੍ਹਾਂ ਨੂੰ ਆਪਣੇ ਪਦਾਰਥਕ ਦਰਜੇ ਤੋਂ ਅਸੰਤੁਸ਼ਟ ਬਣਾਉਂਦੇ ਹਨ।

ਇਹ ਦੋਵੇਂ ਕਾਰਕ ਮੁਲਕ ਵਿਚ ਸਰਮਾਏਦਾਰੀ ਦੇ ਨਿਰਮਾਣ ਦੇ ਪ੍ਰੋਜੈਕਟ ਕਾਰਨ ਪੈਦਾ ਹੁੰਦੇ ਹਨ। ਮੁਲਕ ਦੀ ਜੀਡੀਪੀ (ਕੁਲ ਘਰੇਲੂ ਉਪਜ) ਵਿਕਾਸ ਦਰ ਕਿੰਨੀ ਵੀ ਤੇਜ਼ ਕਿਉਂ ਨਾ ਹੋਵੇ, ਇਸਦੀ ਜੀਡੀਪੀ ਦਾ ਆਕਾਰ ਕਿੰਨੇ ਵੀ ਖਰਬ ਡਾਲਰ ਦਾ ਕਿਉਂ ਨਾ ਹੋ ਜਾਵੇ, ਇਹ ਕਾਰਕ ਹਮੇਸ਼ਾ ਰਹਿਣਗੇ, ਨਾਲ ਹੀ ਆਬਾਦੀ ਦੇ ਇਕ ਹਿੱਸੇ ਦੀ ਪ੍ਰਵਾਸ ਕਰਨ ਦੀ ਇੱਛਾ ਵੀ ਬਣੀ ਰਹੇਗੀ।

ਇਹ ਬਹੁਤ ਸ਼ਰਮ ਦੀ ਗੱਲ ਹੈ ਕਿ ਮੁਲਕ ਦੇ ਆਜ਼ਾਦ ਹੋਣ ਤੋਂ 75 ਸਾਲ ਤੋਂ ਵੱਧ ਸਮੇਂ ਬਾਅਦ ਵੀ, ਸਾਡੇ ਇੱਥੇ ਅਜਿਹਾ ਸਮਾਜ ਹੈ ਜਿਸ ਵਿੱਚੋਂ ਲੋਕ ਭੱਜ ਕੇ ਦੂਜੇ ਮੁਲਕਾਂ 'ਚ ਜਾਣਾ ਚਾਹੁੰਦੇ ਹਨ, ਭਾਵੇਂ ਕਿ ਅਜਿਹੇ ਪ੍ਰਵਾਸ ਨਾਲ ਜੁੜੇ ਜੋਖ਼ਮ ਵਿਚ ਪਸ਼ੂਆਂ ਵਾਲਾ ਸਲੂਕ ਕੀਤਾ ਜਾਂਦਾ ਹੈ ਅਤੇ ਪਿੰਜਰੇ ਵਿਚ ਡੱਕ ਕੇ ਵਾਪਸ ਭੇਜਿਆ ਜਾਂਦਾ ਹੈ। ਇਹ ਅੱਜ ਤੀਜੀ ਦੁਨੀਆ ਦੇ ਮੁਲਕ ਵਿਚ ਸਰਮਾਏਦਾਰ ਸਮਾਜ



ਬਣਾਉਣ ਦਾ ਅਟੱਲ ਨਤੀਜਾ ਹੈ।

ਦੂਜੇ ਪਾਸੇ, ਟਰੰਪ ਬਿਨਾਂ ਕਿਸੇ ਡਰ ਦੇ ਅਜਿਹੇ ਪ੍ਰਵਾਸੀਆਂ ਨੂੰ ਆਪਣੇ ਮੁਲਕ 'ਚੋਂ ਕਿਉਂ ਕੱਢ ਸਕਦਾ ਹੈ, ਭਾਵੇਂ ਕਿ ਅਮਰੀਕੀ ਸਮਾਜ ਖੁਦ ਯੂਰਪੀਅਨ ਪ੍ਰਵਾਸੀਆਂ ਵੱਲੋਂ ਮੂਲਵਾਸੀ ਆਬਾਦੀ ਦੀ ਜ਼ਮੀਨ 'ਤੇ ਕਬਜ਼ਾ ਕਰ ਕੇ ਪ੍ਰਵਾਸ ਰਾਹੀਂ ਹੋਂਦ ਵਿਚ ਆਇਆ ਸੀ, ਇਸ ਦਾ ਕਾਰਨ ਵੱਡੇ ਪੱਧਰ 'ਤੇ ਬੇਰੁਜ਼ਗਾਰੀ ਦਾ ਹੋਣਾ ਹੈ।

ਬੁਰਜੂਆ ਆਰਥਿਕ ਸਿਧਾਂਤ ਪੂਰੀ ਤਰ੍ਹਾਂ ਝੂਠਾ ਦਾਅਵਾ ਕਰਦਾ ਹੈ ਕਿ ਸਰਮਾਏਦਾਰ ਆਰਥਿਕਤਾ ਦਾ ਲੰਮੇ ਸਮੇਂ ਦਾ ਵਿਕਾਸ ਇਸਦੀ ਕਿਰਤ ਸ਼ਕਤੀ ਦੀ ਵਿਕਾਸ ਦਰ 'ਤੇ ਨਿਰਭਰ ਕਰਦਾ ਹੈ। ਜੇਕਰ ਇਹ ਦਾਅਵਾ ਸੱਚ ਹੁੰਦਾ ਤਾਂ ਅਮਰੀਕਾ ਵਿਚ ਪ੍ਰਵਾਸੀਆਂ ਦਾ ਸਵਾਗਤ ਉਸ ਅਰਥ-ਵਿਵਸਥਾ ਦੀ ਵਿਕਾਸ ਦਰ ਨੂੰ ਵਧਾਉਣ ਦੇ ਸਾਧਨ ਵਜੋਂ ਕੀਤਾ ਜਾਣਾ ਚਾਹੀਦਾ ਸੀ; ਪਰ ਅਜਿਹਾ ਨਹੀਂ ਹੈ, ਅਤੇ ਬੇਰੁਜ਼ਗਾਰੀ ਦਾ ਸੰਕਟ ਪ੍ਰਵਾਸ ਬਾਰੇ ਟਰੰਪ ਦੇ ਸਖ਼ਤ ਸਟੈਂਡ ਨੂੰ ਵੀ ਹਰਮਨ-ਪਿਆਰਾ ਬਣਾਉਂਦਾ ਹੈ।

ਦਰਅਸਲ, ਹਾਲਾਤ ਦੀ ਵਿਡੰਬਨਾ ਇਹ ਹੈ ਕਿ ਜਰਮਨੀ ਦੀ ਸਭ ਤੋਂ ਖੱਬੇ-ਪੱਖੀ ਪਾਰਟੀ, ਸਾਹਰਾ ਵੇਗਨਨੈਚ ਦੀ ਪਾਰਟੀ, ਨੂੰ ਵੀ ਪ੍ਰਵਾਸ ਬਾਰੇ ਇਕ ਅਜਿਹਾ ਸਟੈਂਡ ਲੈਣਾ ਪਿਆ ਹੈ ਜੋ ਸੱਜੇ-ਪੱਖੀ ਜਰਮਨ ਸਥਾਪਤੀ ਤੋਂ ਵੱਖਰਾ ਨਹੀਂ ਹੈ। ਸਾਹਰਾ ਵੇਗਨਨੈਚ ਦੀ ਪਾਰਟੀ ਮੂਲ ਖੱਬੇ-ਪੱਖੀ ਪਾਰਟੀ, ਡਾਈ ਲਿੰਕੇ ਤੋਂ ਅੱਡ ਹੋ ਗਈ ਸੀ, ਕਿਉਂਕਿ ਮਗਰਲੀ ਪਾਰਟੀ ਨੇ ਨਾਟੋ ਦੁਆਰਾ ਚਲਾਏ ਜਾ ਰਹੇ ਯੁੱਧਾਂ ਨੂੰ ਦਾਅਪੇਚਕ ਹਮਾਇਤ ਦਿੱਤੀ ਸੀ।

ਬੇਰੁਜ਼ਗਾਰੀ ਦਾ ਸੰਕਟ ਜੋ ਏਨਾ ਵਿਆਪਕ ਹੈ, ਜਿਸ ਤੋਂ ਮੂਲ ਮੁਲਕ ਵੀ ਪੀੜਤ ਹੈ ਅਤੇ ਪ੍ਰਵਾਸੀਆਂ ਦੀ ਮੰਜ਼ਿਲ ਮੁਲਕ ਵੀ, ਅਤੇ ਜੋ ਲਾਜ਼ਮੀ ਤੌਰ 'ਤੇ ਸਰਮਾਏਦਾਰੀ ਦੀ ਪੂਰੀ ਹੋਂਦ ਦੌਰਾਨ ਇਸ ਦੇ ਨਾਲ ਰਹਿੰਦਾ ਹੈ ਅਤੇ ਸੰਕਟ ਦੇ ਸਮੇਂ 'ਚ ਭਿਆਨਕ ਰੂਪ ਅਖ਼ਤਿਆਰ ਕਰਦਾ ਹੈ ਜਿਵੇਂ ਅਸੀਂ ਹੁਣ ਦੇਖ ਰਹੇ ਹਾਂ, ਉਸ ਅਮਾਨਵੀਅਤਾ ਨੂੰ ਦਰਸਾਉਂਦਾ ਹੈ, ਅਮਾਨਵੀਅਤਾ ਜੋ ਲੋਕਾਂ ਨਾਲ ਪਸ਼ੂਆਂ ਵਾਂਗ ਸਲੂਕ ਕਰਦੀ ਹੈ ਅਤੇ ਉਨ੍ਹਾਂ ਨੂੰ ਜੰਜ਼ੀਰਾਂ ਵਿਚ ਨੂੜ ਦਿੰਦੀ ਹੈ।

ਇਸ ਦੇ ਉਲਟ, ਪੁਰਾਣੇ ਸਮਾਜਵਾਦੀ ਸਮਾਜ ਇਸ ਸੰਕਟ ਤੋਂ ਪੂਰੀ ਤਰ੍ਹਾਂ ਮੁਕਤ ਸਨ। ਦਰਅਸਲ, ਉਨ੍ਹਾਂ ਨੂੰ ਬੇਰੁਜ਼ਗਾਰੀ ਨਹੀਂ ਸਗੋਂ ਕਿਰਤ ਦੀ ਘਾਟ ਦਾ ਸਾਹਮਣਾ ਕਰਨਾ ਪਿਆ। ਪ੍ਰਸਿੱਧ ਹੰਗਰੀਆਈ ਅਰਥ-ਸ਼ਾਸਤਰੀ ਜੈਨੋਸ ਕੋਰਨਾਈ, ਜੋ ਕਿ ਸਬੱਬ ਨਾਲ ਸਮਾਜਵਾਦੀ ਨਹੀਂ ਸੀ, ਨੇ ਪੋਲਿਸ਼ ਅਰਥ-ਸ਼ਾਸਤਰੀ ਮਿਸ਼ਲ ਕਾਲੇਕੀ ਤੋਂ ਅਗਵਾਈ ਲਈ ਅਤੇ 'ਮੰਗ ਪੱਖੋਂ ਸੀਮਤ' ਅਤੇ 'ਵਸੀਲਿਆਂ ਪੱਖੋਂ ਸੀਮਤ' ਪ੍ਰਣਾਲੀਆਂ ਦਰਮਿਆਨ ਅੰਤਰ ਦਰਸਾਇਆ ਸੀ। ਉਸ ਨੇ ਕਿਹਾ ਸੀ ਕਿ ਸਰਮਾਏਦਾਰੀ ਤਾਂ ਮੰਗ ਪੱਖੋਂ ਸੀਮਤ ਪ੍ਰਣਾਲੀ ਹੈ, ਸਮਾਜਵਾਦ ਵਸੀਲਿਆਂ ਪੱਖੋਂ ਸੀਮਤ ਪ੍ਰਣਾਲੀ ਸੀ।

ਇਸਦਾ ਇਕ ਨਿਹਿਤ ਭਾਵ ਇਹ ਸੀ ਕਿ ਪੁਰਾਣੇ ਸਮਾਜਵਾਦੀ ਸਮਾਜਾਂ ਦੀ ਵਿਸ਼ੇਸ਼ਤਾ ਥੁੜ੍ਹ, ਰਾਸ਼ਨ ਪ੍ਰਣਾਲੀ ਅਤੇ ਇਸ ਲਈ ਲੱਗੀਆਂ ਲਾਈਨਾਂ ਸੀ: ਸਰੋਤਾਂ ਦੀ ਪੂਰੀ ਵਰਤੋਂ ਨਾਲ ਉਹ ਪ੍ਰਚੱਲਤ ਭਾਵਾਂ 'ਤੇ ਲੋਕਾਂ ਦੇ ਹੱਥਾਂ ਵਿਚਲੀ ਖ਼ਰੀਦ ਸ਼ਕਤੀ ਨਾਲੋਂ ਘੱਟ ਵਸਤਾਂ ਦੀ ਪੈਦਾਵਾਰ ਕਰ ਸਕਦੇ ਸਨ; ਹਾਲਾਂਕਿ, ਇਸਦਾ ਮਤਲਬ ਇਹ ਸੀ ਕਿ ਹਾਸਲ ਕਿਰਤ ਸ਼ਕਤੀ ਸਮੇਤ ਵਸੀਲਿਆਂ ਦੀ ਪੂਰੀ ਵਰਤੋਂ ਕੀਤੀ ਗਈ ਸੀ।

ਦਰਅਸਲ, ਆਧੁਨਿਕ ਸਮੇਂ ਵਿਚ ਸਮਾਜਵਾਦੀ ਸਮਾਜ ਹੀ ਅਜਿਹੇ ਸਮਾਜ ਰਹੇ ਹਨ ਜਿਨ੍ਹਾਂ ਨੇ ਪੂਰਨ ਰੁਜ਼ਗਾਰ ਅਨੁਭਵ ਕੀਤਾ ਹੈ, ਇੰਨਾ ਜ਼ਿਆਦਾ ਕਿ ਉੱਥੇ ਔਰਤਾਂ ਦੇ ਕੰਮ ਦੀ ਭਾਗੀਦਾਰੀ ਦਰ ਵਿਚ ਮਹੱਤਵਪੂਰਨ ਵਾਧਾ ਕਰ ਕੇ ਕਿਰਤ ਸ਼ਕਤੀ ਵਧਾਉਣੀ ਪਈ, ਜਿਸਦੇ ਨਤੀਜੇ ਵਜੋਂ ਬਹੁਤ ਡੂੰਘੇ ਸਮਾਜਿਕ ਪ੍ਰਭਾਵ ਪਏ ਸਨ। ਅਤੇ, ਰੁਜ਼ਗਾਰ ਦੁਆਰਾ ਮੁਹੱਈਆ ਕੀਤੀ ਗਈ ਆਮਦਨੀ ਕਮਾਉਣ ਤੋਂ ਇਲਾਵਾ, ਉਨ੍ਹਾਂ ਸਮਾਜਾਂ ਵਿਚ ਕਾਮਿਆਂ ਨੂੰ ਸਵੈ-ਮਾਣ ਦਾ ਨੁਕਸਾਨ ਨਹੀਂ ਝੱਲਣਾ ਪਿਆ ਜੋ ਬੇਰੁਜ਼ਗਾਰੀ ਦੇ ਨਾਲ ਅਟੱਲ ਤੌਰ 'ਤੇ ਆਉਂਦਾ ਹੈ।

ਉਨ੍ਹਾਂ ਸੱਚਮੁੱਚ ਮੌਜੂਦ ਸਮਾਜਵਾਦੀ ਸਮਾਜਾਂ ਦੇ ਵਿਰੁੱਧ ਬਥੇਰਾ ਕੁਝ ਲਿਖਿਆ ਗਿਆ ਹੈ, ਲਿਖਣ ਵਾਲਿਆਂ 'ਚ ਖੱਬੇ-ਪੱਖੀ ਲੇਖਕ ਵੀ ਸ਼ਾਮਲ ਹਨ; ਅਤੇ ਉਸ ਪ੍ਰਬੰਧ ਦੇ ਢਹਿ ਜਾਣ ਨਾਲ, ਇਹ ਪ੍ਰਭਾਵ ਬਣਿਆ ਹੈ ਕਿ ਸਾਡੇ ਵਰਗੇ ਸਮਾਜਾਂ ਵਿਚ ਸਰਮਾਏਦਾਰੀ ਦਾ ਕੋਈ ਬਦਲ ਨਹੀਂ ਹੈ। ਹਾਲਾਂਕਿ, ਸੱਚਾਈ ਇਹ ਹੈ ਕਿ ਜਿੰਨਾ ਚਿਰ ਅਸੀਂ ਸਰਮਾਏਦਾਰੀ 'ਤੇ ਚੱਲਦੇ ਰਹਾਂਗੇ, ਭਾਵੇਂ ਅਸੀਂ ਅਰਬਪਤੀ ਤਾਂ ਪੈਦਾ ਕਰ ਰਹੇ ਹੋਵਾਂਗੇ, ਉਹ ਸ਼ਰਮਿੰਦਗੀ ਸਾਡੇ ਲੋਕਾਂ ਦਾ ਪਿੱਛਾ ਕਦੇ ਨਹੀਂ ਛੱਡੇਗੀ ਜੋ ਬਸਤੀਵਾਦੀ ਯੁਗ ਵਿਚ 'ਨੀਵੇਂ ਵਰਗ' ਦੇ ਭਾਰਤੀ ਹੋਣ ਨਾਲ ਜੁੜੀ ਹੋਈ ਸੀ। ਆਮ ਮਿਹਨਤਕਸ਼ ਲੋਕਾਂ ਨਾਲ ਪਸ਼ੂਆਂ ਵਾਂਗ ਸਲੂਕ ਹੁੰਦਾ ਰਹੇਗਾ; ਅਤੇ ਜਿਉਂ ਹੀ ਉਹ ਸਾਡੇ ਸਮੁੰਦਰਾਂ ਤੋਂ ਪਾਰ ਕਿਤੇ ਹੋਰ ਬਿਹਤਰ ਜ਼ਿੰਦਗੀ ਦੀ ਤਲਾਸ਼ 'ਚ ਜਾਣਗੇ, ਜਿਵੇਂ ਕਿ ਉਨ੍ਹਾਂ ਵਿੱਚੋਂ ਕੁਝ ਲਾਜ਼ਮੀ ਤੌਰ 'ਤੇ ਕਰਨਗੇ, ਉਨ੍ਹਾਂ ਨੂੰ ਹੱਥਕੜੀਆਂ ਅਤੇ ਜ਼ੰਜੀਰਾਂ ਵਿਚ ਨੂੜ ਕੇ ਵਾਪਸ ਉਨ੍ਹਾਂ ਦੇ ਮੁਲਕ ਵਿਚ ਘੱਲ ਦਿੱਤਾ ਜਾਵੇਗਾ। ਸਿਰਫ਼ ਸਮਾਜਵਾਦੀ ਸਮਾਜ ਹੀ ਬੇਰੁਜ਼ਗਾਰੀ ਦੇ ਸੰਕਟ ਅਤੇ ਸਾਡੇ ਲੋਕਾਂ ਦੀ ਪਿੰਜਰੇ ਵਿਚ ਡੱਕੇ ਜਾਨਵਰਾਂ ਵਾਂਗ ਸਲੂਕ ਕੀਤੇ ਜਾਣ ਦੀ ਹੋਣੀ ਤੋਂ ਬਚਾ ਸਕਦਾ ਹੈ, ਜਿਸ ਨੂੰ ਅਸੀਂ ਪਿਛਲੀਆਂ ਗ਼ਲਤੀਆਂ ਤੋਂ ਸਿੱਖ ਕੇ ਆਪਣੇ ਮੁਲਕ ਵਿਚ ਬਿਹਤਰ ਤੌਰ 'ਤੇ ਉਸਾਰਨ ਦੀ ਸਥਿਤੀ 'ਚ ਹਾਂ।

---

*(ਪਿਛਲੇ ਸਫ਼ੇ ਦਾ ਬਾਕੀ)*

ਇੰਨੀ ਜ਼ਿਆਦਾ ਖਪਤ ਧਰਤੀ ਦੇ ਉਨ੍ਹਾਂ ਖਿੱਤਿਆਂ ਵਿਚ ਪਾਣੀ ਦੀ ਕਿੱਲਤ ਪੈਦਾ ਕਰ ਸਕਦੀ ਹੈ ਜਿਨ੍ਹਾਂ ਵਿਚ ਇਸ ਨਾਲ ਸੰਬੰਧਤ ਡੇਟਾ ਸੈਂਟਰ ਉਸਾਰੇ ਗਏ ਹਨ। ਉਦਾਹਰਨ ਲਈ ਅਮਰੀਕਾ ਦੇ ਸੂਬੇ ਆਈਓਵਾ ਵਿਚ ਜ਼ਮੀਨ ਅਤੇ ਬਿਜਲੀ ਸਸਤੀ ਹੋਣ ਕਾਰਨ ਉੱਥੇ ਕਾਫੀ ਸਾਰੇ ਡੇਟਾ ਸੈਂਟਰ ਉਸਾਰੇ ਜਾ ਰਹੇ ਹਨ। ਇਨ੍ਹਾਂ ਕਾਰਨ ਇਸ ਸੂਬੇ ਦੇ ਕੁੱਝ ਹਿੱਸਿਆਂ ਵਿਚ ਪਾਣੀ ਦੀ ਮੰਗ ਵਧ ਰਹੀ ਹੈ ਅਤੇ ਪਾਣੀ ਦੀ ਤੰਗੀ ਦੇ ਹਾਲਾਤ ਬਣ ਰਹੇ ਹਨ। ਜੈਫ ਯੰਗ ਵਲੋਂ ਲਿਖੇ ਉਪਰੋਕਤ ਆਰਟੀਕਲ ਵਿਚ ਆਈਓਵਾ ਦੇ ਐਨਵਾਇਰਮੈਂਟਲ ਕਾਊਂਸਲ ਐਨਰਜੀ ਪ੍ਰੋਗਰਾਮ ਦੀ ਡਾਇਰੈਕਟਰ ਕੈਰੀ ਜੌਹਨਸਨ ਕਹਿੰਦੀ ਹੈ ਕਿ "ਆਈਓਵਾ ਦੇ ਕੁੱਝ ਹਿੱਸਿਆਂ ਵਿਚ ਪਾਣੀ ਦੀ ਤੰਗੀ ਮਹਿਸੂਸ ਹੋਣੀ ਸ਼ੁਰੂ ਹੋ ਗਈ ਹੈ। ਆਈਓਵਾ ਦੇ ਇਕ ਸ਼ਹਿਰ ਅਲਟੂਨਾ ਵਿਚਲਾ ਡੇਟਾ ਸੈਂਟਰ ਉਸ ਸ਼ਹਿਰ ਵਲੋਂ ਵਰਤੇ ਜਾਂਦੇ ਕੁੱਲ ਪਾਣੀ ਦਾ ਪੰਜਵਾਂ ਹਿੱਸਾ ਪਾਣੀ ਖਪਤ ਕਰ ਰਿਹਾ ਹੈ।" ਇਸੇ ਤਰ੍ਹਾਂ ਵਾਸ਼ਿੰਗਟਨ ਪੋਸਟ ਵਿਚ ਛਪੇ ਆਰਟੀਕਲ (ਜਿਸ ਦਾ ਜ਼ਿਕਰ ਪਹਿਲਾਂ ਕੀਤਾ ਗਿਆ ਹੈ) ਵਿਚ ਦੱਸਿਆ ਗਿਆ ਹੈ ਕਿ ਅਮਰੀਕਾ ਦੇ ਸੂਬੇ ਓਰੇਗੈਨ ਦੇ ਸ਼ਹਿਰ ਡੈਲਜ਼ ਵਿਚ ਗੂਗਲ ਦੇ ਡੇਟਾ ਸੈਂਟਰ ਸ਼ਹਿਰ ਲਈ ਉਪਲੱਬਧ ਪਾਣੀ ਦਾ ਚੌਥਾ ਹਿੱਸਾ ਖਪਤ ਕਰਦੇ ਹਨ।

ਪਾਣੀ ਦੀ ਇੰਨੀ ਜ਼ਿਆਦਾ ਖਪਤ ਦੇ ਨਾਲ-ਨਾਲ ਆਰਟੀਫਿਸ਼ਲ ਇੰਟੈਲੀਜੈਂਸ ਨਾਲ ਸੰਬੰਧਤ ਤਕਨਾਲੌਜੀ ਦੇ ਕਾਰਜ ਲਈ ਬਹੁਤ ਸਾਰੀ ਬਿਜਲੀ ਦੀ ਲੋੜ ਪੈਂਦੀ ਹੈ। ਇਸ ਲਈ ਊਰਜਾ ਅਤੇ ਇਸ ਤਕਨਾਲੌਜੀ ਦੇ ਖੇਤਰ ਵਿਚ ਖੋਜ ਕਰ ਰਹੇ ਕਈ ਖੋਜੀ ਆਰਟੀਫਿਸ਼ਲ ਇੰਟੈਲੀਜੈਂਸ ਵਲੋਂ ਵਰਤੀ ਜਾਂਦੀ ਊਰਜਾ (ਐਨਰਜੀ) ਕਾਰਨ ਧਰਤੀ ਦੇ ਵਾਤਾਵਰਨ ਨੂੰ ਹੋਣ ਵਾਲੇ ਨੁਕਸਾਨ ਵੱਲ ਇਸ਼ਾਰੇ ਕਰ ਰਹੇ ਹਨ। ਇਸ ਸੰਬੰਧ ਵਿਚ ਨਿਊਜ਼ ਵੀਕ ਦੇ ਸਾਈਟ 'ਤੇ 19 ਮਾਰਚ 2024 ਨੂੰ ਜੈਫ ਯੰਗ ਵਲੋਂ ਛਪੇ ਇਕ ਹੋਰ ਆਰਟੀਕਲ ਵਿਚ ਇੰਟਰਨੈਸ਼ਨਲ ਐਨਰਜੀ ਏਜੰਸੀ ਵਲੋਂ ਜਨਵਰੀ 2024 ਵਿਚ ਛਪੀ ਇਕ ਰਿਪੋਰਟ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਸੰਨ 2026 ਤੱਕ ਦੁਨੀਆ ਦੇ ਡੇਟਾ ਸੈਂਟਰਾਂ ਵਲੋਂ ਵਰਤੀ ਜਾਂਦੀ ਬਿਜਲੀ ਦੀ ਖਪਤ ਦੁੱਗਣੀ ਹੋ ਜਾਵੇਗੀ। ਪਹਿਲਾਂ ਹੀ ਆਇਰਲੈਂਡ ਵਿਚ ਵਰਤੀ ਜਾਂਦੀ ਕੁੱਲ ਬਿਜਲੀ ਦਾ 17 ਫੀਸਦੀ ਹਿੱਸਾ ਉਸ ਮੁਲਕ ਵਿਚਲੇ ਡੇਟਾ ਸੈਂਟਰਾਂ ਵਲੋਂ ਖਪਤ ਕੀਤਾ ਜਾਂਦਾ ਹੈ ਅਤੇ ਅੰਦਾਜ਼ਾ ਇਹ ਹੈ ਕਿ 2026 ਤੱਕ ਆਇਰਲੈਂਡ ਵਿਚਲੇ ਡੇਟਾ ਸੈਂਟਰਾਂ ਵਲੋਂ ਖਪਤ ਕੀਤੀ ਜਾਂਦੀ ਬਿਜਲੀ ਦੀ ਮਾਤਰਾ ਉਸ ਦੇਸ਼ ਵਿਚ ਖਪਤ ਕੀਤੀ ਜਾਂਦੀ ਕੁੱਲ ਬਿਜਲੀ ਦੀ ਮਾਤਰਾ ਦੇ ਇਕ ਤਿਹਾਈ ਹਿੱਸੇ ਤੱਕ ਪਹੁੰਚ ਜਾਵੇਗੀ। ਕੁੱਝ ਸਾਲਾਂ ਵਿਚ ਹੀ ਅਮਰੀਕਾ ਵਿਚ ਡੇਟਾ ਸੈਂਟਰਾਂ ਵਲੋਂ ਵਰਤੀ ਜਾਂਦੀ ਬਿਜਲੀ ਦੀ ਮਾਤਰਾ, ਉੱਥੇ ਵਰਤੀ ਜਾਂਦੀ ਬਿਜਲੀ ਦੀ ਕੁੱਲ ਮਾਤਰਾ ਦੇ 6 ਫੀਸਦੀ ਹਿੱਸੇ ਤੱਕ ਹੋ ਜਾਵੇਗੀ।

ਇੰਟਰਨੈਸ਼ਨਲ ਐਨਰਜੀ ਏਜੰਸੀ ਨਾਲ ਬਿਜਲੀ ਦੀ ਖਪਤ ਬਾਰੇ ਵਿਸ਼ਲੇਸ਼ਣ ਕਰਨ ਦਾ ਕੰਮ ਕਰਨ ਵਾਲੇ ਐਰਿਨ ਕੈਮ ਦਾ ਕਹਿਣਾ ਹੈ ਕਿ ਸੰਨ 2026 ਵਿਚ ਵਿਸ਼ਵ ਵਿਚਲੇ ਡੇਟਾ ਸੈਂਟਰਾਂ ਵਲੋਂ ਖਪਤ ਕੀਤੀ ਜਾਂਦੀ ਬਿਜਲੀ ਦੀ ਮਾਤਰਾ 1000 ਟੈਰਾਵਾਟ ਆਵਰਜ਼ (ਘੰਟਿਆਂ) ਤੱਕ ਪਹੁੰਚ ਸਕਦੀ ਹੈ। ਬਿਜਲੀ ਦਾ ਇਕ ਟੈਰਾਵਾਟ ਆਵਰ ਇੰਨੀ ਬਿਜਲੀ ਹੁੰਦੀ ਹੈ, ਜਿੰਨੀ ਬਿਜਲੀ 2 ਲੱਖ ਔਸਤ ਘਰਾਂ ਵਲੋਂ ਇਕ ਸਾਲ ਵਿਚ ਵਰਤੀ ਜਾਂਦੀ ਹੈ। ਇਸ ਦਾ ਭਾਵ ਹੈ ਕਿ ਡੇਟਾ ਸੈਂਟਰਾਂ ਦਾ ਸੈਕਟਰ ਇਕ ਸਾਲ ਵਿਚ ਉਨੀ ਬਿਜਲੀ ਦੀ ਖਪਤ ਕਰੇਗਾ ਜਿੰਨੀ ਬਿਜਲੀ ਸਾਰੇ ਜਾਪਾਨ ਵਲੋਂ ਇਕ ਸਾਲ ਵਿਚ ਵਰਤੀ ਜਾਂਦੀ ਹੈ। ਬਿਜਲੀ ਦੀ ਮੰਗ ਵਿਚ ਹੋਏ ਇਸ ਵਾਧੇ ਦਾ ਬਹੁਤ ਹਿੱਸਾ ਇੰਡਸਟਰੀ ਵਲੋਂ ਆਰਟੀਫਿਸ਼ਲ ਇੰਟੈਲੀਜੈਂਸ ਦੀ ਵਰਤੋਂ ਦੇ ਕਾਰਨ ਹੈ।

ਆਰਟੀਫਿਸ਼ਲ ਏਜੰਸੀ ਨਾਲ ਸੰਬੰਧਤ ਤਕਨਾਲੌਜੀਆਂ ਵਲੋਂ ਵਰਤੀ ਜਾਂਦੀ ਬਿਜਲੀ ਆਰਟੀਫਿਸ਼ਲ ਇੰਟੈਲੀਜੈਂਸ ਦੇ ਮਾਡਲਾਂ ਨੂੰ ਸਿੱਖਿਅਤ ਕਰਨ, ਉਨ੍ਹਾਂ ਵਲੋਂ ਪੁੱਛਾਂ ਦਾ ਜਵਾਬ ਦੇਣ ਅਤੇ ਫਿਰ ਇਨ੍ਹਾਂ ਤਕਨਾਲੌਜੀਆਂ ਨੂੰ ਠੰਢੇ ਰੱਖਣ ਦੇ ਕਾਰਜਾਂ ਦੌਰਾਨ ਵਰਤੀ ਜਾਂਦੀ ਹੈ। ਉਦਾਹਰਨ ਲਈ ਓਪਨ ਏ ਆਈ ਦੇ ਜੀ ਪੀ ਟੀ-3 ਮਾਡਲ ਨੂੰ ਸਿੱਖਿਅਤ ਕਰਨ ਲਈ 1300 ਮੈਗਾਵਾਟ ਆਵਰਜ਼ ਬਿਜਲੀ ਖਪਤ ਹੁੰਦੀ ਹੈ। ਇੰਨੀ ਬਿਜਲੀ ਅਮਰੀਕਾ ਦੇ 130 ਘਰਾਂ ਵਲੋਂ ਇਕ ਸਾਲ ਵਿਚ ਵਰਤੀ ਜਾਂਦੀ ਬਿਜਲੀ ਦੇ ਬਰਾਬਰ ਹੈ। ਯਾਦ ਰੱਖਣ ਵਾਲੀ ਗੱਲ ਹੈ ਕਿ ਆਰਟੀਫਿਸ਼ਲ ਇੰਟੈਲੀਜੈਂਸ ਦੇ ਮਾਡਲਾਂ ਨੂੰ ਲਗਾਤਾਰ ਅਪਡੇਟ ਕਰਨਾ ਪੈਂਦਾ ਹੈ। ਸਾਇੰਟੇਫਿਕ ਅਮਰੀਕਨ ਦੇ ਸਾਈਟ 'ਤੇ 25 ਮਈ 2023 ਨੂੰ ਛਪੇ ਇਕ ਆਰਟੀਕਲ ਵਿਚ ਬੌਸਟਨ ਯੂਨੀਵਰਸਿਟੀ ਵਿਚ ਕੰਪਿਊਟਰ ਸਾਇੰਸ ਦੀ ਪ੍ਰੋਫੈਸਰ ਕੇਟ ਸੈਨਕੋ ਦੱਸਦੀ ਹੈ ਕਿ ਜੇ ਕਿਸੇ ਮਾਡਲ ਨੂੰ 2021 ਤੱਕ ਦੀ ਜਾਣਕਾਰੀ ਨਾਲ ਸਿੱਖਿਅਤ ਕੀਤਾ ਗਿਆ ਹੋਵੇ ਤਾਂ ਉਸ ਨੂੰ 2021 ਤੋਂ ਬਾਅਦ ਵਿਚ ਵਾਪਰੀਆਂ ਚੀਜ਼ਾਂ ਬਾਰੇ ਕੁੱਝ ਨਹੀਂ ਪਤਾ ਹੋਵੇਗਾ। ਇਸ ਲਈ ਉਸ ਦੇ ਗਿਆਨ ਨੂੰ ਲਗਾਤਾਰ ਅਪਡੇਟ ਕਰਨਾ ਪਵੇਗਾ, ਜਿਸ ਨਾਲ ਉਸ ਨੂੰ ਸਿੱਖਿਅਤ ਕਰਨ ਲਈ ਲੋੜੀਂਦੀ ਬਿਜਲੀ ਦੀ ਖਪਤ ਹੋਰ ਵਧ ਜਾਵੇਗੀ।

ਸਿੱਖਿਅਤ ਹੋਣ ਤੋਂ ਬਾਅਦ ਜਦੋਂ ਆਰਟੀਫਿਸ਼ਲ ਇੰਟੈਲੀਜੈਂਸ ਦਾ ਮਾਡਲ ਕੰਮ ਕਰਨ ਲਗਦਾ ਹੈ ਤਾਂ ਉਸ ਲਈ ਵੀ ਬਿਜਲੀ ਖਪਤ ਹੁੰਦੀ ਹੈ। ਨਿਊਜ਼ ਸਾਈਟ ਵੌਕਸ 'ਤੇ 28 ਮਾਰਚ 2024 ਨੂੰ 'ਏ ਆਈ ਆਲਰੈਡੀ ਯੂਜ਼ਜ਼ ਐਜ਼ ਮਚ ਐਨਰਜੀ ਐਜ਼ ਏ ਸਮਾਲ ਕੰਟਰੀ' ਨਾਂ ਦੇ ਆਰਟੀਕਲ ਵਿਚ ਇੰਟਰਨੈਸ਼ਨਲ ਐਨਰਜੀ ਏਜੰਸੀ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਗੂਗਲ 'ਤੇ ਕੀਤੀ ਇਕ ਸਰਚ ਲਈ 0.3 ਵਾਟ ਆਵਰਜ਼ ਬਿਜਲੀ ਲਗਦੀ ਹੈ ਜਦੋਂ ਕਿ ਚੈਟ ਜੀ ਪੀ ਟੀ ਵਲੋਂ ਜਾਣਕਾਰੀ ਲਈ ਕੀਤੀ ਪੁੱਛ ਦਾ ਜਵਾਬ ਦੇਣ ਲਈ 2.9 ਵਾਟ ਆਵਰਜ਼ ਬਿਜਲੀ ਲਗਦੀ ਹੈ। ਭਾਵ ਏ.ਆਈ. ਦੇ ਮਾਡਲ ਵਲੋਂ ਇਕ ਪੁੱਛ ਦੇ ਦਿੱਤੇ ਜਵਾਬ 'ਤੇ ਗੂਗਲ ਦੀ ਸਰਚ ਨਾਲੋਂ 10 ਗੁਣਾ ਜ਼ਿਆਦਾ ਬਿਜਲੀ ਖਪਤ ਹੁੰਦੀ ਹੈ। ਹਰ ਰੋਜ਼ ਤਕਰੀਬਨ 9 ਅਰਬ ਸਰਚਾਂ ਕੀਤੀਆਂ ਜਾਂਦੀਆਂ ਹਨ। ਜੇ ਸਾਰੀਆਂ ਸਰਚਾਂ ਦਾ ਜਵਾਬ ਚੈਟ ਜੀ ਪੀ ਟੀ ਵਲੋਂ ਦਿੱਤਾ ਜਾਵੇ ਤਾਂ ਇਕ ਸਾਲ ਵਿਚ 10 ਟੈਰਾਵਾਟ ਆਵਰਜ਼ ਬਿਜਲੀ ਖਪਤ ਹੋਵੇਗੀ, ਜਿਹੜੀ ਯੂਰਪੀਅਨ ਯੂਨੀਅਨ ਦੇ ਤਕਰੀਬਨ 15 ਲੱਖ ਵਸਨੀਕਾਂ ਵਲੋਂ ਇਕ ਸਾਲ ਵਿਚ ਖਪਤ ਕੀਤੀ ਜਾਂਦੀ ਬਿਜਲੀ ਦੇ ਬਰਾਬਰ ਬਣਦੀ ਹੈ।

18 ਸਤੰਬਰ 2024 ਨੂੰ ਵਾਸ਼ਿੰਗਟਨ ਪੋਸਟ ਦੇ ਸਾਈਟ 'ਤੇ ਛਪੇ ਇਕ ਆਰਟੀਕਲ ਅਨੁਸਾਰ ਜੀ ਪੀ ਟੀ-4 ਦੀ ਵਰਤੋਂ ਨਾਲ ਏ ਆਈ ਦੇ ਚੈਟਬੋਟ ਵਲੋਂ ਇਕ ਵਾਰ 100 ਸ਼ਬਦਾਂ ਦੀ ਈਮੇਲ ਲਿਖਣ ਲਈ 0.14 ਕਿਲੋਵਾਟ-ਆਵਰਜ਼ ਬਿਜਲੀ ਦੀ ਖਪਤ ਹੁੰਦੀ ਹੈ। ਇੰਨੀ ਬਿਜਲੀ ਨਾਲ 14 ਐਲ ਈ ਡੀ ਦਾ ਬਲਬ ਇਕ ਘੰਟੇ ਲਈ ਜਗਦਾ ਰਹਿ ਸਕਦਾ ਹੈ। ਜੇ 100 ਸ਼ਬਦਾਂ ਦੀ ਈਮੇਲ ਪੂਰੇ ਇਕ ਸਾਲ ਲਈ ਹਫਤੇ 'ਚ ਇਕ ਵਾਰ ਲਿਖੀ ਜਾਵੇ ਤਾਂ ਇਸ ਲਈ ਸਾਲ ਵਿਚ 7.5 ਕਿਲੋਵਾਟ ਆਵਰਜ਼ ਬਿਜਲੀ ਖਪਤ ਹੋਵੇਗੀ। ਇੰਨੀ ਬਿਜਲੀ ਅਮਰੀਕਾ ਦੇ ਸ਼ਹਿਰ ਵਾਸ਼ਿੰਗਟਨ ਡੀ ਸੀ ਦੇ 9.3 ਘਰ ਇਕ ਘੰਟੇ ਵਿਚ ਵਰਤਦੇ ਹਨ। ਇਸ ਬਿਜਲੀ ਦੀ ਖਪਤ ਦਾ ਮਤਲਬ ਹੈ ਵਾਤਾਵਰਨ ਵਿਚ ਗਰੀਨ ਹਾਊਸ ਗੈਸਾਂ ਦਾ ਛੱਡਿਆ ਜਾਣਾ। ਸੰਨ 2019 ਵਿਚ ਯੂਨੀਵਰਸਿਟੀ ਆਫ ਮੈਸਾਚੂਸਟ ਵਲੋਂ ਕੀਤੀ ਗਈ ਇਕ ਖੋਜ ਤੋਂ ਇਹ ਪਤਾ ਲੱਗਾ ਸੀ ਕਿ ਏ ਆਈ ਦੇ ਇਕ ਮਾਡਲ ਨੂੰ ਸਿੱਖਿਅਤ ਕਰਨ ਦੇ ਕਾਰਜ ਵਿਚ 6 ਲੱਖ 26 ਹਜ਼ਾਰ ਪੌਂਡ ਕਾਰਬਨ ਡਾਇਔਕਸਾਈਡ ਪੈਦਾ ਹੁੰਦੀ ਹੈ। ਕਾਰਬਨ ਡਾਇਔਕਸਾਈਡ ਦੀ ਇਹ ਮਾਤਰਾ ਸਾਨ ਫਰਾਂਸਿਸਕੋ ਅਤੇ ਨਿਊਯੌਰਕ ਵਿਚਕਾਰ ਆਉਣ-ਜਾਣ ਦੀਆਂ 300 ਫਲਾਈਟਾਂ ਵਲੋਂ ਪੈਦਾ ਕੀਤੀ ਜਾਂਦੀ ਕਾਰਬਨ ਡਾਇਔਕਸਾਈਡ ਦੇ ਬਰਾਬਰ ਹੈ। ਇਕ ਹੋਰ ਅਧਿਐਨ ਅਨੁਸਾਰ ਜੀ ਪੀ ਟੀ-3 ਮਾਡਲ ਨੂੰ ਸਿੱਖਿਅਤ ਕਰਨ ਵਿਚ 1287 ਮੈਗਾਵਾਟ ਆਵਰਜ਼ ਬਿਜਲੀ ਖਪਤ ਹੋਈ ਸੀ ਜਿਸ ਦੇ ਨਤੀਜੇ ਵਜੋਂ 502 ਮੀਟਰਿਕ ਟਨ ਕਾਰਬਨ ਡਾਇਔਕਸਾਈਡ ਪੈਦਾ ਹੋਈ ਸੀ। ਇੰਨੀ ਕਾਰਬਨ ਡਾਇਔਕਸਾਈਡ 112 ਕਾਰਾਂ ਵਲੋਂ ਇਕ ਸਾਲ ਵਿਚ ਪੈਦਾ ਕੀਤੀ ਜਾਂਦੀ ਹੈ।

24 ਮਈ 2024 ਨੂੰ ਫੋਰਬਜ਼ ਦੇ ਸਾਈਟ 'ਤੇ ਛਪੀ ਇਕ ਰਿਪੋਰਟ "ਏ ਆਈਜ਼ ਪੁਸ਼ਿੰਗ ਦਿ ਵਰਲਡ ਟੂਵਾਰਡ ਐਨ ਐਨਰਜੀ ਕਰਾਈਸਿਸ" ਅਨੁਸਾਰ ਇਸ ਸਮੇਂ ਦੁਨੀਆ ਵਿਚ ਖਪਤ ਹੁੰਦੀ ਕੁੱਲ ਐਨਰਜੀ ਦਾ 3 ਫੀਸਦੀ ਹਿੱਸਾ ਡੇਟਾ ਸੈਂਟਰਾਂ ਅਤੇ ਉਨ੍ਹਾਂ ਨਾਲ ਸੰਬੰਧਤ ਟ੍ਰਾਂਸਮਿਸ਼ਨ ਨੈੱਟਵਰਕਾਂ ਵਲੋਂ ਖਪਤ ਕੀਤਾ ਜਾਂਦਾ ਹੈ। ਇਸ ਦੇ ਨਤੀਜੇ ਵਜੋਂ ਉਹ ਵਾਤਾਵਰਨ ਵਿਚ ਬ੍ਰਾਜ਼ੀਲ ਵਲੋਂ ਛੱਡੀ ਜਾਂਦੀ ਕਾਰਬਨ ਡਾਇਔਕਸਾਈਡ ਦੇ ਬਰਾਬਰ ਦੀ ਮਾਤਰਾ ਵਿਚ ਕਾਰਬਨ ਡਾਇਔਕਸਾਈਡ ਛੱਡਦੇ ਹਨ। ਆਉਣ ਵਾਲੇ ਸਮੇਂ ਵਿਚ ਏ.ਆਈ. ਦੀ ਵਰਤੋਂ ਵਿਚ ਤੇਜ਼ੀ ਹੋਣ ਦਾ ਅਨੁਮਾਨ ਹੈ। ਇਸ ਨਾਲ ਇਸ ਵਲੋਂ ਵਾਤਾਵਰਨ ਵਿਚ ਛੱਡੀਆਂ ਜਾਂਦੀਆਂ ਗ੍ਰੀਨ ਹਾਊਸ ਗੈਸਾਂ ਦੀ ਮਾਤਰਾ ਵਿਚ ਵੀ ਵਾਧਾ ਹੋਣਾ ਜ਼ਰੂਰੀ ਹੈ। ਅਰਥ ਓਰਗ ਦੇ ਸਾਈਟ 'ਤੇ 18 ਜੁਲਾਈ ਨੂੰ ਛਪੇ ਆਰਟੀਕਲ "ਦਿ ਗਰੀਨ ਡਲੀਮਾ: ਕੈਨ ਏ ਆਈ ਫੁਲਫਿਲ ਇਟਸ ਪੋਟੈਂਸ਼ੀਅਲ ਵਿਦਾਊਟ ਹਾਰਮਿੰਗ ਦਿ ਪਲੈਨਟ?" ਅਨੁਸਾਰ ਇਹ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਸੰਨ 2040 ਤੱਕ ਇਨਫੌਰਮੇਸ਼ਨ ਐਂਡ ਟੈਕਨਾਲੌਜੀ ਸੈਕਟਰ ਵਲੋਂ ਵਾਤਾਵਰਨ ਵਿਚ ਛੱਡੀਆਂ ਜਾਣ ਵਾਲੀਆਂ ਗਰੀਨ ਹਾਊਸ ਗੈਸਾਂ ਦੀ ਮਾਤਰਾ ਦੁਨੀਆ ਭਰ ਵਿਚ ਵਾਤਾਵਰਨ ਵਿਚ ਛੱਡੀਆਂ ਜਾਣ ਵਾਲੀਆਂ ਗਰੀਨ ਹਾਊਸ ਗੈਸਾਂ ਦੇ 14 ਫੀਸਦੀ ਹਿੱਸੇ ਦੇ ਬਰਾਬਰ ਪਹੁੰਚ ਜਾਵੇਗਾ, ਜਿਸ ਵਿਚੋਂ ਵੱਡਾ ਹਿੱਸਾ ਡੇਟਾ ਸੈਂਟਰਾਂ ਅਤੇ ਕਮਿਊਨੀਕੇਸ਼ਨ ਦੇ ਨੈਟਵਰਕਾਂ ਵਲੋਂ ਪੈਦਾ ਕੀਤਾ ਜਾਵੇਗਾ।

ਹੁਣ ਤੱਕ ਦੀ ਗੱਲਬਾਤ ਤੋਂ ਸਪਸ਼ਟ ਹੈ ਕਿ ਆਰਟੀਫਿਸ਼ਲ ਇੰਟੈਲੀਜੈਂਸ ਦੀ ਵਰਤੋਂ ਧਰਤੀ 'ਤੇ ਪਾਣੀ ਦੀ ਕਿੱਲਤ ਅਤੇ ਧਰਤੀ ਦੇ ਵਾਤਾਵਰਨ ਵਿਚ ਗਰੀਨ ਹਾਊਸ ਗੈਸਾਂ ਦੀ ਮਾਤਰਾ ਵਧਾਉਣ ਵਿਚ ਯੋਗਦਾਨ ਪਾ ਰਹੀ ਹੈ। ਆਉਣ ਵਾਲੇ ਸਾਲਾਂ ਵਿਚ ਇਸ ਦੀ ਵਰਤੋਂ ਵਿਚ ਵਾਧਾ ਹੋਣ ਦੇ ਨਤੀਜੇ ਵਜੋਂ ਇਸ ਤਕਨਾਲੌਜੀ ਵਲੋਂ ਧਰਤੀ ਦੇ ਵਾਤਾਵਰਨ ਨੂੰ ਪਹੁੰਚਣ ਵਾਲੇ ਨੁਕਸਾਨ ਵਿਚ ਵੀ ਵਾਧਾ ਹੋਵੇਗਾ। ਅੱਜ ਜਦੋਂ ਇਸ ਤਕਨਾਲੌਜੀ ਨਾਲ ਸੰਬੰਧਿਤ ਸੈਕਟਰ ਵਲੋਂ ਇਸ ਤਕਨਾਲੌਜੀ ਕਾਰਨ ਹੋਣ ਵਾਲੇ ਫਾਇਦਿਆਂ ਦਾ ਗੀਤ ਗਾਇਆ ਜਾ ਰਿਹਾ ਹੈ, ਤਾਂ ਸਾਨੂੰ ਇਸ ਕਾਰਨ ਧਰਤੀ ਦੇ ਵਾਤਾਵਰਨ ਨੂੰ ਹੋ ਰਹੇ ਨੁਕਸਾਨ ਦੇ ਤੱਥਾਂ ਵੱਲ ਵੀ ਧਿਆਨ ਦੇਣ ਦੀ ਲੋੜ ਹੈ।

# ਗਲੋਬਲ ਵਾਰਮਿੰਗ: ਇੱਕ ਭਿਆਨਕ ਸੱਚਾਈ



ਆਮ ਭਾਸ਼ਾ ਵਿਚ ਗਲੋਬਲ ਵਾਰਮਿੰਗ ਦਾ ਅਰਥ, ਮਨੁੱਖ ਵਲੋਂ ਜੰਗਲਾਂ ਨੂੰ ਬੇਤਹਾਸ਼ਾ ਕੱਟਣ ਅਤੇ ਜੈਵਿਕ ਬਾਲਣ ਦੀ ਵਧ ਮਾਤਰਾ ਵਿਚ ਵਰਤੋਂ ਦੇ ਨਤੀਜੇ ਵਜੋਂ ਵਾਯੂਮੰਡਲ ਵਿਚ ਕਾਰਬਨ ਡਾਇਔਕਸਾਈਡ, ਕਾਰਬਨ ਮਾਨੌਔਕਸਾਈਡ ਅਤੇ ਮੀਥੇਨ ਵਰਗੀਆਂ ਗਰੀਨ ਹਾਊਸ ਗੈਸਾਂ ਦੀ ਮਾਤਰਾ ਦਾ ਵਧ ਜਾਣਾ ਹੈ। ਗਲੋਬਲ ਵਾਰਮਿੰਗ ਕਾਰਨ ਜਿੱਥੇ ਸਮੁੰਦਰਾਂ ਦੇ ਪਾਣੀ ਦਾ ਤਾਪਮਾਨ ਵਧਦਾ ਹੈ ਉਥੇ ਹੀ ਬਹੁਤ ਜ਼ਿਆਦਾ ਗਰਮੀ ਤੇ ਠੰਡ ਵੀ ਵਧੀ ਹੈ ਅਤੇ ਇਹ ਅਣਕਿਆਸੀਆਂ ਮੌਸਮ ਤਬਦੀਲੀਆਂ ਜਿਵੇਂ ਬਾਰਸ਼, ਤਾਪਮਾਨ, ਜੰਗਲਾਂ ਦੀ ਅੱਗ ਅਤੇ ਹੜ੍ਹਾਂ ਦੇ ਵਧਣ ਦਾ ਸਬੱਬ ਬਣਦਾ ਹੈ। ਯੂਰਪੀਅਨ ਯੂਨੀਅਨ ਦੇ ਵਾਤਾਵਰਣ ਵਿਗਿਆਨੀਆਂ ਨੇ ਸਾਲ 2024 ਨੂੰ 1800 ਦੇ ਅੱਧ ਤੋਂ ਲੈ ਕੇ, ਜਦੋਂ ਤੋਂ ਗਲੋਬਲ ਧਰਾਤਲ ਦੇ ਤਾਪਮਾਨ ਦਾ ਰਿਕਾਰਡ ਰੱਖਣਾ ਸ਼ੁਰੂ ਹੋਇਆ ਹੈ, ਅੱਜ ਤੱਕ ਦਾ ਦੁਨੀਆ ਦਾ ਸਭ ਤੋਂ ਵਧ ਗਰਮ ਸਾਲ ਰਿਕਾਰਡ ਕੀਤਾ ਹੈ, ਕਿਉਂਕਿ ਇਹ ਨਾਜ਼ੁਕ ਹੱਦ



**ਲੇਖਕ: ਡਾਕਟਰ ਗੁਲਸ਼ਨ ਸਿੰਘ ਬਹਿਲ**
**ਅਨੁਵਾਦਕ: ਗੁਰਚਰਨ ਕੌਰ ਥਿੰਦ**

ਨੂੰ ਟੱਪ ਗਿਆ ਅਤੇ 24 ਫਰਵਰੀ, 2024 ਨੂੰ ਧਰਤੀ ਦੇ ਧਰਾਤਲ ਦਾ ਤਾਪਮਾਨ 1.5 ਡਿਗਰੀ ਸੈਂਟੀਗ੍ਰੇਡ ਤੋਂ ਵੀ ਵਧ ਗਿਆ ਹੈ।

ਮਸਲੇ ਦਾ ਆਰੰਭ: ਐਂਟਾਰਕਟਿਕਾ ਦੇ ਕੇਂਦਰ ਤੋਂ ਖੋਦੇ ਗਏ ਕੁੱਝ ਬਰਫ਼ ਦੇ ਨਮੂਨੇ ਇਤਿਹਾਸਕ ਰਿਕਾਰਡ ਪ੍ਰਗਟਾਅ ਰਹੇ ਹਨ। 1750 ਵਿਚ ਗਲੋਬਲ ਤਬਦੀਲੀਆਂ ਜਿਵੇਂ ਜ਼ਮੀਨ ਦੀ ਵਰਤੋਂ ਅਤੇ ਖੇਤੀਬਾੜੀ ਦੇ ਨਵੇਂ ਤਰੀਕੇ ਤੇ ਪਸ਼ੂ ਪਾਲਣ ਧੰਦਿਆਂ ਦੇ ਕਾਰਨਵੱਸ ਕਾਰਬਨ ਡਾਇਔਕਸਾਈਡ ਵਧਣੀ ਸ਼ੁਰੂ ਹੋ ਗਈ। 1765 ਵਿਚ ਇਹ ਪੱਧਰ 280 ਹਿੱਸੇ ਪ੍ਰਤੀ ਮਿਲੀਅਨ (ਪੀਪੀਐਮ) ‘ਤੇ ਪਹੁੰਚ ਗਿਆ ਅਤੇ ਫਿਰ 1915 ਵਿਚ ਵਧ ਕੇ 300 ਪੀਪੀਐਮ ਹੋ ਗਿਆ। 1954 ਵਿਚ ਰੇਡੀਓ ਐਕਟਿਵ ਉਤਪਾਦਾਂ ਦੀ ਹੋਂਦ ਪਤਾ ਲੱਗੀ ਜੋ ਕਿ ਨਿਊਕਲੀਅਰ ਟੈਸਟਾਂ ਦਾ ਨਤੀਜਾ ਹੈ। ਜਦੋਂ ਸਾਲ 1970 ਆਇਆ ਤਾਂ ਮੀਥੇਨ ਦੀ ਮਾਤਰਾ ਉਦਯੋਗਿਕ ਕ੍ਰਾਂਤੀ ਦੇ ਪਹਿਲਾਂ (1850-1900) ਦੀ ਵੱਧ ਤੋਂ ਵੱਧ ਮਾਤਰਾ ਨਾਲੋਂ ਦੂੱਗਣੀ ਹੋ ਗਈ। 2016 ਵਿਚ ਕਾਰਬਨ ਡਾਇਔਕਸਾਈਡ ਦੀ ਸੰਘਣਤਾ ਵਧ ਕੇ 400 ਪੀਪੀਐਮ ਹੋ ਗਈ।

ਗਲੋਬਲ ਵਾਰਮਿੰਗ ਦੇ ਨਤੀਜੇ: ਵਾਤਾਵਰਣ ਵਿਗਿਆਨੀ ਕਹਿੰਦੇ ਹਨ ਕਿ ਵਾਤਾਵਰਣ ਜੋ ਕਿ ਪਹਿਲਾਂ ਹੀ ਵਧੀਆਂ ਹੋਈਆਂ ਗਰਮੀ ਦੀਆਂ ਲਹਿਰਾਂ, ਤੂਫਾਨਾਂ ਅਤੇ ਹੜ੍ਹਾਂ ਤੋਂ ਪ੍ਰਭਾਵਿਤ ਹੈ, 1.5 ਡਿਗਰੀ ਸੈਂਟੀਗਰੇਡ ਦਾ ਵਾਧਾ (ਗਲੋਬਲ ਵਾਰਮਿੰਗ ਦਾ ਉਹ ਨਿਸ਼ਾਨਾ ਜੋ ਕਿ ਪੈਰਿਸ ਵਿਚ ਸੰਨ 2015 ਵਿਚ ਗਲੋਬਲ ਵਾਰਮਿੰਗ ਨੂੰ ਸੀਮਿਤ ਕਰਨ ਲਈ ਮਿਥਿਆ ਗਿਆ ਸੀ), ਜਲਵਾਯੂ ਨੂੰ ਇਸ ਨਾਲ ਹੀ ਬੇਮਿਸਾਲ ਵਾਤਾਵਰਨਿਕ ਸੰਕਟਾਂ ਦਾ ਸਾਹਮਣਾ ਕਰਨਾ ਪਵੇਗਾ। ਜੇਕਰ ਸਮੇਂ ਸਿਰ ਇਸ ਮੁੱਦੇ ਵੱਲ ਧਿਆਨ ਨਾ ਦਿੱਤਾ ਗਿਆ ਤਾਂ 2-3 ਡਿਗਰੀ ਸੈਂਟੀਗਰੇਡ ਵਾਧੇ ਦੀ ਸੰਭਾਵਨਾ ਦੇ ਬਹੁਤ ਤਬਾਹਕੁਨ ਨਤੀਜੇ ਹੋਣਗੇ ਅਤੇ ਕਰੋੜਾਂ ਲੋਕ ਖਾਧ-ਅਸੁਰੱਖਿਆ ਅਤੇ ਕੁਪੋਸ਼ਣ ਦਾ ਸ਼ਿਕਾਰ ਹੋ ਜਾਣਗੇ।

ਗਰਮੀ ਕਾਰਨ ਮੌਤਾਂ ਦੀ ਗਿਣਤੀ ਵਿਚ ਖੌਫ਼ਨਾਕ ਵਾਧਾ ਹੋਵੇਗਾ ਜੋ ਕਿ ਲੋਕਾਂ ਨੂੰ ਪਰਵਾਸ ਵੱਲ= ਧੱਕੇਗੀ। ਕੇਵਲ ਮਨੁੱਖੀ ਜਨਸੰਖਿਆ ਨਹੀਂ ਬਲਕਿ ਧਰਤੀ ਉੱਪਰ ਰਹਿੰਦੇ ਦੂਸਰੇ ਜੀਵ ਵੀ ਪ੍ਰਭਾਵਿਤ ਹੋਣਗੇ। ਇਸ ਸਬੰਧੀ ਅਧਿਐਨਾਂ ਨੇ ਚਿਤਾਵਨੀ ਦਿੱਤੀ ਹੈ ਕਿ ਸੰਨ 2024 ਵਾਲੀਆਂ ਗਰਮੀਆਂ ਆਮ ਹੋ ਜਾਣਗੀਆਂ। ਲੰਡਨ ਦੇ ਐਮਪੀਰੀਅਲ ਕਾਲਜ ਦੇ ਵਿਗਿਆਨੀਆਂ ਨੇ ਅੰਦਾਜ਼ਾ ਲਗਾਇਆ ਹੈ ਕਿ ਮਨੁੱਖ ਦੁਆਰਾ ਪੈਦਾ ਕੀਤੇ ਸੰਕਟਾਂ ਨੇ ਗਰਮੀ ਦੀਆਂ ਲਹਿਰਾਂ ਵਿਚ 30 ਗੁਣਾ ਵਾਧਾ ਹੋਣ ਦੀ ਸੰਭਾਵਨਾ ਕਰ ਦਿੱਤੀ ਹੈ।

ਸੀਐਨਐਨ ਦੀ ਰਿਪੋਰਟ ਅਨੁਸਾਰ, ਐਂਟਾਰਕਟਿਕਾ ਵਿਚ ‘ਥਵੇਟਸ ਗਲੇਸ਼ੀਅਰ, ਜਿਸ ਨੂੰ ‘ਡੂਮਜ਼ਡੇ ਗਲੇਸ਼ੀਅਰ’ ਕਿਹਾ ਜਾਂਦਾ ਹੈ, ਜੋ ਕਿ ਫਲੋਰਿਡਾ (ਯੂ.ਐਸ.ਏ.) ਦੇ ਅਕਾਰ ਦੇ ਬਰਾਬਰ 191,660 ਕਿਲੋਮੀਟਰ ਵਿਚ ਫੈਲਿਆ ਹੈ, ਆਸ਼ਾ ਦੇ ਉਲਟ ਤੇਜ਼ੀ ਨਾਲ ਪਿਘਲ ਰਿਹਾ ਹੈ ਅਤੇ ਇਸ ਦੀ ਵਾਪਸੀ ਵੀ ਨਹੀਂ ਹੈ। ਇਹ ਪਿਛਲੇ ਤਿੰਨ ਦਹਾਕਿਆਂ ਤੋਂ ਬਹੁਤ ਸੰਜੀਦਾ ਸੁਆਲ ਪੈਦਾ ਕਰ ਰਿਹਾ ਹੈ। ਇਸ ਗਲੇਸ਼ੀਅਰ ਵਿਚ ਐਨੀ ਜ਼ਿਆਦਾ ਬਰਫ਼ ਹੈ ਕਿ ਜੇਕਰ ਕਿਸੇ ਕਾਰਨਵੱਸ ਪੂਰੀ ਤਰ੍ਹਾਂ ਢਹਿ-ਢੇਰੀ ਹੋ ਗਿਆ ਤਾਂ ਸਮੁੰਦਰ ਦਾ ਪੱਧਰ ਅੰਦਾਜ਼ਨ ਤਿੰਨ ਮੀਟਰ ਵਧ ਜਾਵੇਗਾ, ਅਜਿਹਾ ਆਉਣ ਵਾਲੇ ਕੁਝ ਦਹਾਕਿਆਂ ਵਿਚ ਵਾਪਰ ਜਾਵੇਗਾ ਜੇਕਰ ਗਲੇਸ਼ੀਅਰ ਦੇ ਪਿਘਲਣ ਦੀ ਦਰ ਅਜੋਕੀ ਦਰ ’ਤੇ ਜਾਰੀ ਰਹੀ। ਇਹ ਪ੍ਰਕਿਰਿਆ 1940 ਵਿਚ ਸ਼ੁਰੂ ਹੋਈ ਲਗਦੀ ਹੈ, ਸੰਭਵ ਹੈ ਜੋ ਕਿ ਵੱਡੀ ਈਆਈ ਨੀਨੋ ਘਟਨਾ (ਸਾਗਰ ਦੇ ਪਾਣੀਆਂ ਦਾ ਗਰਮ ਹੋਣਾ) ਕਾਰਨ ਤੇਜ਼ ਹੋ ਗਈ। ‘ਡੂਮਜ਼ ਡੇ ਗਲੇਸ਼ੀਅਰ’ ਦਾ ਪਿਘਲਣਾ ਦੂਸਰੇ ਗਲੇਸ਼ੀਅਰਾਂ ਦੇ ਪਿਘਲਾਅ ਵਿਚ ਵਾਧੇ ਨੂੰ ਤੇਜ਼ ਕਰ ਦੇਵੇਗਾ ਜਿਸ ਦੇ ਫਲਸਰੂਪ ਖੇਤਰ ਵਿਚ ਅਸਥਿਰਤਾ ਬਣ ਜਾਵੇਗੀ। ਅਜਿਹੀਆਂ ਪ੍ਰਤੀਕੂਲ ਪ੍ਰਸਥਿਤੀਆਂ ਅਧੀਨ ਸਾਰੇ ਵੱਡੇ ਗਲੇਸ਼ੀਅਰਾਂ ਦੇ 2100 ਈਸਵੀ ਤੱਕ ਅਲੋਪ ਹੋ ਜਾਣ ਦੀ ਸੰਭਾਵਨਾ ਬਾਰੇ ਰਿਪੋਰਟ ਪੇਸ਼ ਕਰ ਦਿੱਤੀ ਗਈ ਹੈ।

ਗਲੇਸ਼ੀਅਰ ਬਰਫ਼ ਦੇ ਪਿਘਲਣ ਦੇ ਨਤੀਜੇ ਵਜੋਂ ਸਮੁੰਦਰ ਦੇ ਪੱਧਰ ਵਿਚ ਵਾਧਾ ਹੋਣ ਨਾਲ ਤੱਟੀ ਇਲਾਕਿਆਂ ਦੇ ਡੁੱਬਣ ਦਾ ਖਤਰਾ ਹੈ। ਨਾਸਾ ਅਤੇ ਨੈਸ਼ਨਲ ਸਨੋਅ ਐਂਡ ਆਈਸ ਸੈਂਟਰ ਅਨੁਸਾਰ ਜਿਉਂ ਜਿਉਂ ਧਰਤੀ ਦੀ ਗਰਮਾਇਸ਼ ਵਧ ਰਹੀ ਹੈ, ਕੈਨੇਡਾ ਦੇ ਆਰਕਟਿਕ ਖੇਤਰ ਵਿਚ ਹਰ ਸਾਲ 77800 ਵਰਗ ਕਿਲੋਮੀਟਰ ਸਮੁੰਦਰੀ ਬਰਫ਼ ਅਲੋਪ ਹੋ ਰਹੀ ਹੈ। ਪ੍ਰੰਤੂ ਇਸ ਸਾਲ ਕੈਨੇਡਾ ਦੇ ਆਰਕਟਿਕ ਖੇਤਰ ਵਿਚ ਕੀਤੇ ਗਏ ਕੁੱਝ ਤਜਰਬੇ ਆਸਵੰਦ ਕਰਦੇ ਹਨ, ਜੋ ਦਰਸਾਉਂਦੇ ਹਨ ਕਿ ਜੇਕਰ ਆਰਕਟਿਕ ਸਮੁੰਦਰ ਦੀ ਤਹਿ ਉੱਪਰ ਪਾਣੀ ਪੰਪ ਕੀਤਾ ਜਾਵੇ ਤਾਂ ਉਹ ਬਰਫ਼ ਨੂੰ ਮੋਟਾ ਕਰੇਗਾ, ਇਸ ਤਰ੍ਹਾਂ ਇਹ ਗਰਮੀਆਂ ਵਿਚ ਸਮੁੰਦਰ ਦੀ ਬਰਫ਼ ਦੀ ਤਹਿ ਨੂੰ ਸੰਭਾਲਣ ਦੀ ਸੰਭਾਵਿਤ ਵਿਧੀ ਹੈ। ਇਹ ਲੋਕਾਈ ਲਈ ਖੇਤਰ ਦੀ ਅਲੋਪ ਹੋ ਰਹੀ ਬਰਫ਼ ਨੂੰ ਬਚਾਉਣ ਦਾ ਆਖਰੀ ਮੌਕਾ ਹੋ ਸਕਦਾ ਹੈ।

ਗਲੇਸ਼ੀਅਰਾਂ ਦੇ ਅਲੋਪ ਹੋ ਜਾਣ ਨਾਲ, ‘ਪਰਮਾਫ੍ਰੌਸਟ’ (ਗਲੇਸ਼ੀਅਰਾਂ ਦੇ ਹੇਠਾਂ -35 ਡਿਗਰੀ ਸੈਂਟੀਗਰੇਡ ’ਤੇ ਜੰਮੀ ਹੋਈ ਧਰਤੀ) ਅਣਗਿਣਤ ਰੋਗਾਣੂਆਂ ਨੂੰ ਵਾਯੂਮੰਡਲ ਵਿਚ ਸ਼ਾਮਲ ਕਰ ਦੇਵੇਗੀ, ਜਿਸ ਵਿਚ ਲੱਖਾਂ ਕਰੋੜਾਂ ਸਾਲਾਂ ਤੋਂ ਧਰਤੀ ਹੇਠਾਂ ਦੱਬੇ ਅਗਿਆਤ ਵਾਇਰਸ ਵੀ ਹੋਣਗੇ। ਫਲਸਰੂਪ ਪੂਰੀ ਦੁਨੀਆਂ ਵਿਚ ਸਿਹਤ ਸਬੰਧੀ ਭਿਆਨਕ ਮੁਸ਼ਕਲਾਂ ਪੈਦਾ ਹੋਣਗੀਆਂ। ਚੀਨੀ ਵਿਗਿਆਨੀਆਂ ਅਨੁਸਾਰ, ਜਿਉਂ ਜਿਉਂ ਧਰਤੀ ਦਾ ਵਾਤਾਵਰਣ ਬਦਲਦਾ ਹੈ, ਜਿਸ ਢੰਗ ਤਰੀਕੇ ਨਾਲ ਰੋਗਾਣੂ ਪੈਦਾ ਹੁੰਦੇ ਹਨ ਅਤੇ ਪਰਿਵਰਤਿਤ ਹੁੰਦੇ ਹਨ, ਉਹ ਵੀ ਬਦਲਦੇ ਹਨ। ਜਿਉਂ-ਜਿਉਂ ਧਰਤੀ ਗਰਮ ਹੁੰਦੀ ਹੈ ਬੈਕਟੀਰੀਆ ਤੇ ਵਾਇਰਸ ਦਾ ਭੰਡਾਰ ਵੀ ਵਧਦਾ ਹੈ।

ਮੀਡੀਆ ਰਿਪੋਰਟਾਂ ਅਨੁਸਾਰ ਗਲੋਬਲ ਵਾਰਮਿੰਗ ਤੇ ਜਲਵਾਯੂ ਤਬਦੀਲੀ ਧਰਤੀ ਦੀ ਸਤ੍ਹਾ ਦੇ ਹੇਠਲੀਆਂ ਤਹਿਆਂ ਦਾ, ਇਥੋਂ ਤੱਕ ਕਿ ਪਰਮਾਪਫ੍ਰੌਸਟ ਦੇ ਹੇਠਲਾ, ਸੰਤੁਲਨ ਵੀ ਬਦਲ ਰਹੀ ਹੈ।

ਵਿਗਿਆਨੀਆਂ ਨੇ ਨੋਟ ਕੀਤਾ ਕਿ ਜਲਵਾਯੂ ਤਬਦੀਲੀ ਕਾਰਨ ਰੂਸ ਦੇ ਉੱਤਰ ਵਿਚ ਸਾਇਬੇਰੀਆ ਵਿਖੇ ਜ਼ਮੀਨ ਵਿਚ ਵਿਸਫੋਟ ਕਾਰਨ ਵੱਡੀਆਂ ਖੱਡਾਂ ਬਣ ਗਈਆਂ ਹਨ। ਤਾਪਮਾਨ ਦੇ ਵਾਧੇ ਕਾਰਨ ਪਰਮਾਫ੍ਰੌਸਟ ਅਤੇ ਹੇਠਲੇ ਪਾਣੀ ਨੇ ਵਹਿਣਾ ਸ਼ੁਰੂ ਕਰ ਦਿੱਤਾ ਹੈ ਜਿਸ ਕਾਰਨ ਪਰਮਾਫ੍ਰੌਸਟ ਵਿਚ ਤਰੇੜਾਂ ਉੱਭਰ ਆਈਆਂ ਹਨ। ਖਾਸ ਤੌਰ ‘ਤੇ ਸਾਈਬੇਰੀਆ ਹੇਠਲੇ ਪਰਮਾਫ੍ਰੌਸਟ ਵਿਚ ਬਹੁਤ ਮਾਤਰਾ ਵਿਚ ਮੀਥੇਨ ਛੁਪੀ ਹੋਈ ਹੈ ਜੋ ਕਿ ਤਰੇੜਾਂ ਰਾਹੀਂ ਬਾਹਰ ਨਿਕਲਣ ਲਈ ਦਬਾਓ ਪਾਉਂਦੀ ਹੈ, ਨਤੀਜੇ ਵਜੋਂ ਅਚਾਨਕ ਵਿਸਫੋਟ ਹੁੰਦਾ ਹੈ ਅਤੇ ਖੱਡਾਂ ਬਣਦੀਆਂ ਹਨ।

ਜਰਮਨ ਵਿਗਿਆਨੀਆਂ ਦੁਆਰਾ ਛਾਪੇ ਗਏ ਅਧਿਐਨ ਦਾ ਅੰਦਾਜ਼ਾ ਹੈ ਕਿ ਜਲਵਾਯੂ ਤਬਦੀਲੀ ਅਗਲੇ 25-30 ਸਾਲਾਂ ਵਿਚ ਦੁਨੀਆਂ ਦੇ ਲਗਪਗ ਸਾਰੇ ਦੇਸ਼ਾਂ ਵਿਚ ਭਾਰੀ ਆਰਥਿਕ ਨੁਕਸਾਨ ਦਾ ਕਾਰਨ ਬਣੇਗੀ। ਉਹ ਦੇਸ਼ ਜਿਹੜੇ ਕਿ ਇਸ ਸਭ ਕਾਸੇ ਲਈ ਸਭ ਤੋਂ ਘੱਟ ਜ਼ਿੰਮੇਵਾਰ ਹਨ ਅਤੇ ਜਿਨ੍ਹਾਂ ਕੋਲ ਇਸ ਪ੍ਰਭਾਵ ਅਨੁਸਾਰ ਢਾਲਣ ਲਈ ਬਹੁਤ ਘੱਟ ਸੋਮੇ ਹਨ, ਉਹ ਸਭ ਤੋਂ ਵੱਧ ਪੀੜਤ ਹੋਣਗੇ। ਇਤਫਾਕਨ, ਯੂਨਾਈਟਡ ਨੇਸ਼ਨਜ਼ ਦੀ ਜਲਵਾਯੂ ਤਬਦੀਲੀ ਕਾਨਫਰੰਸ (ਪੈਰਿਸ 2015) ਵਿਖੇ, 196 ਤੋਂ ਵੱਧ ਮੁਲਕਾਂ ਵਲੋਂ ਧਰਤੀ ਦਾ ਤਾਪਮਾਨ ਵਾਧਾ 1.5 ਡਿਗਰੀ ਸੈਂਟੀਗਰੇਡ ਤੱਕ ਸੀਮਤ ਰੱਖਣ ਦੀ ਲਈ ਗਈ ਕਸਮ ਵੀ ਦੁਬਿਧਾ ਵਿਚ ਹੈ। ਯੂਨਾਈਟਡ ਨੇਸ਼ਨਜ਼ ਦੁਆਰਾ ਆਯੋਜਤ ‘ਜਲਵਾਯੂ ਤਬਦੀਲੀ ਕਾਨਫਰੰਸਾਂ’ ਦੁਆਰਾ ਇਸ ਨੂੰ ਨਿਯੰਤਰਤ ਕਰਨ ਦੇ ਯਤਨਾਂ ਦੇ ਬਾਵਜੂਦ ਅਜਿਹਾ ਸੰਭਵ ਨਹੀਂ ਲਗਦਾ।

ਭਾਰਤ ਵਿਚ ਗਰਮੀਆਂ ਦੇ ਮੌਸਮ ਵਿਚ ਗਰਮੀ ਅਤੇ ਨਮੀ ਅਸਾਧਾਰਨ ਨਹੀਂ ਹੈ, ਪਰ ਜਲਵਾਯੂ ਸੰਕਟ ਗਰਮੀ ਦੀਆਂ ਲਹਿਰਾਂ ਨੂੰ ਲੰਮਾ, ਬਾਰ-ਬਾਰ ਅਤੇ ਤੇਜ਼ ਕਰ ਰਿਹਾ ਹੈ। 2024 ਦੀਆਂ ਗਰਮੀਆਂ ਵਿਚ ਵਾਯੂਮੰਡਲ ਦਾ ਤਾਪਮਾਨ 48 ਡਿਗਰੀ ਸੈਂਟੀਗ੍ਰੇਡ ਅਤੇ ਕਈ ਥਾਵਾਂ ‘ਤੇ ਇਸ ਤੋਂ ਵੀ ਵੱਧ ਰਿਹਾ। ਇਸ ਸਾਲ ਦੀ ਅਨਿਯਮਤ ਮੌਨਸੂਨ ਕਈ ਰਾਜਾਂ ਵਿਚ ਤਬਾਹਕੁਨ ਹੜ੍ਹ ਲਿਆਈ ਅਤੇ ਪਹਾੜੀਆਂ ਉਪਰੋਂ ਜ਼ਮੀਨ ਖਿਸਕੀ, ਜਦੋਂ ਕਿ ਦੂਸਰੇ ਰਾਜਾਂ ਵਿਚ ਬਾਰਸ਼ ਦੀ ਘਾਟ ਰਹੀ। ਮੌਨਸੂਨ ਪੌਣਾਂ ਦੇ ਦੂਸਰੇ ਮੱਧ ਵਿਚ ‘ਲਾ ਨੀਨਾ ਈਫੈਕਟ’ (ਸਮੁੰਦਰੀ ਪਾਣੀ ਦਾ ਠੰਡਾ ਹੋਣਾ) ‘ਤੇ ਕੀਤੀ ਗਈ ਭਵਿੱਖਬਾਣੀ ਵੀ ਲਗਦਾ ਹੈ ਕਿ ਜਲਵਾਯੂ ਤਬਦੀਲੀ ਕਾਰਨ ਗੜਬੜਾ ਗਈ ਹੈ। 2050 ਤੱਕ ਭਾਰਤ ਦੇ ਕੁੱਝ ਹਿੱਸੇ ਗਰਮੀਆਂ ਵਿਚ ਐਨੇ ਗਰਮ ਹੋ ਜਾਣਗੇ ਕਿ ਉੱਥੇ ਰਹਿਣਾ ਅਸੰਭਵ ਹੋ ਜਾਵੇਗਾ। ਗਰਮੀ ਦਾ ਤਣਾਓ ਸਿਹਤ ਦੀਆਂ ਮੁਸ਼ਕਲਾਂ ਦਾ ਕਾਰਨ ਬਣ ਸਕਦਾ ਹੈ, ਸਮੇਤ ਪ੍ਰਜਣਨ ਦਾ ਘਟਣਾ, ਸਿਰਦਰਦ, ਜੀਅ ਕੱਚਾ ਹੋਣਾ, ਅਤੇ ਸਟ੍ਰੋਕ ਆਦਿ ਅਲਾਮਤਾਂ ਦੇ।

1945 ਵਿਚ ਸਥਾਪਤ ਕੀਤਾ ਗਿਆ ਨਿਊਕਲੀ ਵਿਗਿਆਨੀਆਂ ਦਾ ਬੁਲਿਟਨ (ਡੂਮਜ਼ਡੇ ਕਲਾਕ) ਨੂੰ ਚਿੰਤਾ ਹੈ ਕਿ ਪੂਰੀ ਦੁਨੀਆਂ ਅੰਦਰ ਚਲ ਰਹੇ ਝਗੜੇ, (ਉਦਾਹਰਣ ਦੇ ਤੌਰ ‘ਤੇ ਚੱਲ ਰਹੇ ਜੰਗ) ਨਿਊਕਲੀਅਰ ਖਤਰੇ ਦਰਸਾਉਂਦੇ ਹਨ। ਜਲਵਾਯੂ ਤਬਦੀਲੀ ਦੇ ਨਾਲ ਨਾਲ, ਜੋ ਕਿ ਪਹਿਲਾਂ ਹੀ ਮੌਤਾਂ ਤੇ ਤਬਾਹੀ ਦਾ ਕਾਰਨ ਬਣ ਰਹੀ ਹੈ, ਜੈਵਿਕ ਖੋਜ ਦੀ ਟੈਕਨੌਲੌਜੀ ਵਿਚ ਵਿਘਨ ਪਾ ਕੇ ਨਵੇਂ ਮਾਰੂ ਵਾਇਰਸਾਂ ਦਾ, ਇਨ੍ਹਾਂ ਤੋਂ ਬਚਾਓ ਦੇ ਢੰਗ ਤਰੀਕੇ ਖੋਜੇ ਜਾਣ ਨਾਲੋਂ ਵੱਧ ਤੇਜ਼ੀ ਨਾਲ ਪੈਦਾ ਹੋ ਜਾਣਾ, ਸੰਕਟ ਨੂੰ ਹੋਰ ਜ਼ਿਆਦਾ ਗੁੰਝਲਦਾਰ ਬਣਾਉਂਦਾ ਹੈ ਅਤੇ ਵਾਤਾਵਰਣ ਦੀ ਅਨਿਸ਼ਚਤਾ ਦੇ ਖੌਫ਼ ਨੂੰ ਵਧਾ ਰਿਹਾ ਹੈ।

ਸੰਭਾਵਿਤ ਖਾਤਮਾ: ਵਾਤਾਵਰਣ ਤਬਦੀਲੀਆਂ ਅਤੇ ਇਸ ਦਾ ਪ੍ਰਗਟਾਅ ਦੁਨੀਆ ਨੂੰ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸੁਚੇਤ, ਜੁਆਬਦੇਹ ਅਤੇ ਅੰਤਰ-ਰਾਸ਼ਟਰੀ ਮਿਲਵਰਤਣ ਦੇਣ ਲਈ, ਜਾਗਰੂਕ ਹੋਣ ਦਾ ਸੱਦਾ ਹੈ।

ਭਾਵੇਂ ਜਲਵਾਯੂ ਦੀ ਤਬਦੀਲੀ ਕਾਰਨ ਹੋਏ ਨੁਕਸਾਨ ਦੀ ਭਰਪਾਈ ਮੁਸ਼ਕਲ ਹੈ ਪ੍ਰੰਤੂ ਵਿਗਿਆਨੀਆਂ ਦੀ ਰਾਏ ਹੈ ਕਿ ਹੇਠ ਲਿਖੇ ਕੁੱਝ ਕਦਮ ਅਤਿ-ਪ੍ਰਭਾਵਾਂ ਨੂੰ ਬਦਲ ਸਕਦੇ ਹਨ।

1. ਕਾਰਬਨ ਦੇ ਨਿਕਾਸ ਨੂੰ 40% ਤੋਂ ਘਟਾਉਣਾ ਲਾਜ਼ਮੀ ਹੈ ਅਤੇ ਦੁਨੀਆ ਨੂੰ 2050 ਤੱਕ ਕਾਰਬਨ ਮੁਕਤ ਹੋਣ ਦੀ ਲੋੜ ਹੈ। ਵਿਗਿਆਨੀਆਂ ਵਲੋਂ ਗੈਸਾਂ ਦੇ ਨਿਕਾਸ ਦੇ ਦੁਰ-ਪ੍ਰਭਾਵਾਂ ਨੂੰ ਘਟਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਜਾ ਰਿਹਾ ਹੈ। ਇਸ ਸਬੰਧ ਵਿਚ ‘ਦਾ ਪ੍ਰਿੰਟ’ ਵਿਚ ਹੁਣੇ ਹੁਣੇ ਛਪੀ ਰਿਪੋਰਟ ਵਿਚ ਇੱਕ ਕੈਨੇਡੀਅਨ ਵਿਗਿਆਨੀ ਦੇ ਸਾਇੰਸ ਜਰਨਲ ਵਿਚ ਛਪੇ ਅਧਿਐਨ ਨੂੰ ਉਜਾਗਰ ਕੀਤਾ ਗਿਆ ਹੈ। ਜਿਸ ਨੇ ਕਾਰਬਨ ਨੂੰ ਮੁਰਦਾ ਲੱਕੜ ਵਿਚ ਜਮ੍ਹਾਂ ਕਰਨ ਦਾ ਇੱਕ ਵਿਲੱਖਣ ਤਰੀਕਾ ਤਜਵੀਜ਼ ਕੀਤਾ ਹੈ। ਉਹ ਮੁਰਦਾ ਲੱਕੜ ਨੂੰ ਚੰਗੀ ਤਰ੍ਹਾਂ ਚੀਕਨੀ ਮਿੱਟੀ ਨਾਲ ਢੱਕ ਕੇ ਅਤੇ ਇਸ ਨੂੰ ਜ਼ਮੀਨ ਹੇਠਾਂ ਦੱਬ ਕੇ ਕਾਰਬਨ ਦੇ ਨਿਕਾਸ ਨੂੰ ਘੱਟ ਕਰਨਾ ਹੈ। ਮੈਰੀਲੈਂਡ ਯੂਨੀਵਰਸਿਟੀ ਦੇ ਖੋਜੀਆਂ ਨੇ ਇਸ ਅਧਾਰ ’ਤੇ ਦਰਸਾਇਆ ਹੈ ਕਿ ਜੈਵਿਕ ਪਦਾਰਥਾਂ ਦਾ ਗਲਣਾ ਸੜਨਾ ਤੇ ਦੱਬਿਆ ਜਾਣਾ ਵਾਤਾਵਰਣ ਵਿਚ ਬਹੁਤ ਜ਼ਿਆਦਾ ਮਾਤਰਾ ਵਿਚ ਕਾਰਬਨ ਡਾਇਆਕਸਾਈਡ ਭੇਜਦਾ ਹੈ, ਜਿਸਨੂੰ ਕਾਰਬਨ ਕੈਪਚਰ ਤਰੀਕੇ ਨਾਲ ਰੋਕਿਆ ਜਾਂ ਤਬਦੀਲ ਕੀਤਾ ਜਾ ਸਕਦਾ ਹੈ। ਜਿਵੇਂ ਕਿ ਰੁੱਖਾਂ ਦੇ ਡਿੱਗਣ ਵਾਲੀ ਲੱਕੜ ਨੂੰ ਦਬਾ ਦੇਣਾ, ਤੂਫ਼ਾਨ ਅਤੇ ਤੇਜ਼ ਹਵਾ ਕਾਰਨ ਹੋਏ ਰੁੱਖਾਂ ਦੇ ਨੁਕਸਾਨ ਅਤੇ ਸ਼ਹਿਰੀਕਰਨ ਲਈ ਜੰਗਲ ਕੱਟਣ ਤੋਂ ਪ੍ਰਾਪਤ ਲੱਕੜ ਨੂੰ ਇਸ ਨਵੇਂ ਕਾਰਬਨ-ਜਜ਼ਬ ਕਰਨ ਵਾਲੀ ਵਿਧੀ ਲਈ ਵਰਤਿਆ ਜਾ ਸਕਦਾ ਹੈ। ਲੰਮੇ ਸਮੇਂ ਲਈ ਧਰਤੀ ਹੇਠਾਂ ਦੱਬੀ ਲੱਕੜੀ ਦੇ ਵਿਸ਼ਲੇਸ਼ਣ ਤੋਂ ਵਿਗਿਆਨੀਆਂ ਨੇ ਵੇਖਿਆ ਕਿ ਲੱਕੜੀ ਉਪਰ ਜੰਮੀ ਮਿੱਟੀ ਦੀ ਤਹਿ ਇਸ ਨੂੰ ਆਕਸੀਜਨ ਪ੍ਰਾਪਤ ਕਰਨ ਤੋਂ ਰੋਕਦੀ ਹੈ ਜੋ ਕਿ ਇਸ ਦੇ ਗਲਣ-ਸੜਨ ਲਈ ਜ਼ਰੂਰੀ ਹੈ। ਫਿਰ ਵੀ ਇਹ ਅਧਿਐਨ ਅਜੇ ਮੁੱਢਲੀ ਸਟੇਜ ’ਤੇ ਹੈ ਅਤੇ ਇਸ ਸਬੰਧੀ ਹੋਰ ਖੋਜ ਦੀ ਲੋੜ ਹੈ।

2. ਜੰਗਲ ਉਗਾਉਣ ਦੀ ਮੁਹਿੰਮ ਤੇਜ਼ ਕਰਨਾ।

3. ਖਾਧ-ਪਦਾਰਥਾਂ ਦੀ ਪੈਦਾਵਾਰ ਦੇ ਪੱਧਰ ਨੂੰ ਕਾਇਮ ਰੱਖਣ ਲਈ ਵਾਤਾਵਰਣ-ਸਹਿਯੋਗ ਫ਼ਸਲਾਂ ਦਾ ਪ੍ਰਜਣਨ ਅਤੇ ਪ੍ਰੋਮੋਟ ਕਰਨਾ, ਵਾਤਾਵਰਣ ਅਨੁਸਾਰ ਖੇਤੀਬਾੜੀ ਦੇ ਵਧੀਆ ਢੰਗ ਤਰੀਕੇ ਅਪਨਾਉਣਾ, ਖੇਤੀ ਦੀ ਇੰਸ਼ੋਰੈਂਸ ਦਾ ਪ੍ਰਬੰਧਨ ਕਰਨਾ।

4. ਲੋਕ ਜਾਗਰੂਕਤਾ ਮੁਹਿੰਮ ਅਤੇ ਰਾਜਨੀਤਕ ਫੈਸਲੇ।

5. ਹਰ ਪ੍ਰਕਾਰ ਦੀਆਂ ਗੈਸਾਂ ਦੇ ਨਿਕਾਸ ਕਾਰਨ ਪ੍ਰਦੂਸ਼ਣ ਦੇ ਵਧਦੇ ਪੱਧਰ ‘ਤੇ ਨਕੇਲ ਕੱਸਣਾ।

# ਚੇਤੇ ਵਿਚ ਵਸਿਆ ਦੁੱਧ ਦਾ ਗਲਾਸ

ਉਦੋਂ ਸਾਡੇ ਘਰ ਖੇਤੀਬਾੜੀ ਦਾ ਕੰਮ ਜ਼ੋਰਾਂ ‘ਤੇ ਸੀ। ਤਿੰਨ-ਚਾਰ ਸੀਰੀ ਸਨ ਪੱਕੇ ਅਤੇ ਹਰ ਰੋਜ਼ ਕਈ ਕਈ ਦਿਹਾੜੀਏ ਹੁੰਦੇ। ਦੁੱਧ ਦੀ ਕੋਈ ਘਾਟ ਨਹੀਂ ਸੀ। ਦੋ ਸੱਜਰ ਸੂਈਆਂ ਥੱਲ-ਥੱਲ ਕਰਦੀਆਂ ਮੱਝਾਂ। ਮੇਰੀ ਦਾਦੀ ਨਾਲੇ ਦੁੱਧ ਰਿੜਕਦੀ ਤੇ ਨਾਲੇ ਬਾਂਹਾਂ ਨੂੰ ਸਾਰਾ ਸਾਰਾ ਦਿਨ ਪਲੋਸਦੀ ਰਹਿੰਦੀ ਤੇ ਕਹਿੰਦੀ,”ਸੁੱਖ ਨਾਲ ਦੁੱਧ ਹਿਲਾਇਆ ਨੀ ਜਾਂਦਾ। ਮੇਰੀਆਂ ਤਾਂ



**ਸੁਰਿੰਦਰ ਗੀਤ**
**ਫੋਨ: 403-605-3734**

ਬਾਂਹਾਂ ਰਹਿ ਜਾਂਦੀਆਂ!”

ਸਬੱਬ ਨਾਲ ਮੈਂ ਉਨ੍ਹਾਂ ਦਿਨਾਂ ’ਚ ਕੈਨੇਡਾ ਤੋਂ ਪੰਜਾਬ ਗਈ ਹੋਈ ਸਾਂ।

ਬੂਟਾ ਕਈ ਸਾਲਾਂ ਤੋਂ ਸਾਡਾ ਪੱਕਾ ਸੀਰੀ ਸੀ। ਉਹ ਬਾਕੀ ਸੀਰੀਆਂ ਨਾਲੋਂ ਆਪਣੇ ਆਪ ਨੂੰ ਵੱਖਰਾ ਜਿਹਾ ਸਮਝਦਾ ਸੀ। ਕਾਮਾ ਵੀ ਲੋਹੜੇ ਦਾ ਸੀ।

ਇਕ ਦਿਨ ਆਥਣੇ ਜਿਹੇ ਸਾਡੇ ਘਰੇ ਰੋਟੀ ਖਾਣ ਆਇਆ। ਉਹ ਬਾਕੀ ਸੀਰੀਆਂ ਤੋਂ ਕੁਝ ਲੇਟ ਹੀ ਆਉਂਦਾ। ਇਕ ਦਿਨ ਮੈਂ ਦਾਦੀ ਨੂੰ ਕਹਿੰਦੇ ਵੀ ਸੁਣਿਆ ਸੀ,”ਬੂਟਿਆ! ਭੋਰਾ ਛੇਤੀ ਆ ਜਾਇਆ ਕਰ। ਕੰਮ ਨਿਬੜਦਾ ਹੋਵੇ!”

ਬੂਟੇ ਨੇ ਹੱਸਦਿਆਂ ਹੱਸਦਿਆਂ ਕਿਹਾ, “ਕੀ ਕਰਾਂ ਅੰਮਾਂ ਆਹ ਤੇਰਾ ਪੋਤਾ ਕਹਿੰਦਾ ਓਦੋਂ ਈ ਜਾਣਾ ਆ ਜਦੋਂ ਟੀ.ਵੀ. ’ਤੇ ਗਾਣੇ ਆਏ ਹੋਣ। ਬਥੇਰੀ ਵਾਰੀ ਕਿਹਾ ਬਈ ਉਨ੍ਹਾਂ ਨੇ ਵੀ ਭਾਂਡਾ ਟੀਂਡਾ ਸਾਂਭਣਾ ਹੁੰਦਾ ਆ। ਪਰ ਇਹ ਟੱਸ ਤੋਂ ਮੱਸ ਨੀ ਹੁੰਦਾ!”



ਬੂਟਾ ਤੇ ਉਸਦਾ ਮੁੰਡਾ ਟੀ.ਵੀ. ਦੇ ਨੇੜੇ ਜਿਹੇ ਹੋ ਕੇ ਫ਼ਰਸ਼ ‘ਤੇ ਪੈਰਾਂ ਭਾਰ ਬੈਠ ਗਏ। ਮੈਂ ਲੱਕੜ ਦੀਆਂ ਛੋਟੀਆਂ-ਛੋਟੀਆਂ ਬੈਠਣ ਲਈ ਬਣਾਈਆਂ ਪਟੜੀਆਂ ਉਨ੍ਹਾਂ ਕੋਲ ਨੂੰ ਕਰ ਦਿੱਤੀਆਂ ਤਾਂ ਜੋ ਉਹ ਆਰਾਮ ਨਾਲ ਬੈਠ ਕੇ ਖਾ ਪੀ ਲੈਣ।

ਮੇਰੀ ਭਾਬੀ ਦੇਵ ਨੇ ਬੂਟੇ ਦੇ ਹੱਥਾਂ ‘ਤੇ ਚਾਰ-ਪੰਜ ਰੋਟੀਆਂ ਰੱਖ ਕੇ ਆਪਣੇ ਹੱਥ ’ਚ ਫੜੇ ਭਾਂਡੇ ’ਚ ਪਾਈ ਦਾਲ ਉਸ ਦੇ ਚੌੜੇ ਜਿਹੇ ਬਾਟੇ ਵਿਚ ਪਲਟਾ ਦਿੱਤੀ। ਬੂਟੇ ਨੇ ਆਪਣੇ ਪੈਰ ਇਕ ਦਮ ਪਰੇ ਕਰ ਲਏ। ਲੱਗਦਾ ਸੀ ਉਸਦੇ ਪੈਰਾਂ ‘ਤੇ ਤੱਤੀ ਦਾਲ ਦੇ ਛਿੱਟੇ ਪੈ ਗਏ ਸਨ। ਭਾਬੀ ਵਾਪਿਸ ਚੌਂਕੇ ਚੁੱਲ੍ਹੇ ’ਚ ਗਈ ਤੇ ਦੁੱਧ ਦਾ ਗਲਾਸ ਭਰ ਲਿਆਈ ਤੇ ਉਹ ਦੁੱਧ ਬੂਟੇ ਦੇ ਗਲਾਸ ਵਿਚ ਪਲਟਾ ਦਿੱਤਾ।

ਬੂਟੇ ਦੇ ਨਾਲ ਬੈਠੇ ਉਸਦੇ ਮੁੰਡੇ ਨੇ ਦੋਹਾਂ ਹੱਥਾਂ ਨਾਲ ਗਲਾਸ ਚੁੱਕਿਆ ਤੇ ਇੱਕੋ ਸਾਹ ਹੀ ਡੀਕ ਲਾ ਕੇ ਪੀ ਗਿਆ।

ਮੈਂ ਟੀ.ਵੀ. ਦੇ ਲਾਗੇ ਜਿਹੇ ਕੁਰਸੀ ‘ਤੇ ਬੈਠੀ ਸਭ ਕੁਝ ਦੇਖ ਰਹੀ ਸਾਂ। ਮੈਂ ਉੱਠੀ ਤੇ ਚੌਂਕੇ ਚੂਲ੍ਹੇ ’ਚ ਜਾ ਭਾਬੀ ਦੇਵ ਨੂੰ ਕਿਹਾ, “ਦੇਵ...ਮੁੰਡੇ ਨੇ ਸਾਰਾ ਦੁੱਧ ਪੀ ਲਿਆ ਆ, ਬੂਟੇ ਨੂੰ ਹੋਰ ਦੁੱਧ ਪਾ ਦੇ।”

“ਭੈਣ ਜੀ! ਇਹ ਜਵਾਕ ਵਿਚਾਰਾ ਰੋਜ਼ ਦੁੱਧ ਪੀਣ ਈ ਆਉਂਦਾ ਆ। ਜਾਣ ਲੱਗਿਆਂ ਅਸੀਂ ਬੂਟੇ ਨੂੰ ਹੋਰ ਦੁੱਧ ਦੇ ਦਿੰਦੇ ਆਂ। ਇਹ ਉਹ ਦੁੱਧ ਘਰੇ ਲੈ ਜਾਂਦੈ ਸਵੇਰ ਦੀ ਚਾਹ ਵਾਸਤੇ।

ਮੈਂ ਲਗਾਤਾਰ ਉਸ ਮੁੰਡੇ ਬਾਰੇ ਸੋਚ ਰਹੀ ਸੀ। ਜਿਸ ਤਰ੍ਹਾਂ ਉਸ ਨੇ ਦੁੱਧ ਦਾ ਗਲਾਸ ਚੁੱਕਿਆ ਤੇ ਹਾਬੜਿਆਂ ਵਾਂਗ ਪੀਤਾ। ਉਹ ਅੱਜ ਵੀ ਮੇਰੇ ਚੇਤਿਆਂ ਵਿਚ ਸਮਾਇਆ ਹੋਇਆ ਹੈ।

ਵਾਹ ਰੇ ਗ਼ਰੀਬੀ!

# ਠਾਠ ਜ਼ਮੀਰ ਦਾ ਨਾ ਕਿ ਜਾਇਦਾਦ ਦਾ


## ਸ਼ਬਦ ਜੋਤ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**


ਠਾਠ ਮਾਇਆ ਦਾ ਨਹੀਂ ਸਗੋਂ ਮਨ ਦੀ ਅਮੀਰੀ ਦਾ ਹੁੰਦਾ, ਕਿਉਂਕਿ ਬਹੁਤੀ ਵਾਰ ਭਰੀਆਂ ਜੇਬਾਂ ਵਾਲੇ ਮਨ ਦੇ ਕੰਗਾਲ ਅਤੇ ਖ਼ਾਲੀ ਜੇਬਾਂ ਵਾਲੇ ਮਨ ਦੇ ਸਭ ਤੋਂ ਵੱਡੇ ਅਮੀਰ ਹੁੰਦੇ। ਠਾਠ ਜ਼ਮੀਨ-ਜਾਇਦਾਦ ਦਾ ਨਹੀਂ ਹੁੰਦਾ ਸਗੋਂ ਜਿਊਂਦੀਆਂ ਜ਼ਮੀਰਾਂ ਦਾ ਹੁੰਦਾ, ਕਿਉਂਕਿ ਜ਼ਮੀਨਾਂ ਵਾਂਗ ਜਿਊਂਦੀਆਂ ਜ਼ਮੀਰਾਂ ਕਦੇ ਨਹੀਂ ਵਿਕਦੀਆਂ। ਸਗੋਂ ਵਿਕਾਊ ਹੀ ਨਹੀਂ ਹੁੰਦੀਆਂ।

ਠਾਠ ਵਿਸ਼ਵਾਸਘਾਤੀ ਹੋਣ ਵਿਚ ਨਹੀਂ ਸਗੋਂ ਵਿਸ਼ਵਾਸ-ਪਾਤਰ ਬਣਨ ਵਿਚ ਹੁੰਦਾ। ਟੋਟੇ ਟੋਟੇ ਹੋਇਆ ਵਿਸ਼ਵਾਸ ਕਦੇ ਵੀ ਵਿਸ਼ਵਾਸ-ਪਾਤਰ ਹੋਣ ਦਾ ਰੁਤਬਾ ਨਹੀਂ ਹਾਸਲ ਕਰ ਸਕਦਾ। ਵਿਸ਼ਵਾਸ ਪਾਤਰ ਅਜਿਹਾ ਬਣੋ ਕਿ ਮਿੱਤਰ ਪਿਆਰਾ ਤੁਹਾਡੇ ਮੋਢੇ ਤੇ ਸਿਰ ਰੱਖ ਕੇ ਆਪਣੇ ਦਿਲ ਦੇ ਵਰਕੇ ਫਰੋਲ ਸਕੇ।

ਠਾਠ ਸੁੱਖ-ਸਾਧਨਾਂ ਦੀ ਬਹੁਲਤਾ ਵਿਚ ਨਹੀਂ ਸਗੋਂ ਇਹ ਤਾਂ ਤੁਹਾਡੇ ਮਨ ਦਾ ਰੱਜ, ਰੂਹ ਦਾ ਸਕੂਨ ਅਤੇ ਚੇਤਨਾ ਵਿਚਲਾ ਸੁਖਨ ਹੁੰਦਾ। ਸੁੱਖ ਸਾਧਨਾਂ ਦੀ ਬਹੁਲਤਾ ਕਾਰਨ ਸਰੀਰਕ ਅਲਾਮਤਾਂ ਤੁਹਾਡੇ ਜੀਵਨ ਦਾ ਹਿੱਸਾ ਬਣਦੀਆਂ ਜਦ ਕਿ ਸੁਖਨ ਅਤੇ ਸਕੂਨ ਵਾਲੇ ਸੀਮਤ ਸਾਧਨਾਂ ਵਿਚੋਂ ਵੀ ਜੀਵਨ-ਸੰਤੁਸ਼ਟੀ ਅਤੇ ਸਹਿਜ-ਪ੍ਰਾਪਤੀ ਦਾ ਹਰਫ਼ ਹੋ ਜਾਂਦੇ।

ਠਾਠ ਰੁਤਬਿਆਂ ਜਾਂ ਅਫ਼ਸਰੀ ਦਾ ਨਹੀਂ ਹੁੰਦਾ ਸਗੋਂ ਠਾਠ ਤਾਂ ਅਹੁਦੇ ਜਾਂ ਰੁਤਬੇ ਦੀ ਮਾਣ-ਮਰਿਆਦਾ ਦਾ ਹੁੰਦਾ। ਰੂਹ ਦੀ ਵਡੱਤਣ ਹੁੰਦਾ ਜਿਹੜਾ ਤੁਹਾਡੇ ਰੁਤਬਿਆਂ ਦੇ ਖੁੱਸਣ ਤੋਂ ਬਾਅਦ ਵੀ ਸਦਾ ਚਿਰੰਜੀਵ। ਤੁਹਾਨੂੰ ਸਦਾ ਲਈ ਤੋਰਨ ਆਏ ਲੋਕ ਤੁਹਾਡੇ ਬਲਦੇ ਸਿਵੇ ਕੋਲ ਤੁਹਾਡੇ ਰੁਤਬਿਆਂ ਦੀ ਨਹੀਂ ਸਗੋਂ ਤੁਹਾਡੀ ਰੂਹ ਦੀ ਮਹਾਨਤਾ ਅਤੇ ਵਿਲੱਖਣ ਵਿਅਕਤੀਤਵ ਦੀਆਂ ਗੱਲਾਂ ਕਰਨਗੇ।

ਠਾਠ ਤੁਹਾਡੇ ਘਰ ਵਿਚ ਨੌਕਰਾਂ ਵੱਲੋਂ ਪਕਾਏ ਛੱਤੀ ਪਦਾਰਥਾਂ ਦੇ ਪਰੋਸਣ ਵਿਚ ਨਹੀਂ, ਸਗੋਂ ਤੁਹਾਡੀ ਮਾਂ ਜਾਂ ਪਤਨੀ ਨੇ ਤੁਹਾਡੇ ਲਈ ਕੀ ਬਣਾਇਆ ਵਿਚ ਹੁੰਦਾ। ਇਸ ਵਿਚ ਉਨ੍ਹਾਂ ਨੇ ਰੀਝਾਂ ਅਤੇ ਅਸੀਸਾਂ ਨੂੰ ਕਿਵੇਂ ਗੁੰਨਿਆ ਅਤੇ ਕਿਹੜੇ ਚਾਵਾਂ ਨਾਲ ਪਰੋਸਿਆ, ਇਸ 'ਤੇ ਨਿਰਭਰ। ਤਾਂ ਹੀ ਬਾਬੇ ਨਾਨਕ ਨੇ ਮਲਕ ਭਾਗੋ ਦੇ ਛੱਤੀ ਪਦਾਰਥਾਂ ਦੀ ਬਜਾਏ ਭਾਈ ਲਾਲੋ ਦੀ ਹੱਕ ਦੀ ਰੋਟੀ ਨੂੰ ਵਡਿਆਈ ਬਖ਼ਸ਼ੀ ਸੀ।

ਠਾਠ ਨੌਕਰਾਂ ਦੀ ਲਾਮ-ਡੋਰੀ ਵਿਚੋਂ ਆਪਣੀ ਤਰਜ਼ੀਹਾਂ ਅਤੇ ਪਸੰਦੀਦਾ ਖਾਣੇ ਨੂੰ ਤਿਆਰ ਕਰਵਾਉਣ ਵਿਚ ਨਹੀਂ ਸਗੋਂ ਠਾਠ ਤਾਂ ਮਾਂ ਦੀ ਪਕਾਈਆਂ ਰੋਟੀਆਂ ਅਤੇ ਉਸ ਦੀ ਬਣਾਈ ਦਾਲ ਜਾਂ ਸਾਗ ਦੀ ਲਜ਼ੀਜ਼ਤਾ ਵਿਚ ਹੁੰਦਾ। ਮਾਂ ਨੂੰ ਤੁਹਾਡੀ ਪਸੰਦ ਜਾਂ ਨਾ-ਪਸੰਦ ਦਾ ਪਤਾ ਹੁੰਦਾ ਜਦ ਕਿ ਨੌਕਰਾਂ ਨੂੰ ਦੱਸਣਾ ਪੈਂਦਾ।

ਠਾਠ ਦਿਲੀ ਪਿਆਰ ਕਰਨ ਅਤੇ ਇਸ ਵਿਚ ਪਿਘਲ ਕੇ ਸਮਰੂਪ ਹੋਣ ਵਿਚ ਹੁੰਦਾ ਨਾ ਕਿ ਮੱਲੋਜ਼ੋਰੀ ਕਿਸੇ ਨੂੰ ਆਪਣਾ ਬਣਾਉਣ ਵਿਚ ਹੁੰਦਾ । ਯਾਦ ਰੱਖਣਾ ਪਿਆਰ ਰੂਹਾਂ ਦਾ ਹੁੰਦਾ ਅਤੇ ਰੂਹਾਂ 'ਤੇ ਕਬਜ਼ੇ ਦੀ ਭਾਵਨਾ ਵਾਲੇ ਕਦੇ ਵੀ ਰੂਹੀ ਸਾਥ ਨਹੀਂ ਮਾਣ ਸਕਦੇ।

ਠਾਠ ਇਹ ਨਹੀਂ ਕਿ ਕਿਸੇ ਦੇ ਪੈਰਾਂ 'ਤੇ ਡਿਗ ਕੇ ਅਫ਼ਸਰੀ ਪ੍ਰਾਪਤ ਕਰ ਲਈ ਜਾਵੇ ਸਗੋਂ ਠਾਠ ਤਾਂ ਇਹ ਹੁੰਦਾ ਕਿ ਆਪਣੇ ਬਲਬੂਤੇ ਤੇ ਭਾਵੇਂ ਚਪੜਾਸੀ ਹੀ ਲੱਗੇ ਹੋਈਏ।

ਠਾਠ ਤੁਹਾਡੇ ਬਰਾਂਡਿਡ ਕੱਪੜਿਆਂ ਵਿਚ ਨਹੀਂ ਸਗੋਂ ਤੁਹਾਡੀ ਸਾਦਗੀ ਦੇ ਸੁਹੱਪਣ ਵਿਚ ਹੁੰਦਾ। ਤੁਹਾਡਾ ਸਲੀਕਾ, ਅੰਦਾਜ਼ ਅਤੇ ਮਾਨਸਿਕ ਅਵਸਥਾ ਬਹੁਤ ਕੁਝ ਬਿਆਨ ਕਰਦੀ ਜੋ ਦੱਸਣਾ ਨਹੀਂ ਪੈਂਦਾ।

ਠਾਠ ਕਦੇ ਵੀ ਸਭ ਕੁਝ ਹੜੱਪਣ ਦੀ ਬਿਰਤੀ ਨਹੀਂ ਹੁੰਦਾ ਸਗੋਂ ਠਾਠ ਤਾਂ ਕਿਰਤ-ਕਮਾਈ ਕਰਦਿਆਂ ਰੱਬ ਦੀ ਸ਼ੁਕਰਗੁਜ਼ਾਰੀ ਵਿਚ ਰਹਿੰਦਿਆਂ, ਜੀਵਨ ਦਾ ਸੁੱਖਦ ਅਨੰਦ ਮਾਣਨ ਵਿਚ ਹੁੰਦਾ। ਤਾਂ ਹੀ ਬਾਬੇ ਨਾਨਕ ਦਾ ਫੁਰਮਾਨ ਹੈ ਕਿ ਕਿਰਤ ਕਰੋ ਅਤੇ ਵੰਡ ਕੇ ਛਕੋ। ਧਿੰਗੋਜ਼ੋਰੀ ਕੀਤੇ ਹੋਏ ਕਬਜ਼ੇ ਅਤੇ ਹੜੱਪੀ ਹੋਈ ਜਾਇਦਾਦ ਤੁਹਾਡੀ ਔਲਾਦ ਦੇ ਹੱਡਾਂ ਵਿਚ ਬਹਿ ਜਾਣਗੀਆਂ।

ਠਾਠ ਧਨ-ਦੌਲਤ ਦਾ ਜ਼ਖ਼ੀਰਾ ਬਣਾਉਣ ਵਿਚ ਨਹੀਂ ਸਗੋਂ ਆਪਣੀ ਬੰਦ-ਮੁੱਠੀ ਨੂੰ ਖੋਲ੍ਹਣ ਵਿਚ ਹੈ। ਲੋੜਵੰਦਾਂ ਨੂੰ ਦਾਨ ਕਰਨ ਅਤੇ ਉਨ੍ਹਾਂ ਦੀਆਂ ਜ਼ਰੂਰਤਾਂ ਦੀ ਪੂਰਤੀ ਲਈ ਕੁਝ ਕੁ ਸਾਰਥਿਕ ਕਰਨ ਵਿਚ ਹੈ। ਤੁਹਾਡਾ ਨੇਕ ਕਾਰਜ ਤੁਹਾਡੇ ਆਖ਼ਰੀ ਉਮਰੇ ਸਹਾਈ ਹੋਵੇਗਾ।

ਠਾਠ ਸੋਚ ਵਿਚਲੀ ਸੰਕੀਰਨਤਾ ਨਹੀਂ ਸਗੋਂ ਸੋਚ-ਸੰਵੇਦਨਾ ਹੁੰਦੀ ਕਿ ਤੁਸੀਂ ਕਿੰਨੇ ਸੰਵੇਦਨਸ਼ੀਲ ਹੋ। ਤੁਹਾਡੀ ਚੇਤਨਾ ਨੂੰ ਕਿਹੜਾ ਵਰਤਾਰਾ ਵਲੂੰਧਰਦਾ ਹੈ? ਤੁਸੀਂ ਕਿਹੜੇ ਵਰਤਾਰਿਆਂ ਤੋਂ ਮੁਕਤੀ ਅਤੇ ਕਿਹੜੀਆਂ ਆਦਤਾਂ ਨੂੰ ਅਪਣਾਉਣ ਲਈ ਤਤਪਰ ਹੋ। ਸੰਕੀਰਨਤਾ ਸਾਹਾਂ ਨੂੰ ਸਿਉਂਕ ਜਦ ਕਿ ਸੁਚੇਤ ਨਾ ਸਾਹਾਂ ਲਈ ਸੰਜੀਵਨੀ।

ਠਾਠ ਦਿਨੇ ਹੀ ਸੁਪਨੇ ਲੈਣ ਅਤੇ ਸੁਪਨੇ ਪ੍ਰਾਪਤੀਆਂ ਦਾ ਮੁਥਾਜ ਨਹੀਂ ਸਗੋਂ ਠਾਠ ਤਾਂ ਸੁਪਨਿਆਂ ਦੇ ਸੱਚ ਲਈ ਸਿਰੜ, ਸਾਧਨਾ ਅਤੇ ਸਮਰਪਿੱਤਾ ਭਰੀ ਫ਼ਕੀਰੀ ਧਾਰਨ ਵਿਚ ਹੁੰਦਾ। ਇਸ ਨਾਲ ਸੁਪਨਿਆਂ ਦਾ ਸੱਚ ਹੱਥਾਂ ਦੀਆਂ ਤਲੀਆਂ ਦਾ ਸ਼ਿੰਗਾਰ ਬਣ ਜਾਂਦਾ। ਹਵਾਈ ਕਿਲ੍ਹੇ ਉਸਾਰਨ ਵਾਲੇ ਕਦੇ ਵੀ ਮਹਿਲ-ਮੁਨਾਰਿਆਂ ਦੀ ਤਾਮੀਰਦਾਰੀ ਨਹੀਂ ਕਰਦੇ ਸਗੋਂ ਮਿਹਨਤਕਸ਼ ਲੋਕ ਝੁੱਗੀਆਂ ਵਿਚ ਵੀ ਘਰਾਂ ਦੇ ਸਿਰਜਣਹਾਰੇ ਹੁੰਦੇ।

ਠਾਠ ਸਿਰਫ਼ ਗਿਆਨ ਪ੍ਰਾਪਤੀ ਨਹੀਂ ਹੁੰਦਾ। ਠਾਠ ਤਾਂ ਗਿਆਨ ਦੀ ਸੁਚੱਜੀ ਵਰਤੋਂ ਨਾਲ ਜੀਵਨ ਦੇ ਸਰੋਕਾਰਾਂ ਨੂੰ ਸੰਬੋਧਤ ਹੋਣਾ, ਜ਼ਿੰਦਗੀ ਵਿਚ ਰੰਗ ਭਰਨੇ ਅਤੇ ਇਨ੍ਹਾਂ ਰੰਗਾਂ ਨਾਲ ਸੁੰਦਰ ਅਤੇ ਸਕਾਰਾਤਮਿਕ ਸਮਾਜ ਦੀ ਸਿਰਜਣਾ ਹੁੰਦਾ। ਗਿਆਨ ਨੂੰ ਵੰਡਣ ਵਿਚ ਹੁੰਦਾ ਅਤੇ ਅੱਖਰ ਹੀਣ ਮਸਤਕ ਤੇ ਪੂਰਨੇ ਪਾਉਣ ਅਤੇ ਜੀਵਨ ਦੇ ਅਰਥ ਸਮਝਾਉਣ ਵਿਚ ਹੁੰਦਾ।

ਠਾਠ ਸਿਰਫ਼ ਮੜ੍ਹੀਆਂ ਤੇ ਚਿਰਾਗ਼ ਬਾਲਣ ਜਾਂ ਕਬਰਾਂ 'ਤੇ ਮੋਮਬਤੀਆਂ ਜਗਾਉਣਾ ਨਹੀਂ ਸਗੋਂ ਠਾਠ ਤਾਂ ਘਰ ਦੇ ਆਲ਼ਿਆਂ ਵਿਚ ਘਿਉ ਦਾ ਦੀਵਾ ਧਰਨਾ ਹੁੰਦਾ। ਵਿਹੜੇ ਨੂੰ ਚਾਨਣ ਨਾਲ ਭਰਨਾ ਹੁੰਦਾ। ਘਰ ਦੇ ਖੂੰਜਿਆਂ ਵਿਚ ਲੋਅ ਵਣਜਣਾ ਹੁੰਦਾ। ਇਸ ਲੋਅ ਰਾਹੀਂ ਆਪਣੇ ਅੰਤਰੀਵ ਨੂੰ ਰੁਸ਼ਨਾ ਕੇ ਬੋਲਾਂ ਵਿਚਲਾ ਚਾਨਣ ਦਾ ਨਗ਼ਮਾ ਹੋਠਾਂ 'ਤੇ ਧਰਨਾ ਹੁੰਦਾ। ਕਦੇ ਮੱਸਿਆ ਦੀ ਰਾਤ ਵਿਚ ਜੁਗਨੂੰਆਂ ਦੀ ਖੇਤੀ ਕਰਨਾ, ਤੁਹਾਨੂੰ ਧਰਤ 'ਤੇ ਉੱਗੇ ਟਿਮਟਿਮਾਉਂਦੇ ਤਾਰਿਆਂ ਵਿਚੋਂ ਧਰਤ ਦਾ ਸੁਹਜਮਈ ਰੂਪ ਨਜ਼ਰ ਆਵੇਗਾ।

ਠਾਠ ਸ਼ਾਮ ਦੀਆਂ ਘੁੱਸਮੁੱਸੀ ਸੋਚਾਂ ਦੀ ਉਡੀਕ ਨਹੀਂ ਸਗੋਂ ਠਾਠ ਤਾਂ ਸਰਘੀ ਦੀ ਫੁੱਟਦੀ ਲੋਅ ਨੂੰ ਆਪਣੇ ਜ਼ਿਹਨ ਅਤੇ ਸੋਚ ਵਿਚ ਉਤਾਰਨਾ ਹੁੰਦਾ। ਇਹੀ ਸਰਘੀ ਹੀ ਹੁੰਦੀ ਜੋ ਪੰਛੀਆਂ ਨੂੰ ਪਰਵਾਜ਼, ਉਡਾਣ ਨੂੰ ਅੰਬਰ, ਮੁਸਾਫ਼ਰਾਂ ਨੂੰ ਰਾਹਾਂ ਸਿਰਜਣ ਅਤੇ ਪਗਡੰਡੀਆਂ ਨੂੰ ਪੈੜਾਂ ਬਣਨ ਦਾ ਹੁਨਰ ਸਿਖਾਉਂਦੀ। ਸਰਘੀ ਦੇ ਚਾਨਣ ਵਿਚ ਕਦੇ ਤਰੇਲ ਤੁਪਕਿਆਂ ਦੀ ਠੰਢਕ ਮਾਣਨਾ, ਖਿੜਦੇ ਫੁੱਲਾਂ ਦੇ ਰੰਗ ਨੂੰ ਨਿਹਾਰਨਾ, ਫੁੱਟਦੀਆਂ ਕਰੂੰਬਲਾਂ ਦੀ ਕੋਮਲਤਾ ਨੂੰ ਵਾਚਣਾ ਅਤੇ ਪੰਛੀਆਂ ਦੇ ਸੰਗੀਤ ਨੂੰ ਸੁਣਨਾ ਇਉਂ ਲੱਗੇਗਾ ਜਿਵੇਂ ਕੁਦਰਤ ਤੁਹਾਡੀ ਮਨ-ਜੂਹ ਵਿਚ ਤੁਹਾਡੀ ਸਲਾਮਤੀ ਦਾ ਰਾਗ ਗਾਉਂਦੀ ਹੈ।

ਠਾਠ ਕਦੇ ਵੀ ਘਰ ਦੇ ਬੰਦ ਦਰਵਾਜ਼ੇ, ਉੱਚੀਆਂ ਵਲਗਣਾਂ ਅਤੇ ਕਿੱਲੇਬੰਦੀ ਦਾ ਨਾਮ ਨਹੀਂ ਸਗੋਂ ਠਾਠ ਤਾਂ ਖੁੱਲ੍ਹੇ ਦਰਾਂ ਥੀਂ ਆਉਂਦੇ ਪਰਾਹੁਣਿਆਂ ਦੀ ਆਓ-ਭਗਤ ਹੁੰਦਾ। ਕਿਸੇ ਦੇ ਬਿਨਾਂ ਦਸਤਕ ਤੋਂ ਘਰ ਵਿਚ ਪੈਰ ਰੱਖਣ ਦੀ ਖ਼ੁਸ਼ੀ ਹੁੰਦੀ। ਘਰ ਦੇ ਹਰ ਕਮਰੇ ਵਿਚ ਆਏ ਮਹਿਮਾਨ ਲਈ ਆਮਦ ਹੁੰਦਾ, ਨੈਣ ਵਿਛਾਉਣ ਦੀ ਤਾਂਘ ਅਤੇ ਆਪਾ ਅਰਪਣ ਦੀ ਤਮੰਨਾ ਹੁੰਦਾ। ਯਾਦ ਰਹੇ ਕਿ ਵੱਸਦੇ ਘਰਾਂ ਵਿਚ ਤੌਣ ਹਮੇਸ਼ਾ ਪੱਕਦੀ ਰਹਿੰਦੀ। ਹਮੇਸ਼ਾ ਬਨੇਰੇ ਤੇ ਕਾਂ ਬੋਲਦਾ ਅਤੇ ਪਰਾਤ ਵਿਚ ਆਟਾ ਭੁੜਕਦਾ ਹੈ। ਮੱਥੇ ਉੱਗਿਆ ਸ਼ਿਕਨ ਅਤੇ ਤਾਮੀਰਦਾਰੀ ਦੌਰਾਨ ਪਈਆਂ ਤਿਊੜੀਆਂ ਘਰ ਨੂੰ ਨਮੋਸ਼ੀ ਵਿਚ ਡੋਬ ਦਿੰਦੀਆਂ। ਘਰ, ਘਰ ਨਾ ਹੋ ਕੇ ਸਿਰਫ਼ ਮਕਾਨ ਬਣ ਜਾਂਦਾ।

ਠਾਠ ਘਰ ਵਿਚ ਲਾਈਆਂ ਪਾਬੰਦੀਆਂ ਕਾਰਨ ਪਸਰੀ ਮਾਤਮੀ ਚੁੱਪ ਨਹੀਂ ਹੁੰਦਾ। ਸਗੋਂ ਠਾਠ ਤਾਂ ਬੱਚਿਆਂ ਦੀਆਂ ਕਿਲਕਾਰੀਆਂ, ਸ਼ਰਾਰਤਾਂ ਕਰਨੀਆਂ, ਆਪਸ ਵਿਚ ਉੱਚੀ ਉੱਚੀ ਲੜਨਾ, ਝਗੜਨਾ, ਰੁੱਸਣਾ ਅਤੇ ਮੰਨਣਾ ਹੁੰਦਾ। ਜੀਆਂ ਨੂੰ ਹੋਕਰਾ ਮਾਰ ਕੇ ਰੋਟੀ ਖਾਣ ਜਾਂ ਚਾਹ ਪੀਣ ਲਈ ਬੁਲਾਉਣਾ ਹੁੰਦਾ। ਘਰ ਧੜਕਦਾ ਹੈ ਤਾਂ ਵੱਸਦਾ ਹੈ।

ਠਾਠ ਆਪਣੇ ਬਜ਼ੁਰਗਾਂ ਦੀ ਨੌਕਰਾਂ-ਚਾਕਰਾਂ ਰਾਹੀ ਕੀਤੀ ਤਾਮੀਰਦਾਰੀ ਵੀ ਨਹੀਂ ਸਗੋਂ ਠਾਠ ਤਾਂ ਆਪਣੇ ਬਜ਼ੁਰਗਾਂ ਨੂੰ ਮਿਲਦੇ ਰਹਿਣ, ਹਾਲ-ਚਾਲ ਪੁੱਛਦੇ ਰਹਿਣ, ਨਾਲ ਬਹਿ ਕੇ ਰੋਟੀ ਖਾਣ ਹੁੰਦਾ। ਕਦੇ ਬਜ਼ੁਰਗਾਂ ਨਾਲ ਚਾਹ ਦਾ ਕੱਪ ਪੀਂਦਿਆਂ ਉਨ੍ਹਾਂ ਦੇ ਜੀਵਨ ਦੇ ਵਰਕੇ ਫਰੋਲਨਾ ਹੁੰਦਾ। ਬਜ਼ੁਰਗਾਂ ਦੀਆਂ ਅਸੀਸਾਂ ਵਿਚ ਪੱਲਰਨ ਵਾਲੀ ਔਲਾਦ ਅਤੇ ਅੱਗੋਂ ਉਨ੍ਹਾਂ ਦੀ ਔਲਾਦ ਕਈ ਪੀਹੜੀਆਂ ਤੱਕ ਆਪਣੀ ਵਿਰਾਸਤ ਨਾਲ ਜੁੜੀ ਰਹਿੰਦੀ। ਬਜ਼ੁਰਗਾਂ ਸੰਗ ਮਾਣੇ ਹੋਏ ਪਲਾਂ ਦੀਆਂ ਕੁਝ ਯਾਦਾਂ ਜਾਂ ਪਲ ਉਮਰ ਭਰ ਦੀ ਬਾਦਸ਼ਾਹੀ ਅਰਪਿਤ ਕਰ ਜਾਂਦੀਆਂ। ਮੇਰੇ ਬਾਪ ਦਾ ਆਖ਼ਰੀ ਸਾਹ ਲੈਣ ਵੇਲੇ ਅੱਖਾਂ ਭਰ ਕੇ ਮੇਰੇ ਵੱਲ ਦੇਖਣਾ ਅਤੇ ਫਿਰ ਹੌਲੀ ਹੌਲੀ ਸਦਾ ਲਈ ਅੱਖਾਂ ਮੀਟ ਜਾਣਾ, ਮੈਨੂੰ ਅਕਸਰ ਹੀ ਭਾਵੁਕ ਕਰਦਾ, ਮੈਨੂੰ ਖ਼ੁਦ ਨਾਲ ਜੋੜਦਾ ਅਤੇ ਰੂਹ ਦੀ ਅਮੀਰੀ ਬਖ਼ਸ਼ ਜਾਂਦਾ।

ਠਾਠ ਬਜ਼ੁਰਗ ਮਾਪਿਆਂ ਨੂੰ ਘਰੋਂ ਬਣਵਾਸ ਦੇਣਾ ਨਹੀਂ ਹੁੰਦਾ ਸਗੋਂ ਠਾਠ ਤਾਂ ਆਪਣੇ ਮਾਪਿਆਂ ਸੰਗ ਰਹਿਣ। ਉਨ੍ਹਾਂ ਦਾ ਅਦਬ ਅਤੇ ਆਨ-ਸ਼ਾਨ ਦੀ ਬਰਕਰਾਰੀ ਹੁੰਦਾ ਤਾਂ ਕਿ ਉਹ ਬਜ਼ੁਰਗ-ਘਰਾਂ ਵਿਚ ਰੁਲਨ ਦੀ ਬਜਾਏ ਆਪਣੇ ਘਰ ਦੀ ਸਲਤਨਤ 'ਤੇ ਰਾਜ ਕਰੇਂਦਿਆਂ ਹੀ ਆਖ਼ਰੀ ਸਾਹ ਲੈ, ਆਪਣੇ ਬੱਚਿਆਂ ਦੇ ਮੋਢਿਆਂ ਤੇ ਆਖ਼ਰੀ ਸਫ਼ਰ ਨੂੰ ਜਾਂਦੇ, ਬੜੇ ਸਕੂਨ ਨਾਲ ਜ਼ਿੰਦਗੀ ਨੂੰ ਆਖ਼ਰੀ ਅਲਵਿਦਾ ਕਹਿਣ। ਤੁਹਾਨੂੰ ਮਾਨਸਿਕ ਤ੍ਰਿਪਤੀ ਦਾ ਅਹਿਸਾਸ ਹੋਵੇ ਕਿ ਅਸੀਂ ਵੀ ਆਪਣੇ ਬਜ਼ੁਰਗਾਂ ਨਾਲ ਅਜਿਹਾ ਆਦਰਮਈ ਵਿਵਹਾਰ ਕੀਤਾ ਹੈ ਜਿਹੜੇ ਵਿਵਹਾਰ ਦੀ ਤਵੱਕੋ ਅਸੀਂ ਆਪਣੀ ਔਲਾਦ ਕੋਲੋਂ ਕਰਦੇ ਹਾਂ।

ਠਾਠ ਮਾਂ ਦਾ ਲਾਡ-ਪਿਆਰ ਨਹੀਂ ਸਗੋਂ ਠਾਠ ਤਾਂ ਮਾਂ ਦੀਆਂ ਦਿੱਤੀਆਂ ਹੋਈਆਂ ਝਿੜਕਾਂ ਵਿਚ ਹੁੰਦਾ ਜਿਨ੍ਹਾਂ ਕਰਕੇ ਤੁਹਾਡੀ ਮੌਜੂਦਾ ਸੋਵੀਅਤ 'ਤੇ ਤੁਹਾਨੂੰ ਨਾਜ਼ ਹੈ। ਉਨ੍ਹਾਂ ਸੁਪਨਿਆਂ ਕਾਰਨ ਹੁੰਦਾ ਜਿਹੜੇ ਮਾਂ ਨੇ ਤੁਹਾਡੇ ਦੀਦਿਆਂ ਵਿਚ ਧਰੇ। ਸੁਪਨਿਆਂ ਦੀ ਪੂਰਤੀ ਹਿਤ ਮਾਂ ਨੇ ਕਈ ਕਸ਼ਟ ਜਰੇ, ਦੁੱਖਾਂ ਦੇ ਦਰਿਆ ਤਰੇ ਤਾਂ ਕਿ ਬੱਚਿਆਂ ਦਾ ਸੁਪਨਾ ਨਾ ਮਰੇ ਸਗੋਂ ਇਹ ਸਿਰੇ ਚੜ੍ਹੇ।

ਠਾਠ ਕਦੇ ਵੀ ਮਕਾਨਾਂ ਦੀ ਗਿਣਤੀ ਨਹੀਂ ਹੁੰਦਾ ਸਗੋਂ ਠਾਠ ਤਾਂ ਇਕ ਹੀ ਘਰ ਹੁੰਦਾ। ਘਰ ਜਿਹੜਾ ਤੁਹਾਡੀ ਦਿਨ ਭਰ ਦੀ ਥਕਾਵਟ ਉਤਾਰਦਾ, ਜੋ ਸਵੇਰੇ ਘਰੋਂ ਨਿਕਲਣ ਵੇਲੇ ਤੁਹਾਡੀ ਕਾਮਯਾਬੀ ਲਈ ਦੁਆ ਕਰਦਾ ਅਤੇ ਤੁਹਾਡੇ ਸੁੱਖੀਂ-ਸਾਂਦੀ ਵਾਪਸ ਪਰਤਣ ਲਈ ਰਾਹਾਂ ਵੱਲ ਝਾਕਦਾ ਰਹਿੰਦਾ। ਘਰ ਜੋ ਤੁਹਾਡੇ ਕਰਕੇ ਹੀ ਘਰ ਹੈ। ਘਰ ਜਿਸ ਵਿਚ ਤੁਹਾਡੇ ਪਿਆਰੇ ਵੱਸਦੇ ਨੇ। ਤੁਹਾਡੀਆਂ ਸੋਚਾਂ ਅਤੇ ਸੱਧਰਾਂ ਵਿਚੋਂ ਉੱਗੀਆਂ ਰੀਝਾਂ ਦੀ ਪੂਰਤੀ ਨੇ ਘਰ ਨੂੰ ਸੰਪੂਰਨਤਾ ਦਾ ਰੁਤਬਾ ਦਿੱਤਾ ਹੈ। ਘਰ ਜੋ ਸਿਰਫ਼ ਘਰ ਹੁੰਦਾ, ਦਲਾਨ, ਵਿਹੜਾ, ਰਸੋਈ ਜਾਂ ਅੱਡ ਅੱਡ ਕਮਰੇ ਨਹੀਂ ਹੁੰਦਾ। ਘਰ ਜੋ ਤੁਹਾਡੇ ਅੰਦਰ ਵੀ ਅਤੇ ਬਾਹਰ ਵੀ ਵਸਿਆ ਹੁੰਦਾ ਅਤੇ ਤੁਹਾਡੀ ਸੋਚ-ਚਿੰਤਨ ਵਿਚ ਹਮੇਸ਼ਾ ਹਾਜ਼ਰ-ਨਾਜ਼ਰ।

ਠਾਠ ਵੱਡੀ ਕਾਰ ਵਿਚ ਜਾਂਦਿਆਂ ਕਾਲਾ ਸ਼ੀਸ਼ਾ ਹੇਠਾਂ ਕਰੇ ਕਿਸੇ ਭੀਖ ਮੰਗਦੇ ਭੁੱਖੇ-ਭਾਣੇ ਨੰਗ-ਧੜੰਗੇ ਬੱਚੇ ਨੂੰ ਮਾਰੀਆਂ ਝਿੜਕਾਂ ਨਹੀਂ ਸਗੋਂ ਠਾਠ ਤਾਂ ਇਹ ਹੁੰਦਾ ਕਿ ਉਸ ਬੱਚੇ ਨੂੰ ਦੇਖ ਕੇ ਤੁਹਾਡਾ ਮਨ ਕਿੰਨਾ ਕੁ ਪਸੀਜਿਆ? ਤੁਸੀਂ ਕੁਦਰਤ ਦਾ ਕਿੰਨਾ ਕੁ ਸ਼ੁਕਰਗੁਜ਼ਾਰ ਹੋਏ ਅਤੇ ਉਸ ਸ਼ੁਕਰਗੁਜ਼ਾਰੀ ਵਿਚੋਂ ਤੁਸੀਂ ਉਸ ਬੱਚੇ ਦੀ ਤਲੀ 'ਤੇ ਕੀ ਟਿਕਾਇਆ? ਉਸ ਦੀਆਂ ਉਹਦੀਆਂ ਦੀ ਪੂਰਤੀ ਕਰਨਾ, ਇਕ ਬਸਤਾ ਲੈ ਕੇ ਦੇਣਾ, ਉਸ ਦੇ ਮਨ ਵਿਚ ਅੱਖਰ ਕਾਰੀ ਕਰਨ ਦੀ ਲੋਚਾ ਪੈਦਾ ਕਰਨ ਲਈ ਸੁੰਦਰ ਸਬੱਬ ਬਣਨਾ। ਇਹੀ ਬੱਚਾ ਜਦ ਤੁਹਾਡੀ ਦਰਿਆ-ਦਿਲੀ ਸਦਕਾ ਜੀਵਨ ਦੇ ਉੱਚੇ ਮੁਕਾਮ 'ਤੇ ਪਹੁੰਚਿਆ ਤਾਂ ਤੁਹਾਡਾ ਉੱਚਾ ਠਾਠ ਹਰ ਇਕ ਨੂੰ ਨਜ਼ਰ ਆਵੇਗਾ ਅਤੇ ਤੁਹਾਨੂੰ ਵੀ ਖ਼ੁਦ 'ਤੇ ਫ਼ਖਰ ਹੋਵੇਗਾ।

ਠਾਠ ਇਹ ਨਹੀਂ ਹੁੰਦਾ ਕਿ ਵੱਡੇ ਵੱਡੇ ਲੋਕਾਂ ਨਾਲ ਤੁਹਾਡਾ ਕਿੰਨਾ ਮੇਲ ਮਿਲਾਪ ਹੈ ਸਗੋਂ ਠਾਠ ਤਾਂ ਇਹ ਹੁੰਦਾ ਕਿ ਤੁਹਾਡੇ ਨੇੜਲੇ ਮਿੱਤਰ ਕਿੰਨੇ ਕੁ ਹਨ ਜਿਨ੍ਹਾਂ ਨਾਲ ਬਹਿ ਕੇ ਦੁੱਖ ਫਰੋਲਿਆ ਜਾ ਸਕਦਾ? ਕਿੰਨੀਆਂ ਕੁ ਗੂੜ੍ਹੀਆਂ ਰਿਸ਼ਤੇਦਾਰੀਆਂ ਜਿਨ੍ਹਾਂ ਨਾਲ ਮਨ ਦੇ ਭੇਤ ਸਾਂਝੇ ਕੀਤੇ ਜਾ ਸਕਦੇ? ਕਿੰਨੇ ਕੁ ਆਪਣੇ ਹਨ ਜਿਨ੍ਹਾਂ ਤੇ ਰੱਬ ਵਰਗਾ ਵਿਸ਼ਵਾਸ ਕੀਤਾ ਜਾ ਸਕਦਾ? ਕਿੰਨੇ ਕੁ ਸਾਕ-ਸੰਬੰਧੀ ਹਨ ਜਿਹੜੇ ਨਿੱਜੀ ਮੁਫ਼ਾਦ ਜਾਂ ਲੋਭ-ਲਾਲਚ ਤੋਂ ਬਗੈਰ ਤੁਹਾਡੇ ਸ਼ੁੱਭ ਚਿੰਤਕ ਹਨ? ਕਿੰਨੇ ਕੁ ਤੁਹਾਡੇ ਵਿਸ਼ਵਾਸਪਾਤਰ ਹਨ ਜੋ ਤੁਹਾਡੇ ਫੱਟਾਂ ਤੇ ਲੂਣ ਭੁੱਕਣ ਦੀ ਬਜਾਏ ਮਰਮ ਲਾਉਂਦੇ।

ਠਾਠ ਈਰਖਾ ਕਰਨ ਵਿਚ ਨਹੀਂ ਸਗੋਂ ਠਾਠ ਤਾਂ ਹੱਲਾਸ਼ੇਰੀ ਦੇਣ ਵਿਚ ਹੁੰਦਾ ਜੋ ਕਿਸੇ ਥੱਕੇ ਹਾਰੇ ਲਈ ਹੰਭਲਾ, ਕਿਸੇ ਟੁੱਟੇ ਹੋਏ ਲਈ ਹਿੰਮਤ ਅਤੇ ਕਿਸੇ ਵਿੱਛੜੇ ਹੋਏ ਲਈ ਮਿਲਾਪ ਦਾ ਸਬੱਬ ਸਿਰਜੇ।

ਠਾਠ ਝੂਠੀ ਸ਼ੁਹਰਤ, ਫੋਕੇ ਮਾਣ-ਸਨਮਾਨ ਜਾਂ ਅਡੰਬਰ ਵਿਚ ਨਹੀਂ ਹੁੰਦਾ। ਅਸਲੀ ਠਾਠ ਤਾਂ ਨਿਮਰਤਾ, ਦਇਆ ਭਾਵਨਾ, ਬੰਦਿਆਈ ਅਤੇ ਭਲਿਆਈ ਵਿਚ ਹੁੰਦਾ। ਸੁਚੇਤ ਨਾ ਅਤੇ ਸ਼ੁੱਭਭਾਵਨਾ ਦਾ ਸੰਦੇਸ਼ ਅਤੇ ਅਦਬ-ਹਲੀਮੀ ਦਾ ਹਰਫ਼ਨਾਮਾ। ਬੰਦੇ ਨੂੰ ਬੰਦਾ ਸਮਝਣ ਅਤੇ ਹਰੇਕ ਦੀ ਪੀੜਾ ਨੂੰ ਆਪਣੀ ਪੀੜਾ ਸਮਝ ਕੇ ਉਸ ਵਿਚ ਪਿਘਲਣ ਦਾ ਨਾਮ ਹੁੰਦਾ।

ਠਾਠ ਬਾਹਰਲੇ ਸਫ਼ਰ ਵਿਚ ਨਹੀਂ ਕਿ ਤੁਸੀਂ ਕਿੰਨੇ ਦੇਸ਼-ਦਿਸ਼ਾਂਤਰ ਗਾਹੇ? ਕਿਹੜੇ ਪਹਾੜ, ਸਮੁੰਦਰ, ਮਾਰੂਥਲ ਜਾਂ ਦੇਖਣਯੋਗ ਥਾਵਾਂ ਦੀ ਸੈਰ ਕੀਤੀ? ਸਗੋਂ ਠਾਠ ਤਾਂ ਤੁਹਾਡੇ ਅੰਤਰੀਵੀ ਸਫ਼ਰ ਦਾ ਅਗਾਜ਼, ਖ਼ੁਦ ਨੂੰ ਜਾਣਨ ਤੇ ਸਮਝਣ ਦਾ ਰਾਜ਼ ਅਤੇ ਇਸ ਵਿਚੋਂ ਕਸ਼ੀਦ ਹੋਇਆ ਜੀਵਨ-ਰਿਆਜ਼ ਹੁੰਦਾ। ਬਾਹਰੀ ਸਫ਼ਰ ਦੀ ਬਜਾਏ ਅੰਦਰ ਦੀ ਯਾਤਰਾ ਤੇ ਕਦੇ ਕਦਾਈਂ ਨਿਕਲਿਆ ਕਰੋ।

ਦਰਅਸਲ ਠਾਠ ਤਾਂ ਖ਼ੁਦ ਨੂੰ ਪਿਆਰ ਕਰਨਾ ਹੁੰਦਾ ਕਿਉਂਕਿ ਜੇਕਰ ਤੁਸੀਂ ਆਪਣੇ ਆਪ ਨੂੰ ਹੀ ਪਿਆਰ ਨਹੀਂ ਕਰੋਗੇ ਤਾਂ ਕੌਣ ਕਰੇਗਾ ਤੁਹਾਨੂੰ ਮੁਹੱਬਤ।

---

# ਬੱਚਾ ਪੈਦਾ ਹੋਣ ਤੋਂ ਬਾਅਦ ਦੀਆਂ ਸਾਵਧਾਨੀਆਂ




**ਗੁਰਦੀਪ ਸਿੰਘ ਸੰਧੂ**
**ਫੋਨ: 408-687-1899**


ਬੱਚਾ ਪੈਦਾ ਹੋਣ ਤੋਂ ਬਾਅਦ ਪੀਲੀਏ ਨਾਲ ਨਜਿੱਠਣ ਮਗਰੋਂ ਹੋਰ ਨਿਗਰਾਨੀਆਂ ਸਾਵਧਾਨੀਆਂ ਜਾਂ ਬਿਮਾਰੀਆਂ ਦੇ ਤੌਰ 'ਤੇ ਜਾਣੇ ਜਾਂਦੇ ਹਾਲਾਤਾਂ ਬਾਰੇ ਜਾਣਾਂਗੇ। ਮੁਢਲੇ ਤੌਰ 'ਤੇ ਪੰਜੇ ਹੀ ਗਿਆਨ ਇੰਦਰੀਆਂ ਦੀ ਨਾਰਮਲ ਹਾਲਤ ਤੇ ਕਾਰਕਰਦਗੀ ਦੀ ਜਾਂਚ ਹੋ ਜਾਣੀ ਚਾਹੀਦੀ ਹੈ।

ਬੱਚਿਆਂ ਵਿਚ ਸੁਣਨ ਸ਼ਕਤੀ ਦੀ ਕਮੀ ਜਾਂ ਪੂਰੀ ਤਰ੍ਹਾਂ ਸੁਣਨ ਸ਼ਕਤੀ ਦਾ ਨਾ ਹੋਣਾ। ਮਾਪਿਆਂ ਦਾ ਇਹ ਤੌਖਲਾ ਬੱਚੇ ਦੇ ਜਨਮ ਤੋਂ ਬਾਅਦ ਹੁੰਦਾ ਹੈ ਕਿ ਕੀ ਮੇਰਾ ਬੱਚਾ ਸਹੀ ਸਲਾਮਤ ਭਾਵ ਹਰ ਤਰ੍ਹਾਂ ਨਾਲ ਨਾਰਮਲ ਹੈ? ਪਹਿਲੀ ਗੱਲ ਜੋ ਮਨ ਵਿਚ ਆਉਂਦੀ ਹੈ ਉਹ ਹੈ ਨਜ਼ਰ ਤੇ ਸੁਣਨ ਸ਼ਕਤੀ। ਜੰਮਦੇ ਬੱਚੇ ਦੀਆਂ ਅੱਖਾਂ ਦੀਆਂ ਮਾਸਪੇਸ਼ੀਆਂ ਬਹੁਤ ਨਾਜ਼ੁਕ ਹੁੰਦੀਆ ਹਨ ਤੇ ਜਿਸ ਸਾਈਡ/ਪਾਸੇ ਬੱਚੇ ਨੂੰ ਲਿਟਾਇਆ ਜਾਵੇ ਦੋਵੇਂ ਅੱਖਾਂ ਆਮ ਤੌਰ 'ਤੇ ਉਸੇ ਪਾਸੇ ਲੁੜਕ ਜਾਂਦੀਆਂ ਹਨ। ਅਗਰ ਸਿਧੇ ਲਿਟਾਇਆ ਜਾਵੇ ਤਾਂ ਦੋਵੇਂ ਅੱਖਾਂ ਬਾਹਰ ਵਾਲੇ ਪਾਸੇ ਲੁੜਕ ਜਾਂਦੀਆਂ ਹਨ। ਇਕ ਮਹੀਨੇ ਵਿਚ ਬੱਚੇ ਦੀਆਂ ਅੱਖਾਂ ਵਿਚ ਪੂਰੀ ਤਰ੍ਹਾਂ ਸਥਿਰਤਾ ਆਉਣੀ ਸ਼ੁਰੂ ਹੁੰਦੀ ਹੈ ਤੇ ਪੰਜਵੇਂ ਮਹੀਨੇ ਵਿਚ ਬੱਚੇ ਦੀਆਂ ਅੱਖਾਂ ਸਥਿਰ ਹੋ ਜਾਂਦੀਆਂ ਹਨ। ਨਜ਼ਰ ਆਮ ਤੌਰ 'ਤੇ ਬੱਚੇ ਦੀ ਇਸ ਸਥਿਰਤਾ ਨਾਲ ਹੀ ਜੁੜੀ ਹੋਈ ਹੈ। ਇਕ ਮਹੀਨੇ ਵਿਚ ਬੱਚਾ ਹਰ ਸਮੇਂ ਵਾਹ ਪੈਣ ਵਾਲੇ ਚਿਹਰਿਆਂ ਨੂੰ ਪਹਿਚਾਨਣ ਲਗਦਾ ਹੈ ਉਨ੍ਹਾਂ ਦਾ ਸਪਰਸ਼ ਮਹਿਸੂਸ ਕਰਦਾ ਹੈ। ਪਰ ਨਜ਼ਰ ਦੀ ਪਕਿਆਈ ਪੰਜਵੇਂ ਮਹੀਨੇ ਤੱਕ ਜਾ ਕੇ ਹੁੰਦੀ ਹੈ। ਬੱਚਾ ਦੇਖ ਸਕਦਾ ਹੈ ਕਿ ਨਹੀਂ ਇਹ ਵੱਡਾ ਸਵਾਲ ਹੈ ਜਿਸਦਾ ਸਮਾਂ ਆਮ ਤੌਰ 'ਤੇ ਜਨਮ ਤੋਂ ਇਕ ਮਹੀਨੇ ਬਾਅਦ ਹੀ ਸ਼ੁਰੂ ਹੁੰਦਾ ਹੈ ਪਰ ਮੱਧਮ ਲਾਈਟ ਦੇ ਹਿਲਾਉਣ ਨਾਲ ਪੁਤਲੀਆਂ ਦਾ ਸੁਕੜਨਾ ਜਾਂ ਅੱਖਾਂ ਦਾ ਉਸੇ ਪਾਸੇ ਨੂੰ ਹਿੱਲਣਾ ਅੱਖਾਂ ਦੇ ਫਿਜ਼ੀਕਲੀ ਇਕ ਅੰਗ ਦੇ ਤੌਰ 'ਤੇ ਨਾਰਮਲ ਹੋਣ ਦੀ ਗਵਾਹੀ ਹੈ ਪਰ ਯਕੀਨਨ ਤੌਰ 'ਤੇ ਜਨਮ ਦੇ ਪੰਜਵੇਂ ਮਹੀਨੇ ਤੋਂ ਇਹ ਪਰਪੱਕ ਹੋ ਜਾਂਦਾ ਹੈ ਕਿ ਬੱਚਾ ਦੇਖ ਸਕਦਾ ਹੈ।

ਇਕ ਗੱਲ ਹੋਰ ਇੱਥੇ ਦੱਸਣੀ ਜ਼ਰੂਰੀ ਹੈ ਕਿ ਬਰੇਨ ਵਿਚੋਂ ਬਾਰਾਂ ਜੋੜੇ ਮਤਲਬ ਚੌਵੀ ਨਰਵਜ਼ ਬਰੇਨ ਦੇ ਵੱਖ ਵੱਖ ਹਿੱਸਿਆਂ ਵਿਚੋਂ ਨਿਕਲਦੀਆਂ ਹਨ। ਜੋ ਸਰੀਰ ਦੇ ਵੱਖ ਵੱਖ ਅੰਗਾਂ ਦਾ ਪ੍ਰਬੰਧ ਇੰਜ ਸੰਭਾਲ਼ਦੀਆਂ ਹਨ ਅਤੇ ਉਨ੍ਹਾਂ ਸਰੀਰ ਦੇ ਹਿੱਸਿਆਂ ਵਿਚ ਵਾਪਰਦੀਆਂ ਘਟਨਾਵਾਂ ਦੀ ਜਾਣਕਾਰੀ ਬਰੇਨ ਨੂੰ ਤੇ ਬਰੇਨ ਦੇ ਹੁਕਮ ਦੀ ਸੂਚਨਾ ਉਨ੍ਹਾਂ ਅੰਗਾਂ ਨੂੰ ਪਹੁੰਚਾਉਂਦੀਆਂ ਹਨ। ਇਸ ਲਿੰਕ ਦੇ ਕੰਮ ਕਰਨ ਵਿਚ ਰੁਕਾਵਟ ਦਾ ਮਤਲਬ ਹੈ ਹੜਤਾਲ ਮਤਲਬ ਕੋਈ ਕੰਮ ਨਹੀਂ ਹੋ ਰਿਹਾ। ਇਹ ਬਾਰਾਂ ਜੋੜੇ ਨਰਵਜ਼ ਵਿਚੋਂ ਇਕ ਇਕ ਨਰਵ ਕਈ-ਕਈ ਅੰਗਾਂ ਦਾ ਕੰਟਰੋਲ ਵੀ ਸਾਂਭਦੀ ਹੈ। ਹਰੇਕ ਨਰਵ ਵਿਚ ਦੋ ਤਰ੍ਹਾਂ ਦੀ ਕਾਰਵਾਈ ਕਰਨ ਲਈ ਫਾਈਬਰ ਹੁੰਦੇ ਹਨ। ਜਿਵੇਂ ਮਹਿਸੂਸ ਕਰਨ ਵਾਲੇ ਤੇ ਕੰਮ ਕਰਨ ਵਾਲੇ। ਜਿਨ੍ਹਾਂ ਨੂੰ ਸੈਂਸਰੀ ਕੇ ਲੋਕੋਮੋਟਰ ਫਾਈਬਰ ਕਹਿੰਦੇ ਹਨ।

ਅੱਖਾਂ ਨਾਲ ਸੰਬੰਧਿਤ ਨਰਵ ਦਾ ਨਾਂ ਔਪਟਿਕ ਨਰਵ ਹੈ ਜੋ ਦੂਜੀ ਬਾਰਾਂ ਜੋੜੇ ਨਰਵਜ਼ ਵਿਚੋਂ ਦੂਜੇ ਨੰਬਰ ਦੀ ਨਰਵ ਹੈ। ਇਹ ਨਰਵ ਨਜ਼ਰ ਭਾਵ ਦੇਖਣ ਦੀ ਕਾਰਵਾਈ ਕਰਦੀ ਹੈ ਤੇ ਜੋ ਦੇਖਿਆ ਹੈ ਉਸਨੂੰ ਬਰੇਨ ਤੱਕ ਪਹੁੰਚਾਉਂਦੀ ਹੈ। ਇਸਦਾ ਸਹਿਯੋਗ ਕਰਨ ਲਈ ਤੀਸਰੀ ਨਰਵ ਦਾ ਨਾਂ ਔਕੁਲੋਮੋਟਰ ਹੈ ਜੋ ਅੱਖ ਦੇ ਆਨਿਆਂ ਨੂੰ ਅਕਸ ਦੇਖਣ ਲਈ ਲੋੜ ਅਨੁਸਾਰ ਘੁਮਾਉਣ ਦੀ ਜ਼ਿੰਮੇਵਾਰੀ ਸੰਭਾਲ਼ਦੀ ਹੈ। ਭਾਵ ਅੱਖ ਦੇ ਆਨੇ ਦੀਆਂ ਮਾਸਪੇਸ਼ੀਆਂ ਦਾ ਕੰਟਰੋਲ ਸੰਭਾਲ਼ਦੀ ਹੈ।

ਬੱਚੇ ਵਿਚ ਜਮਾਂਦਰੂ ਅੱਖਾਂ ਦੇ ਰੋਗ ਮਾਂ-ਬਾਪ ਦੀਆਂ ਸਿਹਤ ਸੰਬੰਧੀ ਸਮੱਸਿਆਵਾਂ ਦਾ ਨਤੀਜਾ ਵੀ ਹੋ ਸਕਦੇ ਹਨ। ਸ਼ੂਗਰ ਰੋਗ ਦੇ ਸ਼ਿਕਾਰ ਇਕ ਜਾਂ ਦੋਹਾਂ ਮਾਪਿਆਂ ਦੀ ਨਜ਼ਰ ਵਿਚ ਗਲੂਕੋਮਾ/ਕੈਟਾਰੈਕਟ ਵੀ ਹੋ ਸਕਦੇ ਹਨ ਜੋ ਜਨਮ ਤੋਂ ਪਹਿਲਾਂ ਹੀ ਬੱਚੇ ਦੀਆਂ ਅੱਖਾਂ ਵਿਚ ਅੰਨ੍ਹੇਪਨ ਦਾ ਕਾਰਨ ਬਣ ਸਕਦੇ ਹਨ। ਮਾਂ ਦੇ ਜਣਨ ਅੰਗਾਂ ਦੀਆਂ ਇਨਫੈਕਸ਼ਨ ਫੈਲਾਉਣ ਵਾਲੀਆਂ ਬਿਮਾਰੀਆਂ ਹੋਣ ਤਾਂ ਵੀ ਬੱਚੇ ਦੀ ਨਜ਼ਰ ਜਨਮ ਤੋਂ ਬਾਅਦ ਪ੍ਰਭਾਵਤ ਹੋ ਸਕਦੀ ਹੈ ਜਿਸ ਲਈ ਬਚਾਅ ਵਜੋਂ ਜਨਮ ਸਮੇਂ ਹੀ ਬੱਚੇ ਦੀਆਂ ਅੱਖਾਂ ਕਿਸੇ ਸੌਫਟ ਐਂਟੀਸੈਪਟਿਕ ਸਲੂਸ਼ਨ ਨਾਲ ਧੋ ਦੇਣੀਆਂ ਚਾਹੀਦੀਆਂ। ਅੰਡਰ ਡਿਵੈਲਪ ਚਾਈਲਡ ਭਾਵ ਉਹ ਬੱਚੇ ਜਿਹੜੇ ਮਾਂ ਦੇ ਪੇਟ ਵਿਚ ਹੀ ਖ਼ੁਰਾਕ ਦੀ ਕਮੀ ਦਾ ਸ਼ਿਕਾਰ ਹੁੰਦੇ ਹਨ ਉਨ੍ਹਾਂ ਦਾ ਜੀਵਨ ਕਰਮ ਤੇ ਸਰੀਰਕ ਡਿਵੈਲਪਮੈਂਟ ਵੀ ਪ੍ਰਭਾਵਿਤ ਹੁੰਦੀ ਹੈ। ਇਸ ਲਈ ਐਂਟੀਨੇਟਲ ਕੇਅਰ ਭਾਵ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਮਾਂ ਦੀ ਰੁਟੀਨ ਚੈਕਅਪ ਹੁੰਦੀ ਰਹਿਣੀ ਚਾਹੀਦੀ ਹੈ।

ਕਈ ਵੇਰ ਜਨਮ ਸਮੇਂ ਬੱਚੇ ਦੇ ਦਿਮਾਗ 'ਤੇ ਪਿਆ ਪਰੈਸ਼ਰ ਅਗਰ ਕਿਸੇ ਨਰਵ ਸੈਂਟਰ ਨੂੰ ਪ੍ਰਭਾਵਿਤ ਕਰਦਾ ਹੈ ਤਾਂ ਵੀ ਉਸ ਨਰਵ ਦੇ ਕੰਟਰੋਲ ਵਾਲੇ ਅੰਗਾਂ ਦੀ ਬਣਤਰ ਤੇ ਕਿਰਿਆ ਪ੍ਰਭਾਵਿਤ ਹੁੰਦੀ ਹੈ ਬਲਕਿ ਕਈ ਵੇਰ ਜੰਮਦਿਆਂ ਹੀ ਉਨ੍ਹਾਂ ਅੰਗਾਂ ਦੀ ਕਿਰਿਆ ਲੋੜ ਤੋਂ ਘੱਟ ਜਾਂ ਬਿਲਕੁਲ ਖਤਮ ਵੀ ਹੋ ਸਕਦੀ ਹੈ। ਜਿਵੇਂ ਔਪਟਿਕਨਰਵ 'ਤੇ ਪਿਆ ਜਨਮ ਸਮੇਂ ਦਾ ਪਰੈਸ਼ਰ ਕਈ ਵੇਰ ਨਾਰਮਲ ਸਮੇਂ ਵਿਚ ਅੱਖਾਂ ਦੀ ਕਿਰਿਆ ਨਾਰਮਲ ਨਹੀਂ ਹੋਣ ਦਿੰਦਾ ਜਾਂ ਜਮਾਂਦਰੂ ਟੈਂਪਰੇਰੀ ਅੰਨ੍ਹਾਪਨ ਜਾ ਪਰਮਾਨੈਂਟ ਅੰਨ੍ਹਾਪਨ ਵੀ ਹੋ ਸਕਦਾ ਹੈ। ਪਰ ਇਹ ਜ਼ਰੂਰੀ ਨਹੀਂ ਕਿ ਔਪਟਿਕ ਨਰਵ ਉੱਪਰ ਪਏ ਪਰੈਸ਼ਰ ਕਰਕੇ ਅਗਰ ਨਰਵ ਪੈਰਾਲਾਈਸਿਸ ਹੋ ਗਿਆ ਹੋਵੇ ਤਾਂ ਇਸ ਨਾਲ ਪੈਦਾ ਹੋਇਆ ਜਮਾਂਦਰੂ ਅੰਨ੍ਹਾਪਨ ਸਦਾ ਵਾਸਤੇ ਹੀ ਹੋਵੇ। ਕਿਉਂਕਿ ਜਨਮ ਸਮੇਂ ਦੇ ਪਰੈਸ਼ਰ ਕਾਰਨ ਪੈਦਾ ਹੋਏ ਅਸਰ ਇਕ ਰੁਟੀਨ ਸਮੇਂ ਵਿਚ ਆਪਣੇ ਆਪ ਠੀਕ ਹੋਣ ਲੱਗਦੇ ਹਨ। ਜਿਸ ਕਰਕੇ ਅੱਖਾਂ, ਕੰਨਾ ਜੀਭ ਨਾਲ ਸਬੰਧਤ ਤੇ ਕਈ ਹੋਰ ਦੂਸਰੇ ਨਰਵ ਫੰਕਸ਼ਨਾਂ ਨਾਲ ਸੰਬੰਧਿਤ ਕਿਰਿਆਵਾਂ ਠੀਕ ਹੋ ਜਾਂਦੀਆਂ ਹਨ।

ਅਸੀਂ ਕਈ ਵਾਰ ਇਨ੍ਹਾਂ ਕਿਰਿਆਵਾਂ ਨੂੰ ਚਮਤਕਾਰਾਂ ਨਾਲ ਜੋੜਨ ਦੀ ਕੋਸ਼ਿਸ਼ ਕਰਦੇ ਹਾਂ। ਪਰ ਯਾਦ ਰੱਖਣ ਯੋਗ ਗੱਲ ਹੈ ਕਿ ਚਮਤਕਾਰ ਹੁੰਦੇ ਨਹੀਂ ਹਰ ਕਰਮ ਦਾ ਆਪਣਾ ਇਕ ਨਿਯਮ ਤੇ ਸਮਾਂ ਹੁੰਦਾ ਹੈ ਜਿਸ ਮੁਤਾਬਿਕ ਉਹ ਕਰਮ ਚੱਲਦੇ ਰਹਿੰਦੇ ਹਨ। ਕੇਵਲ ਸਾਡੀ ਕੁਦਰਤ ਦੇ ਨਿਯਮਾਂ ਸੰਬੰਧੀ ਅਗਿਆਨਤਾ ਕਰਕੇ ਅਸੀਂ ਇਨ੍ਹਾਂ ਨੂੰ ਚਮਤਕਾਰ ਕਰਕੇ ਪ੍ਰਚਾਰਦੇ ਹਾਂ।

# ਬੌਧਿਕ ਉਡਾਰੀਆਂ ਅਤੇ ਭਾਵਨਾਤਮਕ ਵਿਕਾਸ ਦੀ ਤ੍ਰਿਪਤੀ ਲਈ ਮਾਤ-ਭਾਸ਼ਾ ਦਾ ਮਹੱਤਵ

ਵਰਤੋਂ ਦੇ ਲਿਹਾਜ਼ ਨਾਲ ਭਾਸ਼ਾ ਤਿੰਨ ਪ੍ਰਕਾਰ ਦੀ ਹੁੰਦੀ ਹੈ- ਵਿਹਾਰ ਭਾਸ਼ਾ, ਸਾਹਿਤਕ ਭਾਸ਼ਾ ਅਤੇ ਵਿਗਿਆਨਕ ਭਾਸ਼ਾ। ਵਿਹਾਰ ਭਾਸ਼ਾ ਹੀ ਅਸਲ ਵਿਚ ਮਾਤ-ਭਾਸ਼ਾ ਹੁੰਦੀ ਹੈ, ਜਿਸ ਨੂੰ ਬੱਚਾ ਆਪਣੇ ਵਾਤਾਵਰਨ ਵਿਚੋਂ ਸਹਿਜ ਸੁਭਾਅ ਗ੍ਰਹਿਣ ਕਰਦਾ ਜਾਂਦਾ ਹੈ। ਭਾਸ਼ਾ ਨੂੰ ਗ੍ਰਹਿਣ ਕਰਨ ਦਾ ਇਹ ਵਰਤਾਰਾ ਸੁਚੇਤ ਤੌਰ 'ਤੇ ਨਹੀਂ ਹੁੰਦਾ, ਸਗੋਂ ਉਹ ਆਪਣੇ ਕੰਨਾਂ ਨਾਲ਼ ਜੋ ਕੁਝ ਆਪਣੇ ਆਲ਼ੇ ਦੁਆਲ਼ੇ ਵਿਚ ਵਸਦੇ ਲੋਕਾਂ ਦੇ ਮੂੰਹਾਂ ਤੋਂ ਸੁਣਦਾ ਹੈ, ਉਸ ਨੂੰ ਆਪਣੀ ਕੁਦਰਤੀ ਸਿੱਖਣ ਯੋਗਤਾ ਅਨੁਸਾਰ ਸਹਿਜੇ ਹੀ ਗ੍ਰਹਿਣ ਕਰਦਾ ਜਾਂਦਾ ਹੈ। ਬੱਚੇ ਦਾ ਪਹਿਲਾ, ਨੇੜਵਾਂ ਅਤੇ ਲੰਮਾ ਸੰਪਰਕ ਕਿਉਂਕਿ ਆਪਣੀ ਮਾਂ



ਡਾ. ਇਕਬਾਲ ਸਿੰਘ ਸਕਰੌਦੀ
ਫੋਨ: 84276-85020

ਨਾਲ਼ ਰਹਿੰਦਾ ਹੈ, ਇਸ ਲਈ ਇਸ ਗ੍ਰਹਿਣ ਕੀਤੀ ਭਾਸ਼ਾ ਨੂੰ ਮਾਤ-ਭਾਸ਼ਾ ਵੀ ਕਹਿ ਲਿਆ ਜਾਂਦਾ ਹੈ। ਹਾਲਾਂਕਿ ਇਹ ਭਾਸ਼ਾ ਬੱਚਾ ਆਪਣੀ ਮਾਂ ਦੇ ਬੋਲਾਂ ਦੀ ਨਕਲ ਰਾਹੀਂ ਹੀ ਗ੍ਰਹਿਣ ਨਹੀਂ ਕਰਦਾ, ਸਗੋਂ ਪਰਿਵਾਰ ਦੇ ਹੋਰ ਜੀਆਂ, ਆਂਢ-ਗੁਆਂਢ, ਹਾਣੀ, ਸਕੂਲ ਅਤੇ ਸੰਪਰਕ ਵਿਚ ਆਉਂਦੇ ਹੋਰ ਲੋਕਾਂ ਦੇ ਬੋਲਾਂ ਤੋਂ ਵੀ ਗ੍ਰਹਿਣ ਕਰਦਾ ਰਹਿੰਦਾ ਹੈ। ਮਾਤ-ਭਾਸ਼ਾ ਦੀ ਉਕਤੀ ਇਸ ਪ੍ਰਸੰਗ ਵਿਚ ਇਸ ਲਈ ਵਰਤੀ ਜਾਂਦੀ ਹੈ, ਕਿਉਂਕਿ ਮਾਂ ਵਾਂਗ ਇਸ ਭਾਸ਼ਾ ਨਾਲ਼ ਬੱਚੇ ਦਾ ਸਭ ਤੋਂ ਮੁੱਢਲਾ ਅਤੇ ਸਹਿਜ ਰਿਸ਼ਤਾ ਹੁੰਦਾ ਹੈ। ਇਹ ਭਾਸ਼ਾ ਉਹ ਮਨੁੱਖ ਵੀ ਜਾਣਦੇ ਹੁੰਦੇ ਹਨ, ਜਿਨ੍ਹਾਂ ਨੇ ਸਕੂਲ ਦਾ ਕਦੇ ਮੂੰਹ ਤੱਕ ਨਹੀਂ ਦੇਖਿਆ ਹੁੰਦਾ।

ਪੰਜਾਬੀ, ਪੰਜਾਬੀਆਂ ਦੀ ਮਾਤ-ਭਾਸ਼ਾ ਹੈ। ਪਰੰਤੂ ਇਸ ਨਾਲ਼ ਧੁਰ ਮੁੱਢ ਤੋਂ ਹੀ ਮਤਰੇਈ ਮਾਂ ਵਾਲ਼ਾ ਵਿਹਾਰ ਕੀਤਾ ਜਾਂਦਾ ਰਿਹਾ ਹੈ। ਇਸ ਨੂੰ ਕਦੇ ਵੀ ਰਾਜ ਦਰਬਾਰ ਦੀ ਭਾਸ਼ਾ ਬਣ ਕੇ ਤਖ਼ਤ ਉੱਤੇ ਬੈਠਣਾ ਨਸੀਬ ਨਹੀਂ ਹੋਇਆ। ਵਾਰ-ਵਾਰ ਇਸ ਨਾਲ਼ ਧੱਕਾ ਹੁੰਦਾ ਰਿਹਾ ਹੈ। ਇਸ ਦੇ ਆਪਣੇ ਧੀਆਂ ਪੁੱਤਰ ਹੀ ਇਸ ਨੂੰ ਗੰਵਾਰਾਂ ਅਤੇ ਅਨਪੜ੍ਹਾਂ ਦੀ ਭਾਸ਼ਾ ਮੰਨ ਕੇ ਇਸ ਨੂੰ ਘ੍ਰਿਣਾ ਕਰਦੇ ਰਹੇ ਹਨ। ਜਿਹੜੀ ਨੁਹਾਰ ਅੱਜ ਪੰਜਾਬੀ ਭਾਸ਼ਾ ਦੀ ਦੇਖਣ ਨੂੰ ਮਿਲਦੀ ਹੈ, ਇਹ ਕਿਸੇ ਰਾਜ ਦਰਬਾਰ ਵਿਚ ਨਹੀਂ ਨਿੱਸਰੀ, ਸਗੋਂ ਜਨ-ਸਧਾਰਨ ਦੇ ਬੁੱਲ੍ਹਾਂ ਉੱਤੇ ਨੱਚਦੀ, ਟੱਪਦੀ ਅਤੇ ਮਟਕਦੀ ਹੋਈ ਇੱਥੋਂ ਤੱਕ ਪਹੁੰਚੀ ਹੈ।

ਮਾਂ ਦੇ ਦੁੱਧ ਤੋਂ, ਮਾਂ ਦੀ ਗੋਦ ਵਿਚ, ਮਾਂ ਤੋਂ ਲੋਰੀਆਂ ਸੁਣ ਕੇ ਕੁਦਰਤੀ ਪ੍ਰਭਾਵ ਹੇਠ ਸਿੱਖੀ ਭਾਸ਼ਾ, ਮਾਤ-ਭਾਸ਼ਾ ਹੁੰਦੀ ਹੈ। ਮਾਤ-ਭਾਸ਼ਾ ਹੀ ਬੱਚੇ ਦੀਆਂ ਬੌਧਿਕ, ਮਾਨਸਿਕ, ਸਮਾਜਿਕ, ਧਾਰਮਿਕ ਅਤੇ ਸੱਭਿਆਚਾਰਕ ਵਿਕਾਸ ਦੀਆਂ ਲੋੜਾਂ ਨੂੰ ਪੂਰਿਆਂ ਕਰਦੀ ਹੈ। ਮੁੱਢਲੀਆਂ ਵਸਤਾਂ ਤੋਂ ਲੈ ਕੇ ਮਾਤ-ਭਾਸ਼ਾ ਦੇ ਵਿਕਸਤ ਪ੍ਰਯੋਗ ਤੱਕ ਬੱਚਾ ਸੁਤੇ-ਸਿੱਧ ਇਸ ਨਾਲ਼ ਜੁੜਿਆ ਰਹਿੰਦਾ ਹੈ।

ਸਵੈ-ਪ੍ਰਗਟਾਵੇ ਲਈ, ਸਾਹਿਤਕ ਅਤੇ ਮਾਨਸਿਕ ਆਨੰਦ ਦੀ ਤ੍ਰਿਪਤੀ ਲਈ, ਕਿਸੇ ਸਭਿਆਚਾਰ ਦੀ ਸਮੁੱਚੀ ਜਾਣਕਾਰੀ ਗ੍ਰਹਿਣ ਕਰਨ ਲਈ ਮਾਤ-ਭਾਸ਼ਾ ਦੀ ਵਿਸ਼ੇਸ਼ ਮਹਾਨਤਾ ਹੈ। ਸੂਚਨਾ ਦੇਣ ਅਤੇ ਲੈਣ ਲਈ, ਦੂਜੇ ਦੀ ਗੱਲ ਸਮਝਣ ਅਤੇ ਆਪਣੀ ਗੱਲ ਸਮਝਾਉਣ ਲਈ ਵੀ ਇਸ ਦੀ ਅਹਿਮ ਲੋੜ ਹੈ। ਸੱਚ ਤਾਂ ਇਹ ਹੈ ਕਿ ਮਨੁੱਖ ਮਾਤ ਭਾਸ਼ਾ ਵਿਚ ਹੀ ਸੋਚਦਾ, ਸਮਝਦਾ, ਆਨੰਦ ਲੈਂਦਾ ਅਤੇ ਤ੍ਰਿਪਤ ਹੁੰਦਾ ਹੈ। ਮਨੁੱਖ ਦੀ ਸ਼ਖ਼ਸੀਅਤ ਤਾਂ ਹੀ ਨਿੱਖਰ ਕੇ ਸਾਹਮਣੇ ਆਉਂਦੀ ਹੈ, ਜੇਕਰ ਉਹ ਆਪਣੀ ਮਾਤ-ਭਾਸ਼ਾ ਨਾਲ ਜੁੜਿਆ ਹੁੰਦਾ ਹੈ।

ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਇੱਕੀ ਫਰਵਰੀ ਨੂੰ ਸੰਸਾਰ ਭਰ ਵਿਚ ਮਨਾਇਆ ਜਾਂਦਾ ਹੈ। ਭਾਸ਼ਾ ਨੂੰ ਪਿਆਰ ਕਰਨ ਵਾਲ਼ੇ ਵੱਖ-ਵੱਖ ਅਦਾਰੇ, ਵਿੱਦਿਅਕ ਸੰਸਥਾਵਾਂ, ਸਾਹਿਤ ਸਭਾਵਾਂ ਅਤੇ ਭਾਸ਼ਾ ਨਾਲ਼ ਸੁਹਿਰਦਤਾ ਸਹਿਤ ਜੁੜੇ ਹੋਏ ਹੋਰ ਵਿਅਕਤੀ ਮਾਤ ਭਾਸ਼ਾ ਸੰਬੰਧੀ ਵੱਖ-ਵੱਖ ਪ੍ਰੋਗਰਾਮ ਉਲੀਕਦੇ ਹਨ।

ਪੰਦਰਾਂ ਅਗਸਤ 1947 ਨੂੰ ਜਦੋਂ ਭਾਰਤ ਦੀ ਵੰਡ ਹੋਈ, ਤਦ ਮੁਸਲਮਾਨੀ ਬਹੁ-ਗਿਣਤੀ ਵਾਲ਼ਾ ਇਲਾਕਾ ਪੂਰਬੀ ਪਾਕਿਸਤਾਨ, ਪੱਛਮੀ ਪਾਕਿਸਤਾਨ ਅਤੇ ਹਿੰਦੁਸਤਾਨ ਬਣਿਆ। ਪੂਰਬੀ ਅਤੇ ਪੱਛਮੀ ਪਾਕਿਸਤਾਨ ਬਹੁਤ ਦੂਰ-ਦੂਰ ਸਨ। ਵਿਚਕਾਰ ਹਿੰਦੁਸਤਾਨ ਸੀ। ਪੂਰਬੀ ਪਾਕਿਸਤਾਨ ਵਿਚ ਬਹੁ-ਗਿਣਤੀ ਬੰਗਲਾ ਭਾਸ਼ਾ ਬੋਲਣ ਵਾਲ਼ਿਆਂ ਦੀ ਸੀ। ਪੱਛਮੀ ਪਾਕਿਸਤਾਨ ਵਿਚ ਬਹੁ-ਗਿਣਤੀ ਪੰਜਾਬੀ, ਬਲੋਚੀ ਅਤੇ ਪਸ਼ਤੋ ਭਾਸ਼ਾ ਬੋਲਣ ਵਾਲ਼ਿਆਂ ਸੀ। ਦੇਸ਼ ਦੀ ਵੰਡ ਹੋਣ ਉਪਰੰਤ 1948 ਈਸਵੀ ਵਿਚ ਪਾਕਿਸਤਾਨ ਵਿਚ ਉਰਦੂ ਭਾਸ਼ਾ ਨੂੰ ਕੌਮੀ ਭਾਸ਼ਾ ਵਜੋਂ ਲਾਗੂ ਕਰਨ ਦਾ ਫ਼ੈਸਲਾ ਕੀਤਾ ਗਿਆ। ਪਰੰਤੂ ਬੰਗਲਾ ਭਾਸ਼ਾ ਬੋਲਣ ਵਾਲ਼ਿਆਂ ਨੂੰ ਇਹ ਗੱਲ ਪਸੰਦ ਨਹੀਂ ਆਈ। ਉਨ੍ਹਾਂ ਨੇ ਤਰਕ ਦਿੱਤਾ ਕਿ ਲੋਕਤੰਤਰ ਦਾ ਤਕਾਜ਼ਾ ਇਹ ਹੈ ਕਿ ਬਹੁ-ਗਿਣਤੀ ਸਾਡੀ ਬੰਗਾਲੀਆਂ ਦੀ ਹੈ। ਇਸ ਲਈ ਰਾਸ਼ਟਰੀ ਭਾਸ਼ਾ ਉਰਦੂ ਅਤੇ ਬੰਗਾਲੀ ਦੋਵੇਂ ਰੱਖੀਆਂ ਜਾਣ। ਜਾਂ ਫ਼ਿਰ ਬੰਗਲਾ ਭਾਸ਼ਾ ਨੂੰ ਵੀ ਬਰਾਬਰ ਦਾ ਦਰਜਾ ਅਤੇ ਸਤਿਕਾਰ ਦਿੱਤਾ ਜਾਵੇ।

ਪਰੰਤੂ ਪਾਕਿਸਤਾਨੀ ਸਰਕਾਰ ਵੱਲੋਂ ਬੰਗਾਲੀਆਂ ਦੀ ਇਹ ਗੱਲ ਮੰਨੀ ਨਾ ਗਈ। ਸਗੋਂ ਉਲਟਾ ਉਨ੍ਹਾਂ ਉੱਪਰ ਵੀ ਉਰਦੂ ਭਾਸ਼ਾ ਜ਼ਬਰਦਸਤੀ ਠੋਸ ਦਿੱਤੀ ਗਈ। ਨਤੀਜੇ ਵਜੋਂ ਇਸ ਦੇ ਵਿਰੋਧ ਵਿਚ ਢਾਕਾ ਯੂਨੀਵਰਸਿਟੀ ਦੇ ਮੈਡੀਕਲ ਦੇ ਵਿਦਿਆਰਥੀਆਂ ਨੇ ਇੱਕੀ ਫਰਵਰੀ 1952 ਨੂ ਰੋਸ ਜਲੂਸ ਕੱਢਿਆ। ਜਲੂਸ ਉੱਤੇ ਪੁਲਿਸ ਨੇ ਗੋ਼ਲੀਆਂ ਦੀ ਵਾਛੜ ਕਰ ਦਿੱਤੀ। ਉਦੋਂ ਛੇ ਵਿਦਿਆਰਥੀ ਪੁਲਿਸ ਦੀਆਂ ਗੋ਼ਲੀਆਂ ਨਾ਼ਲ ਮਾਰੇ ਗਏ ਤੇ ਹਿੰਸਾ ਹੋਰ ਭੜਕ ਗਈ। ਉਦੋਂ ਤੋਂ ਹੀ ਪੂਰਬੀ ਪਾਕਿਸਤਾਨ ਵਿਚ ਇੱਕੀ ਫ਼ਰਵਰੀ ਨੂੰ ਉਨ੍ਹਾਂ ਸ਼ਹੀਦ ਵਿਦਿਆਰਥੀਆਂ ਦੀ ਯਾਦ ਵਿਚ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ। ਪਰੰਤੂ ਪੱਛਮੀ ਪਾਕਿਸਤਾਨ ਵਾਲ਼ੇ ਭਾਸ਼ਾ ਦੇ ਆਧਾਰ ਉੱਤੇ ਪੂਰਬੀ ਪਾਕਿਸਤਾਨ ਵਾਲ਼ਿਆਂ ਉੱਤੇ ਜ਼ੁਲਮ ਕਰਦੇ ਰਹੇ। ਉਨ੍ਹਾਂ ਨੂੰ ਦਬਾਉਂਦੇ ਰਹੇ। ਉਸ ਦੇ ਪ੍ਰਤੀਕਰਮ ਦੇ ਰੂਪ ਵਿਚ 1971 ਈਸਵੀ ਨੂੰ ਬੰਗਲਾ ਦੇਸ਼ ਹੋਂਦ ਵਿਚ ਆਇਆ। ਕਿਉਂ ਜੋ ਬੰਗਲਾ ਦੇਸ਼ ਦੇ ਲੋਕਾਂ ਦੇ ਦਿਲਾਂ ਵਿਚ ਆਪਣੀ ਬੰਗਲਾ ਭਾਸ਼ਾ ਲਈ ਪਿਆਰ ਸੀ। ਇਸ ਲਈ 1952 ਈਸਵੀ ਤੋਂ ਬਾਅਦ ਉੱਥੇ ਹਰ ਸਾਲ ਇੱਕੀ ਫ਼ਰਵਰੀ ਨੂੰ ਕੌਮੀ ਭਾਸ਼ਾ ਦਿਵਸ ਵਜੋਂ ਮਨਾਇਆ ਜਾਂਦਾ ਰਿਹਾ।


ਫ਼ੇਰ ਬੰਗਲਾਦੇਸ਼ ਦੇ ਜਿਹੜੇ ਨੌਜਵਾਨ ਰੁਜ਼ਗਾਰ ਅਤੇ ਰੋਜ਼ੀ ਰੋਟੀ ਦੀ ਭਾਲ਼ ਵਿਚ ਕੈਨੇਡਾ, ਅਮਰੀਕਾ, ਇੰਗਲੈਂਡ ਆਦਿ ਦੇਸ਼ਾਂ ਵਿਚ ਚਲੇ ਗਏ, ਉਨ੍ਹਾਂ ਨੇ ਉੱਥੋਂ ਯੂ.ਐਨ.ਓ. ਨੂੰ ਚਿੱਠੀ ਲਿਖੀ ਕਿ ਮਾਤ-ਭਾਸ਼ਾ ਦੇ ਗੌਰਵ ਨੂੰ ਸਥਾਪਤ ਕਰਨ ਲਈ ਮਾਤ-ਭਾਸ਼ਾ ਦਿਵਸ ਮਨਾਇਆ ਜਾਣਾ ਚਾਹੀਦਾ ਹੈ। ਇਸ ਲਈ ਇੱਕੀ ਫ਼ਰਵਰੀ ਦਾ ਦਿਨ ਸਾਰੇ ਸੰਸਾਰ ਵਿਚ ਅੰਤਰਰਾਸ਼ਟਰੀ ਮਾਤ-ਭਾਸ਼ਾ ਦਿਵਸ ਵਜੋਂ ਮਨਾਇਆ ਜਾਣਾ ਚਾਹੀਦਾ ਹੈ। ਯੂ.ਐਨ.ੱ. ਨੇ 1999 ਈਸਵੀ ਨੂੰ ਇਸ ਮਤੇ ਨੂੰ ਪਾਸ ਕਰ ਦਿੱਤਾ। ਸੰਨ 2000 ਈਸਵੀ ਤੋਂ ਇੱਕੀ ਫ਼ਰਵਰੀ ਨੂੰ ਅੰਤਰਰਾਸ਼ਟਰੀ ਮਾਤ-ਭਾਸ਼ਾ ਦਿਵਸ ਵਜੋਂ ਮਨਾਇਆ ਜਾਣਾ ਆਰੰਭ ਹੋਇਆ।

ਲਗਪਗ ਸੋ਼ਲਾਂ ਕੁ ਸਾਲ ਪਹਿਲਾਂ ਦੀ ਯੂਨੈਸਕੋ ਦੀ ਇੱਕ ਰਿਪੋਰਟ ਵਿਚ ਖਦਸ਼ਾ ਜ਼ਾਹਿਰ ਕੀਤਾ ਗਿਆ ਕਿ ਸੰਸਾਰ ਦੀਆਂ ਕੁਝ ਭਾਸ਼ਾਵਾਂ ਹੌ਼ਲੀ-ਹੌ਼ਲੀ ਮਰਨ ਕਿਨਾਰੇ ਵੱਲ ਵਧ ਰਹੀਆਂ ਹਨ, ਤੇ ਕੁਝ ਨੇ ਕੁਝ ਸਾਲਾਂ ਵਿਚ ਹੀ ਖ਼ਤਮ ਹੋ ਜਾਣਾ ਹੈ। ਰੌ਼ਲਾ ਪੈ ਗਿਆ ਕਿ ਪੰਜਾਬੀ ਭਾਸ਼ਾ ਵੀ ਉਨ੍ਹਾਂ ਭਾਸ਼ਾਵਾਂ ਵਿਚ ਸ਼ਾਮਲ ਹੈ, ਜਿਹੜੀਆਂ ਭਾਸ਼ਾਵਾਂ ਨੇ ਖ਼ਤਮ ਹੋ ਜਾਣਾ ਹੈ। ਪਰੰਤੂ ਸਾਨੂੰ ਇਹ ਗੱਲ ਸਪੱਸ਼ਟ ਹੋਣੀ ਚਾਹੀਦੀ ਹੈ ਕਿ ਯੂਨੈਸਕੋ ਵੱਲੋਂ ਅਜਿਹੀ ਕੋਈ ਸੂਚੀ ਤਿਆਰ ਨਹੀਂ ਕੀਤੀ ਗਈ, ਜਿਸ ਵਿਚ ਪੰਜਾਬੀ ਭਾਸ਼ਾ ਦੇ ਖ਼ਤਮ ਹੋਣ ਦੀ ਗੱਲ ਕੀਤੀ ਗਈ ਹੋਵੇ। ਹਾਂ, ਉਨ੍ਹਾਂ ਨੇ ਕੁਝ ਆਧਾਰ ਦਿੱਤੇ ਹਨ ਕਿ ਕਿਹੜੀ ਭਾਸ਼ਾ ਨੂੰ ਖ਼ਤਰਾ ਹੋ ਸਕਦਾ ਹੈ।

ਪਹਿਲੀ ਗੱਲ ਕਿ ਉਸ ਭਾਸ਼ਾ ਦੇ ਮਰ ਜਾਣ ਜਾਂ ਖ਼ਤਮ ਹੋਣ ਦਾ ਖ਼ਤਰਾ ਹੁੰਦਾ ਹੈ, ਜਿਸ ਨੂੰ ਬੋਲਣ ਵਾਲ਼ਿਆਂ ਦੀ ਗਿਣਤੀ ਖ਼ਤਰਨਾਕ ਹੱਦ ਤੱਕ ਲਗਾਤਾਰ ਘਟ ਰਹੀ ਹੋਵੇ। ਅੱਜ ਦੇ ਸਮੇਂ ਪੰਜਾਬੀ ਭਾਸ਼ਾ ਨੂੰ ਬੋਲਣ ਵਾਲ਼ਿਆਂ ਦੀ ਗਿਣਤੀ ਚੌਦਾਂ ਕਰੋੜ ਦੇ ਲਗਪਗ ਹੈ। ਤਿੰਨ ਕਰੋੜ ਭਾਰਤੀ ਪੰਜਾਬ ਵਿਚ ਅਤੇ ਦਸ ਕਰੋੜ ਤੋਂ ਵੱਧ ਪਾਕਿਸਤਾਨ ਵਿਚ ਪੰਜਾਬੀ ਭਾਸ਼ਾ ਬੋਲਦੇ ਹਨ। ਆਸਟ੍ਰੇਲੀਆ, ਕੈਨੇਡਾ, ਅਮਰੀਕਾ, ਇੰਗਲੈਂਡ, ਨਿਊਜ਼ੀਲੈਂਡ, ਕੀਨੀਆ, ਥਾਈਲੈਂਡ ਆਦਿ ਬਹੁਤ ਸਾਰੇ ਦੇਸ਼ਾਂ ਵਿਚ ਪੰਜਾਬੀ ਰਹਿੰਦੇ ਹਨ, ਜੋ ਪੰਜਾਬੀ ਬੋਲਦੇ ਹਨ।

ਦੂਜੀ ਗੱਲ ਇਹ ਕਿ ਕੀ ਉਸ ਭਾਸ਼ਾ ਦੀ ਆਪਣੀ ਕੋਈ ਲਿੱਪੀ ਹੈ? ਪੰਜਾਬੀ ਭਾਸ਼ਾ ਭਾਰਤੀ ਪੰਜਾਬ ਵਿਚ ਗੁਰਮੁਖੀ ਲਿੱਪੀ ਵਿਚ ਲਿਖੀ ਜਾਂਦੀ ਹੈ। ਪਾਕਿਸਤਾਨੀ ਪੰਜਾਬ ਵਿਚ ਫ਼ਾਰਸੀ ਲਿੱਪੀ ਦੀ ਵਰਤੋਂ ਕੀਤੀ ਜਾਂਦੀ ਹੈ। ਅੰਗਰੇਜ਼ਾਂ ਨੇ ਪੰਜਾਬ ਉੱਤੇ 1849 ਈਸਵੀ ਵਿਚ ਕਬਜ਼ਾ ਕਰਨ ਤੋਂ

ਕੌਮਾਂਤਰੀ ਮਾਤ-ਭਾਸ਼ਾ ਦਿਵਸ 'ਤੇ ਵਿਸ਼ੇਸ਼




ਬਾਅਦ ਪੰਜਾਬੀ ਭਾਸ਼ਾ ਨੂੰ ਰੋਮਨ ਲਿੱਪੀ ਵਿਚ ਲਿਖ ਕੇ ਸਫ਼ਲ ਤਜਰਬੇ ਕੀਤੇ ਸਨ। ਕੁਝ ਲੋਕ ਪੰਜਾਬੀ ਭਾਸ਼ਾ ਨੂੰ ਦੇਵਨਾਗਰੀ ਲਿੱਪੀ ਵਿਚ ਵੀ ਲਿਖ ਲੈਂਦੇ ਹਨ।

ਤੀਜੀ ਗੱਲ ਇਹ ਕਿ ਪੰਜਾਬੀ ਕੋਈ ਨਵੀਂ ਭਾਸ਼ਾ ਨਹੀਂ ਹੈ। ਜੇਕਰ ਅੰਗਰੇਜ਼ੀ ਭਾਸ਼ਾ ਦਾ ਆਰੰਭ ਚੌਦਵੀਂ ਸਦੀ ਵਿਚ ਚੌਸਰ ਨਾਂ ਦੇ ਕਵੀ ਤੋਂ ਹੁੰਦਾ ਹੈ ਤਾਂ ਪੰਜਾਬੀ ਭਾਸ਼ਾ ਨੂੰ ਅੱਠਵੀਂ-ਨੌਵੀਂ ਸਦੀ ਵਿਚ ਗੋਰਖ ਨਾਥ ਨੇ ਲਿਖਣਾ ਸ਼ੁਰੂ ਕਰ ਦਿੱਤਾ ਸੀ। ਬਾਰ੍ਹਵੀਂ ਸਦੀ ਵਿਚ ਤਾਂ ਪੰਜਾਬੀ ਨੂੰ ਇਸ ਦੇ ਸਿਰਮੌਰ ਕਵੀ ਸ਼ੇਖ਼ ਫ਼ਰੀਦ ਜੀ ਨੇ ਆਪਣੇ ਸਲੋਕਾਂ ਅਤੇ ਸ਼ਬਦਾਂ ਰਾਹੀਂ ਬੁਲੰਦੀਆਂ ਉੱਤੇ ਪਹੁੰਚਾ ਦਿੱਤਾ ਸੀ। ਪੰਜਾਬੀ ਭਾਸ਼ਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ, ਚੰਡੀ ਦੀ ਵਾਰ, ਵਾਰਿਸ ਦੀ ਹੀਰ, ਸੂਫ਼ੀਆਂ ਦੀ ਸ਼ਾਇਰੀ, ਕਲਾਸੀਕਲ ਕ੍ਰਿਤਾਂ ਵੀ ਉਪਲੱਬਧ ਹਨ। ਹੁਣ ਤਾਂ ਭਾਰਤੀ ਪੰਜਾਬ ਵਿਚ ਪੰਜਾਬੀ ਭਾਸ਼ਾ ਰਾਜ ਭਾਸ਼ਾ ਦਾ ਦਰਜਾ ਵੀ ਗ੍ਰਹਿਣ ਕਰ ਚੁੱਕੀ ਹੈ। ਇਹ ਵਿੱਦਿਆ ਦਾ ਮਾਧਿਅਮ ਵੀ ਹੈ। ਇਸ ਦੇ ਬਾਵਜੂਦ ਜੇਕਰ ਪੰਜਾਬੀ ਭਾਸ਼ਾ ਦੇ ਮਰ ਮੁੱਕ ਜਾਣ ਦਾ ਖ਼ਦਸ਼ਾ ਪ੍ਰਗਟਾਇਆ ਗਿਆ ਹੈ ਤਾਂ ਇਹ ਫ਼ਿਕਰ ਵਾਲ਼ੀ ਗੱਲ ਹੈ।

ਪੰਜਾਬੀ ਭਾਸ਼ਾ ਨੂੰ ਬਾਹਰੋਂ ਅਜੇ ਕੋਈ ਖ਼ਤਰਾ ਨਹੀਂ ਭਾਸਦਾ। ਹਾਂ, ਪੰਜਾਬੀ ਭਾਸ਼ਾ ਨੂੰ ਇਹ ਖ਼ਤਰਾ ਤਾਂ ਹੈ ਕਿ ਪੰਜਾਬ ਵਿਚ ਪੰਜਾਬੀ ਭਾਸ਼ਾ ਨੂੰ ਬੋਲਣ ਵਾਲ਼ਿਆਂ ਦੇ ਅੰਦਰ ਹੀਣ ਭਾਵਨਾ ਘਰ ਕਰ ਰਹੀ ਹੈ, ਜਿਸ ਕਾਰਨ ਇਸ ਨੂੰ ਖ਼ਤਰਾ ਹੈ। ਪੰਜਾਬ ਵਿਚ ਮਾਪੇ ਘਰਾਂ ਵਿਚ ਪੰਜਾਬੀ ਦੀ ਥਾਂ ਅੰਗਰੇਜ਼ੀ ਅਤੇ ਹਿੰਦੀ ਭਾਸ਼ਾ ਵੱਲ ਝੁਕਾਅ ਰੱਖਣ ਲੱਗ ਪਏ ਹਨ। ਇਸ ਦਾ ਵੱਡਾ ਕਾਰਨ ਰੁਜ਼ਗਾਰ ਦੀ ਪ੍ਰਾਪਤੀ ਹੈ। ਰੁਜ਼ਗਾਰ ਦੇ ਸੰਦਰਭ ਵਿਚ ਇਸ ਵੇਲੇ ਅੰਤਰਰਾਸ਼ਟਰੀ ਪੱਧਰ ਦੀਆਂ ਸਰਕਾਰਾਂ ਅਤੇ ਕਾਰਪੋਰੇਟ ਘਰਾਣਿਆਂ ਨੇ ਆਪਣੀ ਸਹੂਲਤ ਲਈ ਅੰਗਰੇਜ਼ੀ ਭਾਸ਼ਾ ਨੂੰ ਤਰਜੀਹ ਦਿੱਤੀ ਹੋਈ ਹੈ। ਇਹੋ ਕਾਰਨ ਹੈ ਕਿ ਪੰਜਾਬ ਵਿਚ ਰਹਿੰਦੇ ਮਾਪੇ ਆਪਣੇ ਬੱਚਿਆਂ ਨੂੰ ਪੰਜਾਬੀ ਦੀ ਥਾਂ ਅੰਗਰੇਜ਼ੀ ਭਾਸ਼ਾ ਸਿਖਾਉਣ ਲਈ ਰੁਚਿਤ ਹੋ ਗਏ ਹਨ। ਇਸ ਲਈ ਜੇ ਮਾਪਿਆਂ, ਬੱਚਿਆਂ ਅਤੇ ਨਵੀਂ ਪੀੜ੍ਹੀ ਵਿਚ ਇਹੋ ਰੁਝਾਨ ਚੱਲਦਾ ਰਿਹਾ ਤਾਂ ਖ਼ਦਸ਼ਾ ਹੈ ਕਿ ਇੱਕ ਦਿਨ ਪੰਜਾਬੀ ਭਾਸ਼ਾ ਲਈ ਖ਼ਤਰਾ ਖੜ੍ਹਾ ਹੋ ਸਕਦਾ ਹੈ।

ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮੌਕੇ ਬਹੁਤ ਸਾਰੇ ਵਿੱਦਿਅਕ ਅਦਾਰੇ, ਸਾਹਿਤ ਸਭਾਵਾਂ, ਭਾਸ਼ਾ ਵਿਭਾਗ ਪੰਜਾਬ, ਪੰਜਾਬੀ ਸਾਹਿਤ ਅਕਾਡਮੀ ਅਤੇ ਭਾਸ਼ਾ ਨਾ਼ਲ ਜੁੜੀਆਂ ਹੋਰ ਸੰਸਥਾਵਾਂ ਕਈ ਪ੍ਰੋਗਰਾਮ ਕਰਦੀਆਂ ਹਨ। ਜਲੂਸ ਕੱਢੇ ਜਾਂਦੇ ਹਨ। ਮੋਮਬੱਤੀ ਮਾਰਚ ਕੀਤੇ ਜਾਂਦੇ ਹਨ। ਪੰਜਾਬੀ ਭਾਸ਼ਾ ਸੰਬੰਧੀ ਵਿਚਾਰਾਂ ਕੀਤੀਆਂ ਜਾਂਦੀਆਂ ਹਨ। ਪਰੰਤੂ ਅੰਤਰਰਾਸ਼ਟਰੀ ਮਾਤ-ਭਾਸ਼ਾ ਦਿਵਸ ਕੇਵਲ ਇੱਕ ਦਿਨ ਮਨਾ ਕੇ ਖ਼ਤਮ ਹੋਣ ਵਾਲ਼ਾ ਕਾਰਜ ਨਹੀਂ ਹੈ। ਇਸ ਨਾ਼ਲ ਪੰਜਾਬੀ ਭਾਸ਼ਾ ਦਾ ਵਿਕਾਸ ਨਹੀਂ ਹੋਵੇਗਾ।

ਸੱਚ ਤਾਂ ਇਹ ਹੈ ਕਿ ਪੰਜਾਬੀ ਭਾਸ਼ਾ ਦਾ ਵਿਕਾਸ ਕਰਨ ਲਈ ਲੰਮੀ ਵਿਉਂਤਬੰਦੀ ਦੀ ਲੋੜ ਹੈ। ਸਭ ਤੋਂ ਪਹਿਲੀ ਗੱਲ ਕਿ ਪੰਜਾਬ ਵਿਚ ਚੱਲਦੇ ਸਾਰੇ ਸਰਕਾਰੀ, ਅਰਧ-ਸਰਕਾਰੀ, ਕੌਨਵੈਂਟ, ਮਾਡਲ, ਪਬਲਿਕ, ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਭਾਸ਼ਾ ਇੱਕ ਵਿਸ਼ੇ ਵਜੋਂ ਪੜ੍ਹਾਈ ਜਾਣੀ ਚਾਹੀਦੀ ਹੈ। ਬੇਸ਼ੱਕ 2008 ਈਸਵੀ ਦਾ ਭਾਸ਼ਾ ਐਕਟ ਇਹ ਕਹਿੰਦਾ ਹੈ ਕਿ ਪੰਜਾਬੀ ਭਾਸ਼ਾ ਪੰਜਾਬ ਦੇ ਸਾਰੇ ਸਕੂਲਾਂ ਵਿਚ ਲਾਜ਼ਮੀ ਤੌਰ ਉੱਤੇ ਪੜ੍ਹਾਈ ਜਾਵੇਗੀ। ਪਰੰਤੂ ਅਸੀਂ ਜਾਣਦੇ ਹਾਂ ਕਿ ਬਹੁਤ ਸਾਰੀਆਂ ਚੋਰ ਮੋਰੀਆਂ ਰਾਹੀਂ ਇਸ ਤੋਂ ਬਚਿਆ ਜਾ ਰਿਹਾ ਹੈ।

ਦੂਜੀ ਗੱਲ ਕਿ ਪੰਜਾਬੀ ਭਾਸ਼ਾ ਨੂੰ ਕੇਵਲ ਇੱਕ ਵਿਸ਼ੇ ਵਜੋਂ ਹੀ ਨਹੀਂ ਸਗੋਂ ਸਾਰੇ ਵਿਸ਼ੇ ਇੱਕ ਮਾਧਿਅਮ ਵਜੋਂ ਪੰਜਾਬੀ ਭਾਸ਼ਾ ਵਿਚ ਪੜ੍ਹਾਏ ਜਾਣੇ ਚਾਹੀਦੇ ਹਨ। ਜੇਕਰ ਸਿੱਖਿਆ ਦਾ ਮਾਧਿਅਮ ਪੰਜਾਬੀ ਹੋਵੇਗਾ ਤਾਂ ਹੀ ਪੰਜਾਬੀ ਭਾਸ਼ਾ ਦਾ ਵਿਕਾਸ ਹੋਵੇਗਾ। ਤੀਜਾ ਜਦੋਂ ਤੱਕ ਕਚਹਿਰੀਆਂ ਅਤੇ ਅਦਾਲਤਾਂ ਦੀ ਭਾਸ਼ਾ ਪੰਜਾਬੀ ਨਹੀਂ ਹੁੰਦੀ, ਉਦੋਂ ਤੱਕ ਪੰਜਾਬੀ ਭਾਸ਼ਾ ਦਾ ਵਿਕਾਸ ਨਹੀਂ ਹੋ ਸਕਦਾ। ਮਨੁੱਖ ਨੂੰ ਇਨਸਾਫ਼ ਉਸ ਦੀ ਆਪਣੀ ਮਾਤ-ਭਾਸ਼ਾ ਵਿਚ ਹੀ ਮਿਲਣਾ ਚਾਹੀਦਾ ਹੈ। ਸਾਡੇ ਦੇਸ਼ ਦੇ ਚੀਫ਼ ਜਸਟਿਸ ਸਾਹਿਬ ਨੇ ਇਹ ਗੱਲ ਕਈ ਵਾਰੀ ਕਹੀ ਹੈ ਕਿ ਅਦਾਲਤਾਂ ਵਿਚ ਉੱਥੋਂ ਦੀ ਮਾਤ ਭਾਸ਼ਾ ਵਿਚ ਹੀ ਬਹਿਸ ਹੋਣੀ ਚਾਹੀਦੀ ਹੈ।

ਅਗਲੀ ਗੱਲ ਇਹ ਹੈ ਕਿ ਪੰਜਾਬ ਵਿਚ ਜਿੰਨੀਆਂ ਵੀ ਨੌਕਰੀਆਂ ਭਰੀਆਂ ਜਾਂਦੀਆਂ ਹਨ, ਉਨ੍ਹਾਂ ਦੇ ਪੇਪਰ ਦਾ ਮਾਧਿਅਮ ਵੀ ਪੰਜਾਬੀ ਹੋਣਾ ਚਾਹੀਦਾ ਹੈ। ਉਸ ਦਾ ਵਿਸ਼ਾ ਵਸਤੂ, ਤੱਤ, ਸਾਰ ਆਦਿ ਵੀ ਪੰਜਾਬੀ ਭਾਸ਼ਾ, ਕਲਾ, ਸਾਹਿਤ, ਲੋਕ ਸਾਹਿਤ, ਸਭਿਆਚਾਰ ਨਾ਼ਲ ਸਬੰਧਤ ਹੋਣਾ ਚਾਹੀਦਾ ਹੈ। ਪੰਜਾਬੀ ਭਾਸ਼ਾ ਨੂੰ ਇੱਕ ਵਿਸ਼ੇ ਵਜੋਂ ਪਾਸ ਕਰਨਾ, ਪ੍ਰਸ਼ੰਸਾਯੋਗ ਕਾਰਜ ਹੈ। ਸਰਕਾਰ ਵੱਲੋਂ ਸਖ਼ਤ ਹਦਾਇਤ ਕੀਤੀ ਜਾਣੀ ਚਾਹੀਦੀ ਹੈ ਕਿ ਪੰਜਾਬ ਰਾਜ ਵਿਚ ਕੋਈ ਵੀ ਅਦਾਰਾ ਉੰਨੀ ਦੇਰ ਤੱਕ ਆਪਣਾ ਕੰਮ ਕਾਰ ਸ਼ੁਰੂ ਨਾ ਕਰ ਸਕੇ, ਜਿੰਨੀ ਦੇਰ ਤੱਕ ਉਹ ਆਪਣੇ ਅਦਾਰੇ ਦਾ ਸਾਰਾ ਕੰਮ ਕਾਜ ਪੰਜਾਬੀ ਭਾਸ਼ਾ ਵਿਚ ਕਰਨਾ ਯਕੀਨੀ ਨਹੀਂ ਬਣਾਉਂਦਾ।

ਸਾਰੇ ਸਰਕਾਰੀ, ਅਰਧ-ਸਰਕਾਰੀ, ਪ੍ਰਾਈਵੇਟ ਦਫ਼ਤਰਾਂ ਵਿਚ ਸਾਰਾ ਕੰਮ ਕਾਜ ਪੰਜਾਬੀ ਭਾਸ਼ਾ ਵਿਚ ਹੀ ਹੋਣਾ ਚਾਹੀਦਾ ਹੈ। ਹੈਰਾਨੀ ਵਾਲ਼ੀ ਗੱਲ ਤਾਂ ਇਹ ਹੈ ਕਿ ਪੰਜਾਬ ਵਿਚ ਪੰਜਾਬੀ ਭਾਸ਼ਾ ਲਾਗੂ ਕਰਨ ਸੰਬੰਧੀ ਜਿਹੜੀ ਚਿੱਠੀ ਵੀ ਜਾਰੀ ਕੀਤੀ ਜਾਂਦੀ ਹੈ, ਉਹ ਵੀ ਅੰਗਰੇਜ਼ੀ ਭਾਸ਼ਾ ਵਿਚ ਹੀ ਹੁੰਦੀ ਹੈ। ਇਸ ਪਾਸੇ ਵੀ ਬਹੁਤ ਗੰਭੀਰਤਾ ਅਤੇ ਸੁਹਿਰਦਤਾ ਨਾ਼ਲ ਕੰਮ ਕਰਨ ਦੀ ਲੋੜ ਹੈ। ਪੰਜਾਬ ਸਰਕਾਰ ਵੱਲੋਂ ਇੱਕ ਪੱਤਰ ਜਾਰੀ ਕੀਤਾ ਗਿਆ ਹੈ ਕਿ ਜੇਕਰ ਤੁਸੀਂ ਪੰਜਾਬ ਵਿਚ ਸਰਕਾਰੀ ਨੌਕਰੀ ਲੈਣੀ ਹੈ ਤਾਂ ਪੰਜਾਬੀ ਦਾ ਪੇਪਰ ਪਾਸ ਕਰਨਾ ਲਾਜ਼ਮੀ ਹੈ। ਇਹ ਸ਼ਲਾਘਾਯੋਗ ਉਪਰਾਲਾ ਹੈ।

ਪੰਜਾਬ ਸਰਕਾਰ ਨੇ ਇੱਕ ਹੋਰ ਚਿੱਠੀ ਜਾਰੀ ਕੀਤੀ ਹੈ ਕਿ ਇੱਕੀ ਫਰਵਰੀ ਤੱਕ ਪੰਜਾਬ ਵਿਚ ਚੱਲ ਰਹੇ ਸਾਰੇ ਅਦਾਰੇ, ਦਫ਼ਤਰ, ਬੋਰਡ, ਸਕੂਲਾਂ, ਕਾਲਜਾਂ, ਦੁਕਾਨਾਂ ਆਦਿ ਦੇ ਬੋਰਡ ਪੰਜਾਬੀ ਵਿਚ ਹੋਣੇ ਚਾਹੀਦੇ ਹਨ। ਪੰਜਾਬ ਸਰਕਾਰ ਦਾ ਇਹ ਫ਼ੈਸਲਾ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਸਹਾਇਕ ਸਿੱਧ ਹੋ ਸਕਦਾ ਹੈ। ਬੜੇ ਲੰਮੇ ਸਮੇਂ ਤੋਂ ਪੰਜਾਬੀ ਇਹ ਮੰਗਾਂ ਉਠਾਉਂਦੇ ਰਹੇ ਹਨ। ਹੁਣ ਮੌਜੂਦਾ ਪੰਜਾਬ ਸਰਕਾਰ ਨੇ ਇਹ ਗੱਲਾਂ ਲਾਗੂ ਕੀਤੀਆਂ ਹਨ। ਇਸ ਲਈ ਪੰਜਾਬ ਸਰਕਾਰ ਵਧਾਈ ਦੀ ਹੱਕਦਾਰ ਹੈ। ਪਰੰਤੂ ਹੁਣ ਅਮਲੀ ਰੂਪ ਵਿਚ ਉਪਰੋਕਤ ਗੱਲਾਂ ਲਾਗੂ ਵੀ ਹੋਣੀਆਂ ਚਾਹੀਦੀਆਂ ਹਨ।

ਇੱਕ ਪਾਸੇ ਤਾਂ ਸਰਕਾਰ ਨੂੰ ਕਾਨੂੰਨ ਬਣਾਉਣਾ ਚਾਹੀਦਾ ਹੈ ਕਿ ਬੇਸ਼ੱਕ ਕੋਈ ਵੀ ਸਰਕਾਰੀ ਜਾਂ ਪ੍ਰਾਈਵੇਟ ਅਦਾਰਾ ਹੈ, ਉਸ ਨੂੰ ਆਪਣੇ ਕੰਮ ਧੰਦੇ ਦੀ ਇਸ਼ਤਿਹਾਰਬਾਜ਼ੀ ਲਈ ਲਗਾਏ ਬੋਰਡ ਦੇ ਉੱਪਰਲੇ ਅੱਧੇ ਭਾਗ ਵਿਚ ਪੰਜਾਬੀ ਵਿਚ ਹੀ ਲਿਖਿਆ ਹੋਣਾ ਚਾਹੀਦਾ ਹੈ। ਹੇਠਲੇ ਹਿੱਸੇ ਵਿਚ ਉਸ ਨੂੰ ਹੋਰ ਕਿਸੇ ਵੀ ਭਾਸ਼ਾ ਵਿਚ ਲਿਖਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ। ਦੂਜਾ ਜਿਹੜੇ ਦਿਲੋਂ ਪੰਜਾਬੀ ਭਾਸ਼ਾ ਦੇ ਪ੍ਰੇਮੀ ਹਨ, ਲੋਕਾਂ ਨਾ਼ਲ ਮੋਹ ਰੱਖਣ ਵਾਲ਼ੇ ਲੋਕ, ਸਾਹਿਤਕਾਰ ਹਨ, ਉਹ ਆਪਣੇ ਘਰ, ਆਂਢ ਗੁਆਂਢ, ਮੁਹੱਲੇ, ਆਪਣੇ ਇਲਾਕੇ ਵਿਚ ਆਮ ਲੋਕਾਂ ਅਤੇ ਕਾਰੋਬਾਰੀਆਂ ਨੂੰ ਪ੍ਰੇਰਿਤ ਕਰ ਕੇ ਉਨ੍ਹਾਂ ਦੇ ਮਨਾਂ ਵਿਚ ਪੰਜਾਬੀ ਭਾਸ਼ਾ ਪ੍ਰਤੀ ਪਿਆਰ, ਜਾਗਰੂਕਤਾ, ਸਨੇਹ ਪੈਦਾ ਕਰਨ ਦੇ ਯਤਨ ਕਰਨ।

ਅਸੀਂ ਜਾਣਦੇ ਹਾਂ ਕਿ ਜਿਸ ਦੀ ਰਾਜਸੱਤਾ ਹੁੰਦੀ ਹੈ, ਉਸ ਦੀ ਹੀ ਭਾਸ਼ਾ ਚੱਲਦੀ ਹੁੰਦੀ ਹੈ। ਜੇਕਰ ਕਿਸੇ ਸਮੇਂ ਮੁਗ਼ਲ ਹਕੂਮਤ ਸਾਡੇ ਉੱਤੇ ਕਾਬਜ਼ ਸੀ ਤਾਂ ਫ਼ਾਰਸੀ ਭਾਸ਼ਾ ਪ੍ਰਧਾਨ ਹੋ ਗਈ। ਜਦੋਂ ਅੰਗਰੇਜ਼ਾਂ ਨੇ ਆਪਣਾ ਰਾਜ ਕਾਇਮ ਕਰ ਲਿਆ ਤਾਂ ਅੰਗਰੇਜ਼ੀ ਭਾਸ਼ਾ ਦਾ ਬੋਲਬਾਲਾ ਹੋ ਗਿਆ। ਹੁਣ ਅੰਗਰੇਜ਼ਾਂ ਦੇ ਚਲੇ ਜਾਣ ਤੋਂ ਬਾਅਦ ਜੇਕਰ ਪੰਜਾਬ ਵਿਚ ਪੰਜਾਬੀਆਂ ਦਾ ਰਾਜ ਹੈ ਤਾਂ ਪੰਜਾਬ ਵਿਚ ਪੰਜਾਬੀ ਭਾਸ਼ਾ ਪੂਰੀ ਤਰ੍ਹਾਂ ਲਾਗੂ ਕਿਉਂ ਨਹੀਂ ਹੋਈ? ਸਾਡੇ ਸਾਹਮਣੇ ਇਹ ਵੱਡਾ ਸਵਾਲ ਹੈ।

ਸਭ ਤੋਂ ਵੱਡੀ ਗੱਲ ਇਹ ਹੈ ਕਿ ਪੰਜਾਬੀ ਭਾਸ਼ਾ ਨੂੰ ਰੁਜ਼ਗਾਰ ਦੀ ਭਾਸ਼ਾ ਬਣਾਉਣ ਦੀ ਲੋੜ ਹੈ। ਜਿੱਥੋਂ ਤੱਕ ਪੰਜਾਬ ਵਿਚ ਰੁਜ਼ਗਾਰ ਹਾਸਲ ਕਰਨ ਦੀ ਗੱਲ ਹੈ। ਇਸ ਸੰਦਰਭ ਵਿਚ ਯੋਗਤਾ ਪ੍ਰਾਪਤ ਵਿਦਿਆਰਥੀਆਂ ਦੀ ਪਰਖ਼ ਕਰਨ ਲਈ ਪੰਜਾਬੀ ਵਿਸ਼ੇ ਦਾ ਪੇਪਰ ਪਾਸ ਕਰਨਾ ਲਾਜ਼ਮੀ ਹੋਵੇਗਾ। ਦੂਜਾ, ਵਿਦਿਆਰਥੀ ਦਾ ਬੌਧਿਕ ਮਿਆਰ ਪਰਖਣ ਲਈ ਪੰਜਾਬੀ ਮਾਧਿਅਮ ਵਿਚ ਪੰਜਾਬੀ ਸਾਹਿਤ, ਭਾਸ਼ਾ, ਕਲਾ, ਲੋਕ ਸਾਹਿਤ, ਸਭਿਆਚਾਰ ਸੰਬੰਧੀ ਵੀ ਪੰਜਾਬੀ ਦਾ ਪੇਪਰ ਪਾਸ ਕਰਨਾ ਲਾਜ਼ਮੀ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾ਼ਲ ਪੰਜਾਬੀ ਭਾਸ਼ਾ ਤਰੱਕੀ ਕਰੇਗੀ।

ਜਿਹੜਾ ਵੀ ਵਿਅਕਤੀ ਪੰਜਾਬ ਵਿਚ ਰੁਜ਼ਗਾਰ ਲਈ ਕੋਈ ਪਲਾਂਟ ਸਥਾਪਤ ਕਰਨਾ ਚਾਹੁੰਦਾ ਹੈ, ਉਸ ਦੀ ਸਾਰੀ ਇਸ਼ਤਿਹਾਰਬਾਜ਼ੀ ਲਾਜ਼ਮੀ ਤੌਰ ਉੱਤੇ ਪੰਜਾਬੀ ਭਾਸ਼ਾ ਵਿਚ ਹੀ ਹੋਣੀ ਚਾਹੀਦੀ ਹੈ। ਉਸ ਦੇ ਦਫ਼ਤਰ ਦਾ ਸਾਰਾ ਕੰਮ ਕਾਜ ਪੰਜਾਬੀ ਭਾਸ਼ਾ ਵਿਚ ਹੀ ਹੋਣਾ ਚਾਹੀਦਾ ਹੈ। ਜੇਕਰ ਉਨ੍ਹਾਂ ਨੇ ਆਪਣੀ ਫ਼ਰਮ ਦਾ ਬਣਿਆ ਸਮਾਨ ਹੋਰ ਰਾਜਾਂ ਜਾਂ ਵਿਦੇਸ਼ਾਂ ਵਿਚ ਭੇਜਣਾ ਹੈ ਤਾਂ ਉਹਦੇ ਲਈ ਅਨੁਵਾਦਕ ਰੱਖੇ ਜਾ ਸਕਦੇ ਹਨ। ਉਨ੍ਹਾਂ ਨੂੰ ਚਿੱਠੀ ਪੱਤਰ ਦਾ ਅਨੁਵਾਦ ਭੇਜਿਆ ਜਾਣਾ ਚਾਹੀਦਾ ਹੈ। ਜਦੋਂ ਇਸ ਢੰਗ ਨਾ਼ਲ ਕੰਮ ਹੋਵੇਗਾ ਤਦ ਪੰਜਾਬ ਵਿਚ ਰੁਜ਼ਗਾਰ ਦੇ ਵਧੇਰੇ ਮੌਕੇ ਪੈਦਾ ਹੋਣਗੇ।

ਸੱਚ ਤਾਂ ਇਹ ਹੈ ਕਿ ਮਾਤਾ-ਭਾਸ਼ਾ ਸੰਬੰਧੀ ਵਿਚਾਰਾਂ ਕਰਨੀਆਂ ਭਾਵੁਕਤਾ ਨਹੀਂ, ਸਗੋਂ ਬੌਧਿਕਤਾ ਹੈ। ਕਿਸੇ ਵੀ ਵਿਅਕਤੀ ਦਾ ਸੰਪੂਰਨ ਵਿਕਾਸ ਮਾਤ-ਭਾਸ਼ਾ ਰਾਹੀਂ ਹੀ ਸੰਭਵ ਹੋ ਸਕਦਾ ਹੈ। ਜਿਹੜੀ ਭਾਸ਼ਾ ਉਸ ਨੇ ਆਪਣੀ ਮਾਂ, ਪਰਿਵਾਰ ਦੇ ਹੋਰ ਮੈਂਬਰਾਂ ਕੋਲੋਂ, ਆਪਣੇ ਆਲ਼ੇ ਦੁਆਲ਼ੇ, ਗੁਆਂਢ, ਆਪਣੇ ਹਾਣੀਆਂ, ਆਪਣੇ ਸਕੂਲ ਤੋਂ ਸਹਿਜ ਰੂਪ ਵਿਚ ਗ੍ਰਹਿਣ ਕੀਤੀ ਹੋਵੇ, ਉਹ ਉਸ ਦੀ ਮਾਤ ਭਾਸ਼ਾ ਹੁੰਦੀ ਹੈ। ਮਾਤ ਭਾਸ਼ਾ ਰਾਹੀਂ ਸਿੱਖਿਆ ਗਿਆਨ ਉਸ ਦੇ ਅੰਦਰੂਨੀ ਪੱਖਾਂ ਨੂੰ ਵੀ ਪ੍ਰਫੁੱਲਿਤ ਕਰਦਾ ਹੈ। ਉਸ ਦੇ ਬੌਧਿਕ ਪੱਖ ਨੂੰ ਵੀ ਪੱਕਾ ਕਰਦਾ ਹੈ। ਸੰਸਾਰ ਭਰ ਦੇ ਸਿੱਖਿਆ ਸ਼ਾਸਤਰੀਆਂ ਅਤੇ ਮਨੋਵਿਗਿਆਨੀਆਂ ਨੇ ਇਹ ਸਿੱਟਾ ਕੱਢਿਆ ਹੈ ਕਿ ਮਨੁੱਖ ਆਪਣੀ ਮਾਤ-ਭਾਸ਼ਾ ਵਿਚ ਹੀ ਆਪਣੇ ਮਨ ਦੇ ਭਾਵ ਵਧੀਆ ਢੰਗ ਨਾ਼ਲ ਪ੍ਰਗਟਾਅ ਸਕਦਾ ਹੈ। ਉਚੇਰੀਆਂ ਬੌਧਿਕ ਪ੍ਰਾਪਤੀਆਂ ਕਰ ਸਕਦਾ ਹੈ। ਦੂਜਿਆਂ ਨਾ਼ਲ ਸੰਵਾਦ ਰਚਾ ਸਕਦਾ ਹੈ। ਤਰਕ ਕਰ ਸਕਦਾ ਹੈ।

ਇਹ ਵੀ ਹੈਰਾਨੀਜਨਕ ਤੱਥ ਹੈ ਕਿ ਭਾਰਤ ਅਬਾਦੀ ਦੇ ਪੱਖੋਂ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਦੇਸ਼ ਹੈ। ਪਰੰਤੂ ਇਸ ਨੂੰ ਨੋਬੇਲ ਪੁਰਸਕਾਰ ਬਹੁਤ ਘੱਟ ਮਿਲੇ ਹਨ। ਦੂਜੇ ਪਾਸੇ ਜਪਾਨ, ਫਰਾਂਸ, ਸਵਿਟਜ਼ਰਲੈਂਡ ਬਹੁਤ ਛੋਟੇ-ਛੋਟੇ ਦੇਸ਼ ਹਨ, ਪਰੰਤੂ ਉਨ੍ਹਾਂ ਨੂੰ ਮਿਲਣ ਵਾਲ਼ੇ ਨੋਬੇਲ ਪੁਰਸਕਾਰਾਂ ਦੀ ਗਿਣਤੀ ਬਹੁਤ ਵੱਡੀ ਹੈ। ਇਸ ਦਾ ਕਾਰਨ ਇਹ ਹੈ ਕਿ ਉੱਥੋਂ ਦੇ ਲੋਕ ਆਪਣੇ ਬੱਚਿਆਂ ਨੂੰ ਉਨ੍ਹਾਂ ਦੀ ਮਾਤ-ਭਾਸ਼ਾ ਵਿਚ ਹੀ ਸਿੱਖਿਆ ਦਿੰਦੇ ਹਨ। ਪੰਜਾਬ ਵਿਚ ਮੌਲਿਕ ਸੋਚਣੀ ਦੀ ਘਾਟ, ਬੌਧਿਕ ਕੰਗਾਲੀ ਦਾ ਇਹ ਵੀ ਇੱਕ ਕਾਰਨ ਹੈ ਕਿ ਅਸੀਂ ਆਪਣੀ ਮਾਤ-ਭਾਸ਼ਾ ਤੋਂ ਟੁੱਟਦੇ ਜਾ ਰਹੇ ਹਾਂ। ਮਾਤ-ਭਾਸ਼ਾ ਇਨਸਾਨ ਦੇ ਭਾਵਨਾਤਮਕ ਸੰਸਾਰ ਨੂੰ ਤਾਂ ਤ੍ਰਿਪਤ ਕਰਦੀ ਹੀ ਹੈ, ਉੱਥੇ ਉਹ ਉਸ ਦੀਆਂ ਬੌਧਿਕ ਉਡਾਰੀਆਂ ਨੂੰ ਵੀ ਸਿੰਝਦੀ ਹੈ। ਇੱਕ ਸੰਪੂਰਨ ਮਨੁੱਖ ਦੀ ਉਸਾਰੀ ਵਿਚ ਮਾਤ-ਭਾਸ਼ਾ ਦਾ ਬਹੁਤ ਵੱਡਾ ਯੋਗਦਾਨ ਹੈ।

# ਸਿਖਰਲੀ ਅਦਾਲਤ ਵਲੋਂ 'ਫ੍ਰੀਬੀਜ਼' 'ਤੇ ਸਖਤ ਟਿੱਪਣੀਆਂ

ਦੇਸ਼ ਦੀ ਸਰਬਉੱਚ ਅਦਾਲਤ ਨੇ 12 ਫਰਵਰੀ ਨੂੰ ਇਕ ਕੇਸ ਦੀ ਸੁਣਵਾਈ ਕਰਦਿਆਂ ਚੋਣਾਂ ਤੋਂ ਪਹਿਲਾਂ ਮਤਦਾਤਾਵਾਂ ਨੂੰ ਲੁਭਾਉਣ ਲਈ ਸਿਆਸੀ ਪਾਰਟੀਆਂ ਵਲੋਂ ਮੁਫਤ ਸਹੂਲਤਾਂ (ਫ੍ਰੀਬੀਜ਼) ਦੇਣ ਦੇ ਕੀਤੇ ਜਾਂਦੇ ਐਲਾਨਾਂ ਉਪਰ ਸਖਤ ਟਿੱਪਣੀਆਂ ਕਰਦਿਆਂ ਇਨ੍ਹਾਂ ਨੂੰ ਮੁਫਤਖੋਰਾਂ, ਕੰਮਚੋਰਾਂ ਅਤੇ ਪਰਜੀਵੀਆਂ ਦੀ ਜਮਾਤ ਪੈਦਾ ਕਰਨ ਵਾਲੀਆਂ ਕਾਰਵਾਈਆਂ ਗਰਦਾਨਿਆ ਹੈ।

ਜਸਟਿਸ ਬੀ.ਆਰ. ਗਵਈ ਦੀ ਅਗਵਾਈ ਵਾਲੇ ਬੈਂਚ, ਜਿਸ ਵਿਚ ਜਸਟਿਸ ਆਗਸਟੀਨ ਜੌਰਜ ਮਸੀਹ ਵੀ ਸ਼ਾਮਿਲ ਸਨ, ਨੇ ਸ਼ਹਿਰੀ ਇਲਾਕਿਆਂ 'ਚ ਬੇਘਰ ਵਿਅਕਤੀਆਂ ਦੇ ਆਸਰੇ ਦੇ ਹੱਕ ਨਾਲ ਸਬੰਧਤ ਈ.ਆਰ. ਕੁਮਾਰ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਉਪਰੋਕਤ ਮਹੱਤਵਪੂਰਨ ਟਿੱਪਣੀਆਂ ਕੀਤੀਆਂ। ਬੈਂਚ ਨੇ ਕਿਹਾ ਕਿ ਲੋਕਾਂ ਨੂੰ ਕੌਮ ਦੇ 'ਵਿਕਾਸ ਲਈ ਮੁੱਖਧਾਰਾ ਵਿਚ ਲਿਆਉਣ ਦੀ ਬਜਾਏ 'ਕੀ ਅਸੀਂ ਪਰਜੀਵੀਆਂ ਦੀ ਜਮਾਤ ਨਹੀਂ ਪੈਦਾ ਕਰ ਰਹੇ?''



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਜਸਟਿਸ ਗਵਈ ਨੇ ਕਿਹਾ, ''ਬਦਕਿਸਮਤੀ ਨਾਲ 'ਲਾਡਲੀ ਬਹਿਨ' ਅਤੇ ਹੋਰ ਫ੍ਰੀਬੀਜ਼ ਵਰਗੀਆਂ ਯੋਜਨਾਵਾਂ ਐਨ ਚੋਣਾਂ ਤੋਂ ਪਹਿਲਾਂ ਐਲਾਨ ਕਰਨ ਨਾਲ ਲੋਕ ਕੰਮ ਨਹੀਂ ਕਰਨਾ ਚਾਹੁੰਦੇ ਹਨ''। ਇਹ ਮੁਫਤ ਸਹੂਲਤ ਦੀ ਸਕੀਮ ਦਾ ਐਲਾਨ ਮਹਾਰਾਸ਼ਟਰਾ ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਤੇ ਉਸ ਦੇ ਗੱਠਜੋੜ ਵਾਲਿਆਂ ਨੇ ਕੀਤਾ ਸੀ ਜਿਸ ਤਹਿਤ ਹਰ ਔਰਤ ਦੇ ਖਾਤੇ ਵਿਚ ਹਰ ਮਹੀਨੇ 1250 ਦੀ ਰਾਸ਼ੀ ਜਮ੍ਹਾਂ ਕੀਤੀ ਜਾਣੀ ਸੀ ਅਤੇ ਇਸ ਸਹੂਲਤ ਨੇ ਸਿਆਸੀ ਬਾਜ਼ੀ ਹੀ ਪਲਟ ਕੇ ਰੱਖ ਦਿੱਤੀ ਸੀ।

(ਸਾਡੇ ਇਹ ਰਾਸ਼ੀ 1000 ਰੁਪਏ ਮਹੀਨਾ ਹੈ ਪਰ ਇਸ ਦੀ ਅਦਾਇਗੀ ਫੌਰਨ ਨਹੀਂ ਸੀ ਸ਼ੁਰੂ ਹੋਈ। ਦਿੱਲੀ 'ਚ 'ਆਪ' ਨੇ ਇਹ ਰਾਸ਼ੀ ਦਾ ਗੱਫਾ 2100 ਰੁਪਏ ਮਹੀਨਾ ਕਰ ਦਿਤਾ ਸੀ ਪਰ ਚੋਣਾਂ 'ਚ ਗੱਲ ਫਿਰ ਵੀ ਨਾ ਬਣੀ!)

ਜਸਟਿਸ ਗਵਈ ਨੇ ਹੋਰ ਕਿਹਾ, ''ਮੈਂ ਖੇਤੀਬਾੜੀ ਨਾਲ ਸਬੰਧਤ ਪਰਿਵਾਰ 'ਚੋਂ ਹਾਂ। ਚੋਣਾਂ ਤੋਂ ਐਨ ਪਹਿਲਾਂ ਮਹਾਰਾਸ਼ਟਰਾ ਵਿਚ ਐਲਾਨ ਕੀਤੀਆਂ ਗਈਆਂ ਮੁਫਤ ਸਹੂਲਤਾਂ ਕਾਰਨ ਉਥੇ ਖੇਤੀਬਾੜੀ ਕਰਨ ਵਾਲਿਆਂ ਨੂੰ ਕੰਮ ਲਈ ਖੇਤ-ਮਜ਼ਦੂਰ ਨਹੀਂ ਮਿਲ ਰਹੇ''। ਉਨ੍ਹਾਂ ਕਿਹਾ ਕਿ ਅਜਿਹੀਆਂ ਮੁਫਤ ਦੀਆਂ ਸਹੂਲਤਾਂ ਕਾਰਨ, ਮੁਫਤ ਦੇ ਰਾਸ਼ਨ ਅਤੇ ਬਿਨਾ ਕੰਮ ਦੇ ਨਕਦੀ ਮਿਲਣ ਕਾਰਨ ਲੋਕ ਕੰਮ ਨਹੀਂ ਕਰ ਰਹੇ।

ਜਦ ਪਟੀਸ਼ਨਰ ਦੇ ਵਕੀਲ ਪ੍ਰਸ਼ਾਂਤ ਭੂਸ਼ਨ ਨੇ ਇਹ ਦਲੀਲ ਦਿੱਤੀ ਕਿ ਦੇਸ਼ ਵਿਚ ਅਜਿਹਾ ਕੋਈ ਵੀ ਵਿਅਕਤੀ ਨਹੀਂ ਜੋ ਜੇ ਕੰਮ ਮਿਲਦਾ ਹੋਵੇ ਤਾਂ ਕੰਮ ਨਾ ਕਰੇ ਤਾਂ ਜਸਟਿਸ ਗਵਈ ਨੇ ਮੋੜਵਾਂ ਜਵਾਬ ਦਿੰਦਿਆਂ ਕਿਹਾ, ''ਤੁਹਾਡੀ (ਇਸ ਸਬੰਧੀ) ਜਾਣਕਾਰੀ ਇਕ-ਪਾਸੜ ਹੈ''। ਫਿਰ ਉਨ੍ਹਾਂ ਖੇਤੀਬਾੜੀ ਦੇ ਕਿੱਤੇ, ਜੋ ਉਨ੍ਹਾਂ ਦਾ ਆਪਣਾ ਪਿਛੋਕੜ ਵੀ ਰਿਹੈ, ਦੀ ਉਦਾਹਰਣ ਦਿੱਤੀ ਅਤੇ ਕਿਹਾ ਕਿ ਕੋਈ ਕੰਮ ਕਰਨ ਲਈ ਤਿਆਰ ਨਹੀਂ ਕਿਉਂਕਿ ਹਰ ਕਿਸੇ ਨੂੰ ਘਰ 'ਚ ਹੀ ਮੁਫਤ ਰਾਸ਼ਨ ਅਤੇ ਪੈਸਾ ਮਿਲ ਰਿਹੈ।

ਬੈਂਚ ਨੇ ਸਖਤੀ ਨਾਲ ਕਿਹਾ, ''ਲੋਕਾਂ ਨੂੰ ਕੌਮ ਦੇ ਵਿਕਾਸ ਵਿਚ ਯੋਗਦਾਨ ਪਾ ਕੇ ਮੁੱਖਧਾਰਾ ਵਿਚ ਲਿਆਉਣ ਦੀ ਬਜਾਏ ਕੀ ਅਸੀਂ ਪਰਜੀਵੀਆਂ ਦੀ ਜਮਾਤ ਨਹੀਂ ਪੈਦਾ ਕਰ ਰਹੇ''।

ਜਸਟਿਸ ਗਵਈ ਨੇ ਕਿਹਾ ''ਰਾਜਾਂ ਕੋਲ ਉਨ੍ਹਾਂ ਲੋਕਾਂ ਲਈ ਬੜਾ ਧਨ ਹੈ ਜੋ ਕੰਮ ਨਹੀਂ ਕਰਨਾ ਚਾਹੁੰਦੇ। ਜਦੋਂ ਅਸੀ ਵਿੱਤੀ ਔਕੜਾਂ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਇਨ੍ਹਾਂ ਗੱਲਾਂ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ। ਚੋਣਾਂ ਆਈਆਂ ਨਹੀਂ ਕਿ ਤੁਸੀਂ (ਸਿਆਸੀ ਪਾਰਟੀਆਂ) 'ਲਾਡਲੀ ਬਹਿਨ' ਅਤੇ ਹੋਰ ਅਜਿਹੀਆਂ ਯੋਜਨਾਵਾਂ ਜਿਨ੍ਹਾਂ ਵਿਚ ਤੈਅਸ਼ੁਦਾ ਰਾਸ਼ੀ ਨਿਰਧਾਰਤ ਹੁੰਦੀ ਹੈ, ਦਾ ਐਲਾਨ ਕਰ ਦਿੰਦੇ ਹੋ। ਦਿੱਲੀ ਵਿਚ ਇਕ ਤੋਂ ਬਾਅਦ ਦੂਜੀ ਪਾਰਟੀ ਐਲਾਨ ਕਰ ਰਹੀ ਹੈ ਕਿ ਉਹ ਸੱਤਾ ਵਿਚ ਆਉਣ ਉਪਰੰਤ 2500 ਰੁਪਿਆ ਦੇਣਗੇ''।

ਇਕ ਵਕੀਲ ਵਲੋਂ ਇਹ ਦਲੀਲ ਦਿੱਤੇ ਜਾਣ ਕਿ ਸਹੂਲਤਾਂ ਸਿਰਫ ਅਮੀਰਾਂ ਲਈ ਹੀ ਹਨ, ਗਰੀਬਾਂ ਲਈ ਨਹੀਂ, ਤਾਂ ਬੈਂਚ ਨੇ ਸਖਤੀ ਨਾਲ ਕਿਹਾ ਕਿ ਉਹ ਕੋਰਟ ਨੂੰ ਸਿਆਸੀ ਭਾਸ਼ਨ ਕਰਨ ਦਾ ਮਾਧਿਅਮ ਨਾ ਬਣਾਉਣ, ਸਗੋਂ ਜਿਸ ਮੁੱਦੇ ਬਾਰੇ ਪਟੀਸ਼ਨ ਹੈ, ਉਸ ਉਪਰ ਹੀ ਕੇਂਦਰਤ ਰਹਿਣ ਅਤੇ ਬੇਲੋੜੇ ਇਲਜ਼ਾਮ ਨਾ ਲਾਉਣ।

ਬੈਂਚ ਨੇ ਪੁੱਛਿਆ, ''ਤੁਸੀਂ ਇਹ ਕਿਵੇਂ ਕਹਿੰਦੇ ਹੋ ਕਿ ਹਮਦਰਦੀ/ਦਇਆ ਕੇਵਲ ਅਮੀਰਾਂ ਪ੍ਰਤੀ ਹੀ ਦਿਖਾਈ ਜਾਂਦੀ ਹੈ''?

ਬੈਂਚ ਨੇ ਬੇਘਰੇ ਸ਼ਹਿਰੀ ਗਰੀਬਾਂ ਲਈ ਸ਼ੈਲਟਰ ਪ੍ਰਦਾਨ ਕੀਤੇ ਜਾਣ ਪ੍ਰਤੀ ਸਹਿਮਤੀ ਜਤਾਉਂਦਿਆਂ ਸਹੂਲਤਾਂ ਪ੍ਰਦਾਨ ਕੀਤੇ ਜਾਣ ਸਮੇਂ ਸੰਤੁਲਨ ਕਾਇਮ ਰੱਖੇ ਜਾਣ ਉਪਰ ਜ਼ੋਰ ਦਿੱਤਾ।




ਕੇਂਦਰ ਵਲੋਂ ਪੇਸ਼ ਹੋਏ ਅਟਾਰਨੀ ਜਨਰਲ ਆਰ. ਵੈਂਕਟਾਰਾਮਾਨੀ ਨੇ ਕੋਰਟ ਨੂੰ ਦੱਸਿਆ ਕਿ ਸਰਕਾਰ ਸ਼ਹਿਰੀ ਗਰੀਬੀ ਨੂੰ ਦੂਰ ਕਰਨ ਦੀਆਂ ਯੋਜਨਾਵਾਂ ਬਣਾ ਰਹੀ ਹੈ। ਕੋਰਟ ਨੇ ਸਰਕਾਰ ਨੂੰ ਇਸ ਸਬੰਧੀ 6 ਹਫਤਿਆਂ ਵਿਚ ਹਲਫਨਾਮਾ ਦਾਇਰ ਕਰਨ ਲਈ ਕਿਹਾ।

ਸਿਆਸੀ ਪਾਰਟੀਆਂ ਵਲੋਂ ਚੋਣਾਂ ਤੋਂ ਐਨ ਪਹਿਲਾਂ ਲੋਕਾਂ ਨੂੰ ਮੁਫਤ ਸਹੂਲਤਾਂ ਦਿੱਤੇ ਜਾਣ ਦੇ ਐਲਾਨਾਂ ਸਬੰਧੀ ਸੁਪਰੀਮ ਕੋਰਟ ਦੀਆਂ ਟਿੱਪਣੀਆਂ ਮਾਣ-ਮਾਰੂ ਮੁਫਤਖੋਰੀ ਦੂਰ ਕਰਨ ਅਤੇ ਮਾਣ-ਮੱਤੀ ਮਿਹਨਤਕਸ਼ੀ ਨੂੰ ਬਰਕਰਾਰ ਰੱਖਣ ਵਿਚ ਸਹਾਈ ਹੋ ਸਕਦੀਆਂ ਹਨ।

ਸ਼ਬਦ ਪਰਜੀਵੀ ਬਹੁਤ ਹੀ ਸਖਤ ਹੈ। ਸਮਝੋ ਜਿਉਂਦੇ-ਜੀਅ ਨਿਰਜੀਵੀ ਬਣਨ ਵਾਲੀ ਨੌਬਤ ਹੋ ਜਾਂਦੀ ਹੈ। ਪਰਜੀਵੀ ਦੂਸਰੇ ਉਪਰ ਨਿਰਭਰ ਕਰਦੈ, ਆਪ ਕੱਖ ਨਾ ਕਰ ਕੇ ਦੂਜੇ ਦੇ ਕੀਤੇ ਉਪਰ ਪਲਦੈ। ਪਿੰਡ ਰਹਿੰਦਿਆਂ ਬਿਰਖਾਂ ਉਪਰ ਇਕ ਪੀਲੀ ਜਿਹੀ ਵੇਲ ਦੇਖੀਦੀ ਸੀ ਜਿਸ ਨੂੰ ਅਮਰਵੇਲ ਕਿਹਾ ਜਾਂਦਾ ਸੀ, ਜਿਸ ਦੀ ਆਪਣੀ ਕੋਈ ਜੜ੍ਹ ਨਹੀਂ ਸੀ ਹੁੰਦੀ ਪਰ ਉਹ ਜੜ੍ਹਦਾਰ ਬਿਰਖ ਦੀ ਜੜ੍ਹ ਪੁੱਟ ਛਡਦੀ ਸੀ!

ਮੁਫਤਖੋਰੀ ਮੁਥਾਜੀ ਦਾ ਦੂਸਰਾ ਨਾਮ ਹੈ। ਤੇ ਮੁਥਾਜੀ ਨਾਲੋਂ ਮੌਤ ਭਲੀ! ਸਾਨੂੰ ਇਥੇ ਸ਼ੇਖ ਫਰੀਦ ਦੀਆਂ ਬੜੀਆਂ ਹੀ ਅਰਥ-ਭਰਪੂਰ ਅਤੇ ਅਣਖੀ ਟੂਕਾਂ ਚੇਤੇ ਆ ਰਹੀਆਂ ਹਨ:

''ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ''॥(ਸ.ਗ.ਗ.ਸ.ਅੰਗ-1380)

ਮੁਫਤਖੋਰੀ ਵਿਹਲੜਪੁਣਾ, ਆਲਸ, ਦਲਿੱਦਰਪਨ ਵਧਾਉਂਦੀ ਹੈ। ਤੇ ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦੈ! ਬੇਕਾਰ ਯੁਵਕਾਂ ਨੂੰ ਕਾਰੇ ਲਗਾਉਣ ਦੀ ਬਜਾਏ ਟੁੱਚਰ ਜਿਹਾ ਭੱਤਾ ਦਈ ਚਲੋ ਤੇ ਅਜਿਹੇ ਨੌਜਵਾਨਾਂ ਨੂੰ ਨਸ਼ੇੜੀ ਜਾਂ ਗੋਤੀਮਾਰ ਬ੍ਰਿਗੇਡ ਬਣਾਈ ਚਲੋ!

ਇਨ੍ਹਾਂ ਮੁਫਤ ਸਹੂਲਤਾਂ ਦੇ ਵਾਅਦਿਆਂ ਨੇ ਇਕ ਨਵਾਂ ਸਿਆਸੀ ਮੁਹਾਵਰਾ ਸਿਰਜ ਦਿੱਤਾ ਹੈ- 'ਰੇਵੜੀ ਕਲਚਰ', ਜਿਸ ਨੇ 'ਵਰਕ ਕਲਚਰ' (ਕੰਮ ਸਭਿਆਚਾਰ) ਦੀ ਥਾਂ 'ਸ਼ਰਕ ਕਲਚਰ' (ਕੰਮਚੋਰੀ ਦਾ ਸਭਿਆਚਾਰ) ਦਾ ਵਰਤਾਰਾ ਸ਼ੁਰੂ ਕਰ ਦਿੱਤਾ ਹੈ। ਹਰ ਸ਼ੈਅ ਮੁਫਤੋ-ਮੁਫਤੀ -ਕੀ ਰਾਸ਼ਨ, ਬਸ ਕਿਰਾਇਆ, ਸਾਈਕਲ, ਲੈਪਟੌਪ, ਲਾਡਲੀ ਬਹਿਨਾ ਯੋਜਨਾ, ਮੁਫਤ ਪਾਣੀ-ਬਿਜਲੀ, ਟੀਵੀ, ਦਵਾ, ਸਿੱਖਿਆ-ਸਿਹਤ ਸਹੂਲਤਾਂ, ਮਹੀਨਾਵਾਰ ਨਕਦ ਅਦਾਇਗੀ, ਭੱਤੇ ਆਦਿ।

ਹੋਰ ਤਾਂ ਹੋਰ, ਹੁਣ ਤਾਂ ਕਈ ਪ੍ਰਾਂਤ ਰਾਸ਼ਨ ਘਰੋ-ਘਰੀ ਪਹੁੰਚਾਉਣ ਦੀ ਗੱਲ ਵੀ ਕਰ ਰਹੇ ਹਨ। ਕੱਲ-ਕਲੋਤਰ ਨੂੰ ਕੀ ਪਤਾ 'ਪੱਕੀਆਂ-ਪਕਾਈਆਂ' ਹੀ ਘਰੋ-ਘਰੀ ਪਹੁੰਚਾਉਣ ਦਾ ਵਰਤਾਰਾ ਵਰਤ ਜਾਏ! ਜਾਣੀ ਗਰਮਾ ਗਰਮ ਦਾਲ-ਸਬਜ਼ੀ-ਫੁਲਕਾ ਹਰ ਘਰ ਵਿਚ ਬੈਠੇ ਬਿਠਾਇਆਂ! ਬਸ ਮੂੰਹ ਹੀ ਹਿਲਾਉਣਾ ਪਊ ਖਾਣ ਲਈ, ਹੱਥ ਵੀ ਨਾ ਹਿਲਾਉਣੇ ਪੈਣਗੇ ਪਕਾਉਣ ਲਈ! ਵੈਸੇ ਹੱਥ-ਪੈਰ ਤਾਂ ਪਹਿਲਾਂ ਹੀ ਪੰਗੂ ਕਰ ਦਿੱਤੇ ਹਨ ਮੁਫਤ ਰਾਸ਼ਨ ਦੇਣ ਦੀ ਸਕੀਮ ਨੇ।

ਹੈ ਨਾ ਹੈਰਾਨੀ ਦੀ ਗੱਲ ਕਿ ਜਿਹੜਾ ਦੇਸ਼ ਵਿਸ਼ਵ ਦੀ ਪੰਜਵੀਂ ਅਰਥ-ਵਿਵਸਥਾ ਹੋਵੇ ਅਤੇ ਇਸ ਨੂੰ ਤੀਜੀ ਕਰਨ ਦੀਆਂ ਡੀਂਗਾਂ ਮਾਰ ਰਿਹਾ ਹੋਵੇ ਉਸ ਮੁਲਕ ਵਿਚ 80 ਕਰੋੜ ਲੋਕਾਂ ਨੂੰ ਮੁਫਤ ਰਾਸ਼ਨ ਦੇਣਾ ਪੈ ਰਿਹਾ ਹੋਵੇ! ਕਿਸ ਕਿਸਮ ਦਾ ਹੈ ਇਹ ਸਾਡਾ ਵਿਸ਼ਵ-ਗੁਰੂ ਭਾਰਤ, ਜੋ ਕਦੀ ਇੰਡੀਆ ਵੀ ਹੁੰਦਾ ਸੀ?

ਇਹ ਸਭ ਕੁਝ ਸਾਨੂੰ ਪੰਗੂ ਬਣਾਉਣ, ਸਾਡਾ ਸਵੈ-ਮਾਣ ਖਤਮ ਕਰਨ, ਮੁਥਾਜੀ ਭਰੀ ਜ਼ਿੰਦਗੀ ਜੀਉਣ ਅਤੇ ਸਰਕਾਰਾਂ ਕੋਲੋਂ ਸਨਮਾਨਜਨਕ ਹੱਕੀ ਸਹੂਲਤਾਂ ਦੀ ਮੰਗ ਨਾ ਕਰਨ ਲਈ ਕੀਤਾ ਜਾ ਰਿਹੈ। ਸਾਡਾ ਹੱਕ ਹੈ ਕਿ ਸਾਨੂੰ ਸਿੱਖਿਆ, ਸਿਹਤ ਅਤੇ ਰੁਜ਼ਗਾਰ ਮੁਹੱਈਆ ਕੀਤਾ ਜਾਵੇ। ਇਕ ਕਲਿਆਣਕਾਰੀ ਰਾਜ (ਵੈੱਲਫੇਅਰ ਸਟੇਟ) ਦਾ ਇਹ ਫਰਜ਼ ਹੁੰਦੈ। ਵਿਸ਼ਵ ਭਰ ਵਿਚ ਅਨੇਕ ਮੁਲਕ ਅਜਿਹੀਆਂ ਸਹੂਲਤਾਂ ਪ੍ਰਦਾਨ ਕਰਦੇ ਹਨ ਪਰ ਉਨ੍ਹਾਂ ਮੁਲਕਾਂ ਵਿਚ ਕੰਮ-ਸਭਿਆਚਾਰ ਲੋਕਾਂ ਦੇ ਹੱਡੀਂ ਰਚਿਆ ਹੈ (ਸਾਡੇ ਲੋਕ ਵੀ ਉਨ੍ਹਾਂ ਮੁਲਕਾਂ ਵਿਚ ਜਾ ਕੇ ਕੋਹਲੂ ਦੇ ਬੈਲ ਵਾਂਗ ਕੰਮ ਕਰਦੇ ਹਨ!)।

ਸੁਪਰੀਮ ਕੋਰਟ ਦੀਆਂ ਸਖਤ ਟਿੱਪਣੀਆਂ ਤਾਂ ਹੀ ਅਸਰਦਾਰ ਹੋਣਗੀਆਂ ਜੇ 'ਰੇਵੜੀਆਂ' ਨੂੰ ਰਿਸ਼ਵਤ/ਵੱਢੀ ਮੰਨ ਲਿਆ ਜਾਵੇ ਤੇ ਹਰ ਰੇਵੜੀਆਂ ਵੰਡਣ ਵਾਲੀ ਪਾਰਟੀ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇ।

ਪਰ ਹਮਾਮ ਵਿਚ ਸਾਰੇ ਨੰਗੇ ਹਨ। ਤੇ ਕੌਣ ਕਹੇ ਰਾਣੀਏਂ ਅੱਗਾ ਢੱਕ!

ਉਹ ਨੇਤਾ ਜੋ ਇਸ ਰੇਵੜੀ-ਕਲਚਰ ਨੂੰ ਰੱਜ ਕੇ ਭੰਡਦੇ ਸਨ ਆਪ ਵੀ ਰੇਵੜੀਆਂ ਵੰਡਦੇ ਹਨ!

ਹਿੰਦੀ ਕਵੀ ਦੁਸ਼ਯੰਤ ਕੁਮਾਰ ਦੀਆਂ ਸਤਰਾਂ ਹਨ-

''ਇਸ ਸਿਰੇ ਸੇ ਉਸ ਸਿਰੇ ਤਕ, ਸਭ ਸ਼ਰੀਕੇ ਜੁਰਮ ਹੈਂ,
ਆਦਮੀ ਯਾ ਤੋ ਜ਼ਮਾਨਤ ਪਰ ਰਿਹਾ ਹੈ, ਯਾ ਫਰਾਰ''।
ਹਾਲਤੇ ਇਨਸਾਨ ਪਰ ਬਰਹਮ ਨਾ ਹੋ ਅਹਿਲੇ ਵਤਨ,
ਵੋ ਕਹੀਂ ਸੇ ਜ਼ਿੰਦਗੀ ਭੀ ਮਾਂਗ ਲਾਏਂਗੇ ਉਧਾਰ''!

## ਅੰਤਰਰਾਸ਼ਟਰੀ ਮਾਤ-ਭਾਸ਼ਾ ਦਿਵਸ 'ਤੇ ਵਿਸ਼ੇਸ਼

### ਕਦੇ ਨਾ ਭੁੱਲੋ ਪੰਜਾਬੀ

ਪੰਜਾਬੀ ਮਾਂ ਬੋਲੀ ਸਾਡੀ।
ਸ਼ਹਿਦ ਤੋਂ ਮਿੱਠੀ ਡਾਢੀ।
ਕਿਸੇ ਵੀ ਦੇਸ਼ 'ਚ ਰਹੀਏ।
ਪੰਜਾਬੀ ਵਿਚ ਸੁਣੀਏ ਕਹੀਏ।
ਗਾਈਏ ਪੰਜਾਬੀ ਦੇ ਸੋਹਲੇ।
ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੋ ਪੰਜਾਬੀ।

ਕਨੇਡਾ ਹੈ ਮੁਲਖ ਪਿਆਰਾ।
ਸੋਹਣਾ, ਸੁਥਰਾ ਤੇ ਨਿਆਰਾ।
ਏਕੇ ਦਾ ਸਬਕ ਸਿਖਾਉਂਦਾ।
ਹਰ ਇਕ ਦੇ ਮਨ ਨੂੰ ਭਾਉਂਦਾ।
ਘੁੰਡੀਆਂ ਦਿਲਾਂ ਦੀਆਂ ਖੋਲ੍ਹੇ।
ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੋ ਪੰਜਾਬੀ।

ਬੋਲੀ ਪੰਜਾਬੀ ਸਿਖਣੀ।
ਗੁਰਮੁਖੀ ਲਿੱਪੀ ਲਿਖਣੀ।
ਡਿਗਰੀ ਹੈ ਵੱਡੀ ਲੈਣੀ।
ਵਿਦਿਆ ਦੀ ਘਾਟ ਨਾ ਰਹਿਣੀ।
ਗਿਆਨ ਵਲੋਂ ਨਾ ਹੋ ਜਾਈਏ ਪੋਲੇ।
ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੋ ਪੰਜਾਬੀ।

ਨੀਤੀ ਵਿਚ ਅੱਗੇ ਆਉਣਾ।
ਨੀਅਤ ਦਾ ਭੇਤ ਨਾ ਪਾਉਣਾ।
ਵੱਡੀ ਚਾਹੋ ਪਦਵੀ ਲੈਣੀ।
ਉਥੇ ਵੀ ਸੱਚੀ ਕਹਿਣੀ।
ਹੋਣਾ ਕਦੇ ਨਾ ਕੰਨਾਂ ਤੋਂ ਬੋਲੇ।
ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੋ ਪੰਜਾਬੀ।

ਗੁਣੀਆਂ ਨੇ ਉਮਰ ਲੰਘਾਤੀ।
ਲਿਖਣ ਦੀ ਹੱਦ ਮੁਕਾਤੀ।
ਸਾਡੇ ਬਿਨ ਪੜ੍ਹੇਗਾ ਕਿਹੜਾ।
ਕਰ ਲਓ ਹੁਣ ਤੁਸੀਂ ਨਿਬੇੜਾ।
ਪਿਓ ਦਾਦੇ ਨੇ ਖਜ਼ਾਨੇ ਖੋਲ੍ਹੇ।
ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੋ ਪੰਜਾਬੀ।

ਬਾਣੀ ਸਤਿਗੁਰਾਂ ਉਚਾਰੀ।
ਗੁਰਦਾਸ ਜੀ ਲਿਖ ਗਏ ਸਾਰੀ।
ਵੀਰ ਸਿੰਘ ਲਿਖਗੇ ਗਿਆਨ।
'ਨਾਭਾ' ਦਾ ਕੋਸ਼ ਮਹਾਨ।
ਸਿੰਘ ਸਭੀਆਂ ਦੇ ਬਚਨ ਅਮੋਲੇ।
ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੋ ਪੰਜਾਬੀ।

ਪਾਵਨ ਜੋ ਧੁਰ ਕੀ ਬਾਣੀ।
ਸਿੱਖ ਲੈਣੀ ਅਤੇ ਸਿਖਾਉਣੀ।
ਸਾਡਾ ਇਤਿਹਾਸ ਹੈ ਭਾਰਾ।
ਪੜ੍ਹੀਏ,ਅਪਨਾਈਏ ਸਾਰਾ।
ਬਿਨਾਂ ਕੁੰਜੀਓਂ ਜਿੰਦੇ ਕੌਣ ਖੋਲ੍ਹੇ।
ਰਹਿੰਦੇ ਕੈਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੋ ਪੰਜਾਬੀ।

ਮੂੰਹੋਂ ਜੇ ਭੁੱਲਿਆ ਊੜਾ।
ਸਿਰ ਉੱਤੇ ਰਿਹਾ ਨਾ ਜੂੜਾ।
ਜ਼ਿੱਲਤ ਸਹਿਣੀ ਹੀ ਪੈਣੀ।
ਕੌਮ ਦੀ ਹੋਂਦ ਨਾ ਰਹਿਣੀ।
ਤਾਹੀਓਂ ਕਿਸ਼ਤੀ ਖਾਂਵਦੀ ਡੋਲੇ।
ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੋ ਪੰਜਾਬੀ।

ਸਕੂਲ ਪੰਜਾਬ 'ਚ ਖੋਹਲੇ।
ਪੰਜਾਬੀ ਤੋਂ ਰੱਖਣ ਓਹਲੇ।
ਪੰਜਾਬੀ ਤੋਂ ਸਾੜਾ ਰੱਖਦੇ।
ਬੋਲ ਨਾ ਇੰਗਲਿਸ਼ ਥੱਕਦੇ।
'ਮਾਸੀ ਮਾਨ ਦੀ' ਪੰਜਾਬੀ ਨੂੰ ਮਧੋਲੇ।
ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੋ ਪੰਜਾਬੀ।

ਹਰਪਾਲ ਸਿੰਘ ਛੰਦ ਬਣਾਤਾ।
ਕਵੀਸ਼ਰਾਂ ਸੋਹਣਾ ਗਾਤਾ।
ਠੇਠ ਪੰਜਾਬੀ ਬੋਲੋ।
ਮਾਂ ਬੋਲੀ ਕਦੇ ਨਾਂ ਰੋਲੋ।
ਰੰਗ ਲਓ ਮਜੀਠੀ ਚੋਲੇ।
ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੋ ਪੰਜਾਬੀ।

*-ਭਾਈ ਹਰਪਾਲ ਸਿੰਘ ਲੱਖਾ*

---

### ਪੰਜਾਬ ਤੇ ਪੰਜਾਬੀ

ਤਿਹ ਤਾਂ ਬਥੇਰਾ ਅਉਂਦਾ ਹੈ,
ਸਾਨੂੰ ਪੰਜਾਬ ਦਾ।
ਪੰਜਾਬੀਆਂ ਦੇ ਮੋਹ ਭਰੇ,
ਅਦਬੋ ਅਦਾਬ ਦਾ।

ਹੋਣੀ ਵੰਗਾਰਨ ਵਾਲੜਾ,
ਮੁੱਠੀਆਂ ਰਿਹਾ ਸੀ ਮੀਚਦਾ,
ਵਾਹਘੇ ਨੇ ਜਦ ਪੰਜਾਬ ਸੀ,
ਵੰਡਿਆ ਜਨਾਬ ਦਾ।

ਢਾਈ ਗਜ਼ ਸਾਫਾ ਵਟਾ,
ਬਣਦਾ ਰਿਹਾ ਪੱਗ ਵੱਟ ਭਰਾ,
ਪੰਜਾਬੀਅਤ ਨੂੰ ਕਾਸ਼ ਨਾ,
ਪੱਛਮ ਸਲ੍ਹਾਬਦਾ।

ਜੋ ਕੁੜੀ ਪੋਠੋਹਾਰ ਦੀ,
ਟੱਕਰੀ ਸੀ ਕਿਸੇ ਸ਼ਾਇਰ ਨੂੰ,
ਉਹ ਰੰਗ ਮਾਝੇ ਮਾਲਵੇ,
ਕਿਥੇ ਹੈ ਦੁਆਬ ਦਾ।

ਉਹ ਮੱਝਾਂ ਚਾਰਨ ਵਾਲੜਾ,
ਆਸ਼ਕ ਅਨੋਖਾ ਜੱਗ ਤੋਂ,
ਉਹਦਾ ਪ੍ਰੇਮ ਪੌਂਡਾਂ ਡਾਲਰਾਂ,
ਯੂਰੋ ਦੇ ਹੋਇਆ ਸਾਬ੍ਹ ਦਾ।

ਪੰਜਾਬੀਅਤ ਦੇ ਹੁਸਨ 'ਤੇ,
ਜੋ ਨਿਗ੍ਹਾ ਮੈਲੀ ਪੈ ਗਈ,
ਉਹਨੇ ਪਾਣੀ ਹਾੜਾ ਵੰਡ ਤਾ,
ਜਿਹਲਮ ਚਨਾਬ ਦਾ।

ਬਾਬਾ ਨਾਨਕ ਤੇ ਫਰੀਦ ਜੀ,
ਵਾਰਿਸ ਤੇ ਬੁੱਲੇ ਦੀ ਅਦਾ,
ਇਹਦਾ ਨਗਮਾ ਸਾਰੇ ਜੱਗ ਤੋਂ,
ਰਿਹਾ ਲਾਜਵਾਬ ਦਾ।

ਮੰਡੀ ਦੇ ਫਸਲੀ ਗੇੜ ਨੇ,
ਇਹਦੇ ਜੰਗਲ ਬੇਲੇ ਵਾਹ ਤੇ,
ਫੁੱਲਾਂ ਚੋਂ ਜਿਹੜਾ ਫੁੱਲ ਸੀ,
ਖਿੜਿਆ ਗੁਲਾਬ ਦਾ।

ਹਿੰਦੀ ਉਰਦੂ ਦਾ ਇਹਦੀ,
ਬੋਲੀ 'ਤੇ ਦਾਬਾ ਪੈ ਗਿਆ,
ਇਹ ਪੰਨਾ ਜਾਂਦਾ ਮੀਟਦਾ,
ਪੰਜਾਬੀ ਦੀ ਕਿਤਾਬ ਦਾ।

'ਦੇਸੀ' ਦਾ ਹੋਇਆ ਬਿਸਤਰਾ ਹੁਣ
ਗੋਲ ਹੀ ਪੰਜਾਬ ਤੋਂ,
ਕੁਝ ਐਸਾ ਲਹਿਜ਼ਾ ਹੋ ਗਿਆ
ਮੋਦੀ ਜਨਾਬ ਦਾ।

*-ਕੁਲਵੰਤ ਸਿੰਘ ਢੇਸੀ*

---

### ਪੰਜਾਬੀ ਮਾਂ

ਲੱਖ ਕੁੱਟ ਢੋਲ ਪੰਜਾਬੀਅਤ ਵਾਲੇ
ਪੰਜਾਬੀ ਭੰਗੜਾ ਪਾਇਆ ਕਰ,
ਜੇ ਪੰਜਾਬੀ ਨੂੰ ਮਾਂ ਆਖੇਂ
ਆਖਾ ਫਿਰ ਪੁਗਾਇਆ ਕਰ।

''ਜੱਗ ਦੇ ਅੰਦਰ ਮੇਰਾ ਬੱਚਾ
ਵਧੇ ਫੁੱਲੇ, ਵਧਦਾ ਹੀ ਜਾਵੇ''
ਇਹ ਹਰ ਮਾਂ ਦੀ ਇੱਛਿਆ ਹੁੰਦੀ
ਇੱਛਿਆ ਮੱਤ ਠੁਕਰਾਇਆ ਕਰ।

ਪੰਜਾਬੀ ਤੇ ਪੰਜਾਬੀਅਤ ਵਿਚੋਂ
ਮਾਂ ਸਦਕੇ ਤੂੰ ਵਧਿਆ ਕਰ,
ਪੰਜਾਬੀ ਤੇ ਪੰਜਾਬੀਅਤ ਵਿਚ ਹੀ
ਪਰਖਿਆ ਨਾ ਮੁੱਕ ਜਾਇਆ ਕਰ।

*-ਡਾ. ਸੁਖਪਾਲ ਸੰਘੇੜਾ ਉਰਫ ਪਰਖਾ*

# ਲੋਕ ਗੀਤਾਂ ਦਾ ਸੱਚ

**ਲੋਕ ਗੀਤ ਦਿਲ ਵਿਚੋਂ ਉਠੀ ਕੋਈ ਹੂਕ ਹੁੰਦੇ ਹਨ ਅਤੇ ਇਹ ਮੋੜਵੇਂ ਰੂਪ ਵਿਚ ਫਿਰ ਦਿਲਾਂ ਨੂੰ ਹੀ ਹਾਕਾਂ ਮਾਰਦੇ ਹਨ। ਇਨ੍ਹਾਂ ਦੀ ਅਮੀਰੀ, ਇਨ੍ਹਾਂ ਦੀ ਭਾਸ਼ਾ ਅਤੇ ਇਨ੍ਹਾਂ ਅੰਦਰ ਲੁਕੀਆਂ ਪਈਆਂ ਗੁੱਝੀਆਂ ਰਮਜ਼ਾਂ ਨਾਲ ਇਕਮਿਕ ਹੋਈ ਹੁੰਦੀ ਹੈ। ਧਿਆਨ ਸਿੰਘ ਸ਼ਾਹ ਸਿਕੰਦਰ ਨੇ ਆਪਣੇ ਇਸ ਲੇਖ ਵਿਚ ਕੁਝ ਲੋਕ ਗੀਤਾਂ ਦੇ ਪਿਛੋਕੜ ਦੀਆਂ ਪਰਤਾਂ ਫਰੋਲਣ ਦਾ ਯਤਨ ਕੀਤਾ ਹੈ। -ਸੰਪਾਦਕ**

ਕਲਾ ਪਰਿਕਰਮਾ

ਧਿਆਨ ਸਿੰਘ ਸ਼ਾਹ ਸਿਕੰਦਰ

ਲੋਕ ਗੀਤ ਦਿਲਾਂ ਦੀ ਧੜਕਣ ਹੁੰਦੇ ਹਨ। ਲੋਕ ਗੀਤ ਮਨਾਂ ਦਾ ਉਦਗਾਰ ਹੁੰਦੇ ਹਨ। ਲੋਕ ਗੀਤ ਦਿਲਾਂ ਵਿਚਲਾ ਸੱਚ ਹੁੰਦੇ ਹਨ। ਲੋਕ ਗੀਤ ਸਮਿਆਂ ਦਾ ਦਰਪਣ ਹੁੰਦੇ ਹਨ। ਲੋਕ ਗੀਤ ਸਾਂਝੀ ਲੋਕ-ਪੀੜਾ ਹੁੰਦੇ ਹਨ। ਲੋਕ ਗੀਤ ਸੱਚ ਤੇ ਸੁੱਚਾ ਇਤਿਹਾਸ ਹੁੰਦੇ ਹਨ। ਲੋਕ ਗੀਤ ਜੀਵੇ ਗਏ ਜੀਵਨ ਦਾ ਅਸਲ ਹੁੰਦੇ ਹਨ। ਲੋਕ ਗੀਤ ਪਰਤ-ਦਰ-ਪਰਤ ਡੂੰਘੀਆਂ ਤਹਿਆਂ ਸਮੋਈ ਬੈਠੇ ਹੁੰਦੇ ਹਨ।

ਲੋਕ ਗੀਤਾਂ ਨੂੰ ਅਸੀਂ ਗਾਉਂਦੇ ਹਾਂ, ਸੁਣਦੇ ਹਾਂ, ਸੁਣ ਕੇ ਝੂਮਦੇ ਹਾਂ, ਨੱਚਦੇ ਹਾਂ, ਗੁਣਗੁਣਾਉਂਦੇ ਹਾਂ, ਪਰ ਉਨ੍ਹਾਂ ਦੇ ਧੁਰ ਅੰਦਰ ਛੁਪੀ ਵੇਦਨਾ ਸੰਵੇਦਨਾ ਤਕ ਘੱਟ ਵੱਧ ਹੀ ਪੁੱਜਦੇ ਹਾਂ। ਲੋਕ ਗੀਤਾਂ ਨੂੰ ਅਸੀਂ ਪਿਆਰਦੇ ਹਾਂ, ਪਰ ਉਨ੍ਹਾਂ ਹੇਠ ਛੁਪੇ ਸਮਿਆਂ ਦੇ ਸੱਚ ਨੂੰ ਕਦੇ ਵੀ ਨਹੀਂ ਵਿਚਾਰਦੇ। ਜੇ ਅਸੀਂ ਲੋਕ ਗੀਤਾਂ ਦੀ ਗਹਿਰਾਈ ਤਕ ਪਹੁੰਚ ਸਕੀਏ ਤਾਂ ਉਹ ਸਾਡੇ ਲਈ ਅਨੂਠਾ ਆਨੰਦੀ ਹੁਲਾਰਾ ਬਣ ਜਾਂਦੇ ਹਨ। ਕੁਝ ਉਦਾਹਰਣਾਂ ਹਾਜ਼ਰ ਹਨ:

ਜੱਟੀ ਹੱਟ 'ਤੇ ਸ਼ਰਾਬਣ ਹੋਈ,  
ਸੱਪ-ਰੰਗੀ ਛੀਂਟ ਵੇਖ ਕੇ।

ਇਹ ਲੋਕ ਬੋਲੀ ਆਪਣੇ ਆਪ ਵਿਚ ਇਕ ਸੰਸਾਰ ਸਮੋਈ ਬੈਠੀ ਹੈ। ਜੱਟੀ ਜੋ ਸਾਰਾ ਵਰ੍ਹਾ ਕਰੜੀ ਘਾਲਣਾ ਕਰਦੀ ਹੈ, ਨਰਮਾ-ਕਪਾਹ ਚੁਗਦੀ, ਤੁੰਬਦੀ, ਛੰਡਦੀ, ਵੇਲਦੀ, ਕੱਤਦੀ, ਅਟੇਰਦੀ ਰਹੀ, ਉਹਦਾ ਪਹਿਨਣ ਪਚਰਨ ਦਾ ਸ਼ੌਕ ਫਿਰ ਵੀ ਪੂਰਾ ਨਹੀਂ ਹੁੰਦਾ। ਸਾਡੀ ਅਰਥ ਵਿਵਸਥਾ ਹੀ ਕੁਝ ਅਜਿਹੀ ਹੈ। ਇਹ ਸਾਡੀ ਅਰਥ ਵਿਵਸਥਾ 'ਤੇ ਬੜਾ ਵੱਡਾ ਵਿਅੰਗ ਹੈ। ਕੱਪੜੇ ਦੀ ਹੱਟੀ 'ਤੇ ਸੋਹਣੀ ਛੀਂਟ ਤੇ ਉਹ ਵੀ ਸੱਪ-ਰੰਗੀ! ਡੰਗ ਜਾਂਦੀ ਹੈ ਉਹਦੇ ਹਿਰਦੇ ਨੂੰ, ਉਹਦੀ ਪਹਿਨਣ ਰੀਝ ਨੂੰ ਅਤੇ ਉਹ ਮਦਮਸਤ ਹੋ ਜਾਂਦੀ ਹੈ ਛੀਂਟ ਦੇ ਰੰਗਾਂ 'ਤੇ ਹੀ।

ਖਚਰਾ ਹਟਵਾਣੀਆਂ ਜੱਟੀ ਦੀ ਇਸ ਕਮਜ਼ੋਰੀ ਨੂੰ ਭਲੀਭਾਂਤ ਜਾਣਦਾ ਹੈ। ਉਹ ਉਹਦੀ ਇਸ ਕਮਜ਼ੋਰੀ ਦਾ ਸ਼ੋਸ਼ਣ ਕਰਨਾ ਵੀ ਜਾਣਦਾ ਹੈ। ਉਹਦਾ ਇਹ ਵਪਾਰ ਹੈ। ਉਹਦੀ ਕਮਾਈ ਦਾ ਇਹ ਹੁਨਰ ਹੈ। ਹੁਨਰ ਕਮਾਲ ਦਾ ਹੈ। ਕਿਵੇਂ ਉਹਨੇ ਫਟਾਕਾ ਮਾਰ ਕੇ ਥਾਨ ਖਿਲਾਰਿਆ ਹੋਵੇਗਾ, ਭਖ ਭਖ ਪੈਂਦੀ ਜਵਾਨੀ ਸਾਹਮਣੇ। ਆਤਮ-ਵਿਸ਼ਵਾਸ ਦੀ ਭਰੀ, ਗਰਬ ਦੀ ਭਰੀ, ਜਜ਼ਬੇ ਦੀ ਭਰੀ ਜੱਟੀ ਕਿਵੇਂ ਹਾਰ ਗਈ ਹੋਵੇਗੀ ਆਪਣੇ ਸ਼ੌਕ ਸਾਹਵੇਂ। ਮਨਮੋਹਕ ਰੰਗਾਂ ਦੀ ਛੀਂਟ ਸਾਹਵੇਂ। ਪਲੋ ਪਲੀ ਖਰੀਦਦਾਰ ਬਣ ਗਈ ਹੋਵੇਗੀ, ਭਾਵੇਂ ਕਰਜ਼ਾਈ ਹੋ ਕੇ ਹੀ ਸਹੀ।

ਕਿੱਡਾ ਵੱਡਾ ਮਨੋਵਿਗਿਆਨਕ ਪਹਿਲੂ ਛੋਹ ਗਈ ਹੈ ਇਹ ਇਕ ਸਤਰ ਹੀ! ਜੱਟੀ ਦਾ ਮਨੋਵਿਗਿਆਨ, ਹਟਵਾਣੀਏ ਦਾ ਮਨੋਵਿਗਿਆਨ, ਸਾਰੀ ਸਮਾਜਿਕ ਵਿਵਸਥਾ ਦਾ ਮਨੋਵਿਗਿਆਨ। ਤੇ ਫਿਰ ਸਮਿਆਂ ਦਾ ਸੱਚ-ਇਕ ਸੱਚਾ ਇਤਿਹਾਸ- ਘਰਾਂ, ਸਮਾਜਾਂ, ਰਾਜਾਂ, ਆਰਥਿਕ ਸਥਿਤੀਆਂ, ਕੱਪੜੇ ਦੀ ਕਿੱਲਤ ਦੇ ਵਕਤਾਂ ਦਾ; ਤੇ ਬੜਾ ਹੀ ਕੁਝ ਹੋਰ। ਜਿੰਨਾ ਵਿਚਾਰੋ, ਓਨਾ ਹੀ ਹੋਰ ਡੂੰਘੇਰਾ, ਓਨਾ ਹੀ ਹੋਰ ਮਿੱਠਾ, ਓਨਾ ਹੀ ਹੋਰ ਵਧੇਰੇ ਮਾਨਣਯੋਗ।

ਮਿੱਟੀ ਦਾ ਬਾਵਾ ਬਣਾਉਨੀ ਆਂ,  
ਝੱਗਾ ਪਾਉਨੀ ਆਂ,  
ਉਤੇ ਦੇਨੀ ਆਂ ਖੇਸੀ  
ਨਾ ਰੋ ਮਿੱਟੀ ਦਿਆ ਬਾਵਿਆ,  
ਵੇ ਤੇਰਾ ਪਿਓ ਪਰਦੇਸੀ...

ਇਥੇ ਵੀ ਗੱਲ ਧੁਰ ਕਲੇਜੇ ਵੱਜਦੀ ਹੈ। ਦਰਦ ਨਵਵਿਆਹੀ ਮੁਟਿਆਰ ਦਾ ਜਿਹਦਾ ਗੱਭਰੂ (ਪਤੀ) ਲਾਮ 'ਤੇ ਚਲਾ ਗਿਆ ਜਾਂ ਪਰਦੇਸੀਂ ਚਲਾ ਗਿਆ ਕਮਾਈ ਕਰਨ। ਚਲਾ ਗਿਆ ਇਕੱਲੀ ਨੂੰ ਛੱਡ ਕੇ। ਉਹਦੀਆਂ ਰੀਝਾਂ, ਮੁਹੱਬਤਾਂ ਸਭ ਅਧਵਾਟੇ ਰਹਿ ਗਈਆਂ, ਅਧੂਰੀਆਂ। ਔਰਤ ਜਾਤ ਮਮਤਾ ਦੀ ਮੂਰਤ ਹੁੰਦੀ ਹੈ। ਕਿਸੇ ਨਿੱਕੀ ਜਿਹੀ ਬੱਚੀ ਦੇ ਹਿਰਦੇ ਵਿਚ ਵੀ ਮਾਂ ਬੈਠੀ ਹੁੰਦੀ ਹੈ। ਹਰ ਮੁਟਿਆਰ ਮਾਂ ਬਣਨਾ ਲੋਚਦੀ ਹੈ। ਇਸ ਲੋਚਾ, ਇਸ ਮਾਂਪੁਣੇ ਦੀ ਮੂਲ ਪ੍ਰਵਿਰਤੀ ਕਾਰਨ ਹੀ ਇਸ਼ਕ ਮੁਹੱਬਤ ਜਾਗਦੀ



ਹੈ, ਕਾਮ ਇੱਛਾ ਜਾਗਦੀ ਹੈ, ਮਮਤਾ ਜਾਗਦੀ ਹੈ। ਤੇ ਫਿਰ ਹਰ ਵਿਆਹੀ ਵਰ੍ਹੀ ਮੁਟਿਆਰ ਲਈ ਇਹ ਸਾਰੀਆਂ ਭਾਵਨਾਵਾਂ ਹੱਕ-ਬਜਾਨਬ ਹਨ।

ਇਨ੍ਹਾਂ ਸਤਰਾਂ ਵਿਚ ਨਵਵਿਆਹੀ ਮੁਟਿਆਰ ਦੇ ਬਿਰਹੋਂ ਦੀ ਡੂੰਘੀ ਚੀਸ ਹੈ, ਮਿਲਾਪ ਦੀ ਤਾਂਘ ਲਈ ਅੰਬਰ ਚੀਰਵੀਂ ਹੂਕ ਹੈ; ਪਰ ਓਧਰ ਪਰਿਵਾਰਕ ਮਜਬੂਰੀ ਹੈ, ਅਰਥ ਵਿਵਸਥਾ ਦੀ ਤਸਵੀਰ ਹੈ, ਸਮਿਆਂ ਦਾ ਇਤਿਹਾਸ ਹੈ। ਗੀਤ ਦੀ ਅਦਾਇਗੀ ਵਿਚ ਅਭਿਨੈ ਹੈ, ਕਾਵਿਕ ਨਾਟਕੀਅਤਾ ਤੇ ਮਨ ਦੀ ਤਸੱਲੀ ਵੀ ਹੈ।

ਪਰ 'ਮਿੱਟੀ ਦਾ ਬਾਵਾ' ਤਾਂ ਨਾ ਬੋਲਦਾ, ਨਾ ਚਾਲਦਾ, ਨਾ ਹੁੰਗਾਰਾ ਹੀ ਦਿੰਦਾ ਹੈ, ਪਰ ਰੋਂਦਾ ਜ਼ਰੂਰ ਹੈ। ਕਿੰਨਾ ਗਹਿਰਾ ਰੁਦਨ ਹੈ। ਕਿੰਨੀ ਡੂੰਘੀ ਪੀੜ ਹੈ, ਕਲੇਜਾ ਚੀਰਵੀਂ ਪੀੜ। ਹਿਰਦੇ ਵਿਚ ਬੈਠੀ ਮਮਤਾ ਨੂੰ ਤਾਂ ਜਿਉਂਦਾ ਜਾਗਦਾ ਬਾਵਾ ਲੋੜੀਂਦਾ ਹੈ, ਜੋ ਬੋਲਦਾ ਚਾਲਦਾ, ਬੁੱਲ੍ਹੀਆਂ ਟੇਰਦਾ, ਲੱਤਾਂ-ਬਾਹਾਂ ਮਾਰਦਾ, ਹੁੰਗਾਰੇ ਭਰਦਾ, ਉਛਲ-ਉਛਲ ਪੈਂਦਾ, ਗਲ ਨੂੰ ਚੰਬੜਦਾ, ਸੌ-ਸੌ ਖੇਖਣ ਕਰਦਾ, ਸੀਨੇ ਠੰਢ ਪਾਉਂਦਾ, ਮਾਂ ਦੀ ਮਮਤਾ ਨੂੰ ਤ੍ਰਿਪਤ ਕਰਦਾ ਹੋਵੇ।

ਮਿੱਟੀ ਦਾ ਬਾਵਾ ਤਾਂ ਬੱਸ ਝੂਠਾ ਜਿਹਾ ਮਨ ਦਾ ਠੁੰਮਣਾ ਹੀ ਬਣ ਕੇ ਰਹਿ ਜਾਂਦਾ ਹੈ, ਅਸਲ ਦੀ ਨਕਲ। ਤੇ ਗੀਤ ਇਕ ਵਿਛੋੜੇ ਦਾ ਦਰਦ, ਬਿਰਹੋਂ ਦੀ ਚੀਸ, ਦੱਬਿਆ ਘੁੱਟਿਆ ਰੁਦਨ ਤੇ ਇਕ ਸੁੱਚੀ ਚਾਹਤ ਦੇ ਜਾਂਦਾ ਹੈ।

ਖੂਹੇ 'ਤੇ ਪਾਣੀ ਭਰੇਂਦੀਏ ਮੁਟਿਆਰੇ ਨੀ।  
ਘੁੱਟ ਕੁ ਪਾਣੀ ਪਿਲਾ ਬਾਂਕੀਏ ਨਾਰੇ ਨੀ।  
ਘੁੱਟ ਕੁ ਪਾਣੀ ਨੂੰ ਤਰਸਦੀ, ਲਾਮ ਤੋਂ ਮੁੜੇ, ਥੱਕੇ ਟੁੱਟੇ ਫੌਜੀ ਦੀ ਰੂਹ- ਲੰਮੇ ਵਿਯੋਗ ਪਿੱਛੋਂ ਮਿਲਣ-ਸਿੱਕ ਦਾ ਤਰਲਾ, ਆਪਣਿਆਂ ਨੂੰ ਗਲੇ ਮਿਲਣ ਦੀ ਚਾਹਤ; ਪਰ ਮੁਟਿਆਰ, ਬਾਂਕੀ ਨਾਰ ਦਾ ਸਦਾਚਾਰ ਕਿਸੇ ਓਪਰੇ ਮਰਦ ਸਿਰ ਅਹਿਸਾਨ ਕਰ ਕੇ ਕੋਈ ਨਵਾਂ ਪੁਆੜਾ ਨਹੀਂ ਸਹੇੜਨਾ ਚਾਹੁੰਦਾ। ਸਮਾਜਿਕ ਬੰਦਸ਼ਾਂ, ਰਹੁ-ਰੀਤਾਂ ਦੀ ਪਵਿੱਤਰ ਦੀਵਾਰ ਬੜੀ ਉਚੀ ਹੈ।

ਆਪਣਾ ਭਰਿਆ ਨਾ ਦਿਆਂ  
ਸਿਪਾਹੀਆ ਵੇ!  
ਲੱਜ ਪਈ ਭਰ ਪੀ ਕਿ  
ਮੈਂ ਤੇਰੀ ਮਹਿਰਮਾ ਨਾ ਆਂ।

ਝੇੜੇ ਝਗੜਦਿਆਂ, ਰੇੜਕੇ ਰਿੜਕਦਿਆਂ ਆਖਿਰਕਾਰ ਪਛਾਣ ਹੋ ਹੀ ਜਾਂਦੀ ਹੈ। ਵੇਦਨਾ ਕਿੰਨੀ ਗਹਿਰੀ ਹੈ:

ਨਿੱਕੀ ਹੁੰਦੀ ਨੂੰ ਛੱਡ ਗਇਓਂ  
ਸਿਪਾਹੀਆ ਵੇ!  
ਹੁਣ ਹੋਈ ਮੁਟਿਆਰ ਤੇ  
ਮੈਂ ਤੇਰੀ ਮਹਿਰਮ ਹੋਈ।

ਪੁਰਾਣੇ ਵੇਲਿਆਂ ਦੀ ਬਾਤ ਹੈ, ਪੁਰਾਣਾ ਇਤਿਹਾਸ ਹੈ, ਪੁਰਾਣੇ ਸਮਾਜਿਕ ਰਿਵਾਜ, ਨਿੱਕੀਆਂ ਨਿੱਕੀਆਂ ਮਾਸੂਮ ਬਾਲੜੀਆਂ ਦੇ ਵਿਆਹ, ਸਹੁਰੇ ਘਰ ਦਾ ਗੋਲਪੁਣਾ ਕਰਦੀ ਬਾਲ-ਵਧੂ ਦਾ ਸੰਤਾਪ, ਪਤੀ ਦੀ ਲਾਮ 'ਤੇ ਚਲੇ ਜਾਣ ਦੀ ਮਜਬੂਰੀ, ਵਹੁਟੀ ਨੂੰ ਆਪਣੇ ਲਾੜੇ ਦੀ ਪਛਾਣ ਤਕ ਨਾ ਰਹਿਣੀ; ਤੇ ਫਿਰ ਭਰ ਜਵਾਨ ਮੁਟਿਆਰ ਦਾ ਆਪਣੇ ਪਤੀ ਨਾਲ ਅਚਨਚੇਤੀ ਮਿਲਾਪ। ਉਹ ਵੀ ਖੂਹ 'ਤੇ, ਇਕ ਮੌਕਾ ਮੇਲ। ਭਰ ਜਵਾਨ ਮੁਟਿਆਰ ਦਾ ਸਹਿਕਦਾ ਸਬਰ ਸੰਤੋਖ ਤੇ ਸਬਰ ਸੰਤੋਖ ਦੀ ਤਹਿ 'ਤੇ ਵਿਛੋੜੇ ਦਾ ਹੇਰਵਾ। ਮਹਿਰਮਾ ਨਾ ਹੋਣ ਤੋਂ ਮਹਿਰਮ ਹੋਣ ਦਾ ਸਫ਼ਰ- ਕਿੰਨਾ ਹੀ ਕੁਝ ਸਾਂਭੀ ਬੈਠਾ ਹੈ ਇਹ ਗੀਤ। ਉਹ ਇਤਿਹਾਸ ਜੋ ਇਤਿਹਾਸਕਾਰਾਂ ਨੇ ਨਾ ਕਦੇ ਲਿਖਿਆ ਹੈ, ਨਾ ਕਦੇ ਲਿਖ ਸਕਣਾ ਹੈ। ਇਤਿਹਾਸ ਤਾਂ ਰਾਜਿਆਂ ਰਜਵਾੜਿਆਂ ਦਾ ਲਿਖਿਆ ਜਾਂਦਾ ਹੈ- ਜੰਗਾਂ ਯੁੱਧਾਂ ਦਾ, ਜਿੱਤਾਂ ਹਾਰਾਂ ਦਾ। ਇਤਿਹਾਸ ਤਾਂ ਵੱਡੇ ਲੋਕਾਂ ਦਾ ਲਿਖਿਆ ਜਾਂਦਾ ਹੈ- ਨਿਮਾਣੀਆਂ ਰੂਹਾਂ ਵਿਚ ਕਲਵਲ ਹੁੰਦੇ ਜਜ਼ਬਿਆਂ ਦਾ ਇਤਿਹਾਸ ਕਿਹੜਾ ਇਤਿਹਾਸਕਾਰ ਲਿਖੇਗਾ?

ਫੁਲਝੀਏ ਧਰੇਕੇ, ਇਕ ਫੁੱਲ ਮੈਨੂੰ ਦੇ!  
ਮੈਂ ਵੀ ਜਾਣਾ ਪੇਕੇ, ਇਕ ਫੁੱਲ ਮੈਨੂੰ ਦੇ।

ਰੱਬ, ਗੁਰ ਪੀਰ, ਦੇਵੀ ਦੇਵਤਿਆਂ ਤੋਂ ਤਾਂ ਸਭ ਲੋਕ ਮੰਗਾਂ ਮੰਗਦੇ ਤੇ ਮੰਨਤਾਂ ਮੰਨਦੇ ਹਨ; ਪਰ ਰੁੱਖਾਂ ਬੂਟਿਆਂ, ਕਾਵਾਂ-ਕਬੂਤਰਾਂ, ਚਿੜੀਆਂ ਤੇ ਘੁੱਗੀਆਂ ਤੋਂ ਲੋਕ ਗੀਤ ਹੀ ਮੰਨਤਾਂ ਮੰਗਦੇ ਹਨ। ਇਥੇ ਫੁੱਲਾਂ ਲੱਦੀ ਧਰੇਕ ਅੱਗੇ ਅਰਜੋਈ ਹੈ। ਖਿੜੀ ਪੁੜੀ ਧਰੇਕ ਵੀ ਪੇਕੇ ਪੁੱਜੀ ਵਿਆਹੁਤਾ ਦਾ ਚਿੰਨ੍ਹ ਬਣ ਜਾਂਦੀ ਹੈ। ਫੁੱਲਾਂ ਨਾਲ ਲੱਦੀ ਧਰੇਕ ਪ੍ਰਸੰਨਤਾ ਦੀ ਸਿਖਰ ਹੈ; ਪ੍ਰਾਪਤੀ ਦਾ ਰੂਪ ਹੈ। ਸਹੁਰੇ ਵੱਸਦੀ ਮੁਟਿਆਰ ਨੇ ਪੇਕੇ ਘਰ ਜਾਣਾ ਹੈ। ਗੋਦ ਵਿਚ ਖਿੜ ਖਿੜ ਕਰਦਾ ਫੁੱਲ ਹੋਵੇ, ਪੇਕੇ ਘਰ- ਘਰਦਿਆਂ, ਸਖੀਆਂ ਸਹੇਲੀਆਂ ਨੂੰ ਆਪਣੀ ਪ੍ਰਾਪਤੀ ਦੀ ਖੁਸ਼ੀ ਵਿਚ ਭਾਈਵਾਲ ਬਣਾਉਣ ਲਈ, ਆਪਣੇ ਮੁਕੰਮਲ ਹੋ ਜਾਣ ਦੇ ਸਬੂਤ ਲਈ। ਔਰਤ ਜਾਨ 'ਤੇ ਖੇਡ ਕੇ ਮਾਂ ਬਣਦੀ ਹੈ; ਪਰ ਉਹ ਮਾਂ ਬਣ ਕੇ ਮੁਕੰਮਲ ਹੋਈ ਅਨੁਭਵ ਕਰਦੀ ਹੈ। 'ਫੁੱਲੜੀ' ਮੁਕੰਮਲ ਹੋਣ ਦੀ ਲੋੜ, ਮਮਤਾ ਦੀ ਤ੍ਰਿਪਤੀ ਦੀ ਇੱਛਾ, ਧਰੇਕ ਵਾਂਗ ਹੀ ਸੁਗੰਧੀਆਂ ਤੇ ਖੇੜਿਆਂ ਭਰਿਆ ਆਪਾ ਲੈ ਕੇ ਪੇਕੇ ਘਰ ਪਰਤਣਾ, ਰੱਬ ਬਣ ਜਾਣ ਵਰਗਾ ਕਰਤਾਰੀ ਸਵੈਮਾਣ! ਨਿੱਕੇ ਜਿਹੇ ਗੀਤ ਵਿਚ ਕਿੱਡੀ ਵੱਡੀ ਗੱਲ ਹੈ।

ਇਨ੍ਹਾਂ ਗੱਲਾਂ ਦਾ ਕੋਈ ਅੰਤ ਨਹੀਂ। ਖ਼ਜ਼ਾਨਾ ਹਨ ਸਾਡੇ ਲੋਕ ਗੀਤ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 1 ਮਾਰਚ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-679



**ਭੈਣ ਭਰਾ ਦੀ ਜੋੜੀ ਕਿੰਨੀ ਫੱਬਦੀ ਹੈ,  
ਮੂਰਤ ਰੱਬ ਸੰਵਾਰੀ ਡਾਢੀ ਜੱਚਦੀ ਹੈ।  
ਸ਼ਾਲਾ! ਸਿਰ 'ਤੇ ਹੱਥ ਮੇਹਰ ਦਾ ਰੱਖੇ,  
ਖ਼ੁਦਾਵੰਦ ਅੱਗੇ ਅਰਜ਼ੋਈ ਸੱਭ ਦੀ ਹੈ!**

## ਕੈਪਸ਼ਨ ਮੁਕਾਬਲਾ-677



ਜਾਨ ਮਾਣਸ ਦੀ ਏ ਸਸਤੀ ਹੋਈ।  
ਕੁੱਤੇ ਨੂੰ ਕੁੱਝ ਆਖ ਨਾ ਸਕੇ ਕੋਈ।  
ਡਾਰਾਂ ਬੰਨ੍ਹ ਹਰਲ ਹਰਲ ਕਰਦੇ।  
ਬੱਚੇ ਬੁੱਢੇ ਨ ਲੰਘ ਸਕਣ ਡਰਦੇ।  
ਕਾਨੂੰਨ ਕਹੇ ਨਾ ਕੁੱਤੇ ਨੂੰ ਮਾਰੋ।  
ਉਹ ਵੱਢ ਖਾਵੇ ਤਾਂ ਆਪੇ ਸਾਰੋ।  
ਸਰਕਾਰ ਜੀ! ਤੁਸੀਂ ਕਾਰ ਚਲਾਵੋ।  
ਕਰ ਜਿਗਰਾ ਕੁੱਤਿਆਂ ਨੱਥ ਪਾਵੋ।  
**-ਗੁਰਬਖਸ਼ ਸਿੰਘ 'ਨਾਕਾਮ'**  
**ਫੋਨ: +1 864 318 5500**

---

ਜਾਨਵਰਾਂ ਦੀ ਗਿਣਤੀ ਅੰਦਰ  
ਸਾਡਾ ਵੀ ਇੱਕ ਨਾਂ  
ਕੁੱਤਾ ਸਾਨੂੰ ਕਹਿੰਦੇ ਸਾਰੇ  
ਬਹਿੰਦੇ ਸੁਥਰੀ ਥਾਂ  
ਪਾਲਤੂ ਮਹਿੰਗੀ ਨਸਲ ਅਸਾਡੀ  
ਵਫ਼ਾਦਾਰ ਅਸੀਂ ਹਾਂ  
ਰਾਖੀ ਕਰਦੇ ਸਭਨਾਂ ਦੀ  
ਐਵੇਂ ਕਰਦੇ ਨਹੀਂ ਭਾਂ ਭਾਂ।  
-ਬਸੰਤ ਕੋਮਲ  
ਫੋਨ: +919417-05813

---

ਚਾਰੇ ਪਾਸੇ ਦਹਿਸ਼ਤ ਸਾਡੀ  
ਮਰਜ਼ੀ ਅਸੀਂ ਪੁਗਾਈਏ।  
ਇੱਕ ਦੀ ਆਏ ਅਵਾਜ਼  
ਤਾਂ, ਸਭ 'ਕੱਠੇ ਹੋ ਜਾਈਏ।  
'ਕੱਲਾ ਕਹਿਰਾ ਅੜਿੱਕੇ ਆਜੇ  
ਤਾਂ ਢਾਹ ਕੇ ਮਾਰ ਮੁਕਾਈਏ।  
ਸਭ ਸਰਕਾਰਾਂ ਸਾਡੀ ਪਿੱਠ 'ਤੇ  
ਫੇਰ ਅਸੀਂ ਕਿਉਂ ਘਬਰਾਈਏ।  
**-ਜਗਮੀਤ ਸਿੰਘ ਪੰਧੇਰ**  
**ਫੋਨ: +91 98783-37222**

---

ਮਨੁੱਖ ਦਾ ਮਿੱਤਰ ਸਭ ਤੋਂ ਪੁਰਾਣਾ  
ਰੁਲਦਾ-ਫਿਰਦਾ,  
ਗਲੀਆਂ 'ਚ ਭੁੱਖਣ ਭਾਣਾ  
ਵਫ਼ਾਦਾਰੀ ਦਾ ਕੋਈ ਮੁੱਲ ਨ੍ਹੀਂ ਪਾਇਆ  
ਭੌਂਕ ਸਾਨੂੰ ਦੁੱਖ ਪੈਂਦਾ ਸੁਣਾਉਣਾ।  
ਕਿਹਦੀ ਮਾਂ ਨੂੰ ਮਾਸੀ ਕਹੀਏ  
ਕੁੱਤੇ ਦੀ ਜੂਨ ਹੰਢਾ ਮਰ ਜਾਣਾ।  
ਕੋਈ-ਕੋਈ ਪਾਲਤੂ ਵੀ ਬਣਾਉਂਦਾ  
ਫੈਮਲੀ ਪਲੈਨਿੰਗ ਵਾਲੇ ਟੀਕੇ ਲਾ ਕੇ  
ਖਤਮ ਕਰਨਾ ਚਾਹੁੰਦੇ ਸਾਡਾ ਲਾਣਾ।  
**-ਅਮਰਜੀਤ ਸਿੰਘ ਤੂਰ**  
**ਫੋਨ: 98784-69639**

---

ਹੱਡਾ ਰੋੜੀ ਦੇ ਚੱਕਰ ਕੱਟਦੇ  
ਮੁਰਦਾ ਡੰਗਰ ਕੋਈ ਨਾ ਆਵੇ  
ਬੰਦ ਕਰਤੇ ਜੱਟਾਂ ਡੰਗਰ ਰੱਖਣੇ  
ਸਾਡਾ ਢਿੱਡ ਸੁੰਗੜਦਾ ਜਾਵੇ।  
ਚਲੋ ਇਨ੍ਹਾਂ ਦੇ ਬੱਚੇ ਖਾਈਏ  
ਜਿਹੜਾ ਕੋਈ ਸਕੂਲ ਨੂੰ ਜਾਵੇ  
ਗਊ ਕਿਧਰੇ ਜੇ ਆਏ ਅੜਿੱਕੇ  
ਕਈ ਦਿਨਾਂ ਦੀ ਭੁੱਖ ਮਿਟਾਵੇ।  
ਪੇਂਡੂ ਸਾਡਾ ਕਰਨਗੇ ਕੀ  
ਦਿੱਲੀ ਸਾਡੀ ਮੇਨਕਾ ਜੀ।  
**-ਮਲਕੀਤ ਸਿੰਘ ਧਾਲੀਵਾਲ**

---

ਟਿਕੀ ਹੋਈ ਰਾਤੇ  
ਕੱਢ ਵੱਖਰੀਆਂ ਵੱਖਰੀਆਂ ਹੇਕਾਂ  
ਭੌਂਕਦੇ, ਬੈਣ, ਕੀਰਨੇ ਪਾਉਂਦੇ।  
ਭੁੱਖ ਲਈ ਨਹੀਂ  
ਚੌਧਰ ਖਿੱਤੇ 'ਚ ਕਾਇਮੀ ਲਈ।  
ਮੁੜਵੀਂ ਪੂਛ, ਕੰਨ ਖੜ੍ਹੇ  
ਜੀਭ ਲਮਕਦੀ ਅੱਖ ਤਾੜਵੀਂ  
ਤਿਆਰ-ਬਰ-ਤਿਆਰ ਝਪਟਣ ਨੂੰ।  
**-ਦਰਸ਼ਨ ਪਾਲ ਦੋਸਾਂਝ**

# ਮੇਰੀ ਅਧੂਰੀ ਸਧਰ: ਜਰਨੈਲ ਸਿੰਘ ਚਿਤਰਕਾਰ

ਪੰਜਾਬ ਯੂਨੀਵਰਸਿਟੀ ਵਿਚ ਦਾਖਲ ਹੋਣ ਤੋਂ ਪਹਿਲਾਂ ਹੀ ਮੈਂ ਸਿਖ ਇਤਿਹਾਸ ਦੇ ਚਿਤੇਰੇ ਕਿਰਪਾਲ ਸਿੰਘ ਜੀ ਨੂੰ ਦੇਖਿਆ ਹੋਇਆ ਸੀ। ਇਕ ਵਾਰੀ ਪ੍ਰੋ. ਹਰਪਾਲ ਸਿੰਘ ਜੀ ਨੇ ਉਨ੍ਹਾਂ ਨੂੰ ਜੀਂਦੋਵਾਲ ਦੇ ਸਿਖ ਨੈਸ਼ਨਲ ਕਾਲਜ ਵਿਚ ਬੁਲਾਇਆ ਸੀ। ਉਨ੍ਹਾਂ ਨੇ ਦੁੱਧ ਚਿਟੀ ਦਸਤਾਰ ਸਜਾਈ ਹੋਈ ਸੀ ਤੇ ਕਾਲੇ ਸ਼ਾਹ ਰੰਗ ਦਾ ਚੋਗਾ ਪਾਇਆ ਹੋਇਆ ਸੀ। ਉਨ੍ਹਾਂ ਦੇ ਮੱਥੇ ਤੋਂ ਸਾਫ ਪਤਾ ਲਗਦਾ ਸੀ ਕਿ ਸਿਖ ਇਤਿਹਾਸ ਦੇ ਨਕਸ਼ ਉਨ੍ਹਾਂ ਦੇ ਦਿਲ ਵਿਚ ਉਕਰੇ ਹੋਏ ਹਨ। ਉਹ ਬੜੀ ਗਹਿਰ-ਗੰਭੀਰ ਹਸਤੀ ਸਨ। ਮੈਂ ਉਨ੍ਹਾਂ ਦੇ ਬਣਾਏ ਕੁਝ ਚਿਤਰਾਂ ਤੋਂ ਵਾਕਿਫ ਸਾਂ, ਜਿਨ੍ਹਾਂ ਨੂੰ ਦੇਖ ਕੇ ਲਗਦਾ ਸੀ, ਜਿਵੇਂ ਉਨ੍ਹਾਂ ਨੇ



**ਅਵਤਾਰ ਸਿੰਘ (ਪ੍ਰੋ.)**
**ਫੋਨ: +91-94175-18384**

ਉਹ ਆਪਣੇ ਦਿਲ 'ਚ ਬੁਰਸ਼ ਡੋਬ-ਡੋਬ ਕੇ ਬਣਾਏ ਹੋਣ। ਜੰਗ ਦੇ ਚਿਤਰਾਂ ਵਿਚ ਡੁੱਲ੍ਹਿਆ ਖੂਨ ਉਨ੍ਹਾਂ ਦਾ ਆਪਣਾ ਲਗਦਾ ਸੀ। ਸੱਚ ਦੱਸਾਂ ਤਾਂ ਉਹ ਮੈਨੂੰ ਸੋਭਾ ਸਿੰਘ ਤੋਂ ਵਧੇਰੇ ਪ੍ਰਭਾਵਸ਼ਾਲੀ ਤੇ ਪ੍ਰਤਿਭਾਸ਼ਾਲੀ ਲਗਦੇ ਸਨ। ਹੋਰ ਉਨ੍ਹਾਂ ਬਾਰੇ ਮੈਨੂੰ ਏਨਾ ਹੀ ਪਤਾ ਸੀ ਕਿ ਉਹ ਚੰਡੀਗੜ੍ਹ ਰਹਿੰਦੇ ਹਨ।

ਜਦ ਮੈਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਪੜ੍ਹਨ ਗਿਆ ਤਾਂ ਕਦੇ ਨਹੀਂ ਸੀ ਸੋਚਦਾ ਕਿ ਮੇਰਾ ਦਾਖਲਾ ਸਿਰਫ ਪੰਜਾਬੀ ਵਿਭਾਗ ਵਿਚ ਹੀ ਹੋਇਆ ਹੈ। ਮੈਂ ਉਥੇ ਇਸ ਤਰ੍ਹਾਂ ਵਿਚਰਦਾ ਸੀ ਜਿੱਦਾਂ ਮੈਂ ਸਾਰੀ ਯੂਨੀਵਰਸਿਟੀ ਵਿਚ ਹੀ ਦਾਖਲਾ ਲਿਆ ਹੋਵੇ। ਮੈਂ ਉਥੇ ਹਰ ਤਰ੍ਹਾਂ ਦੀਆਂ ਗਤੀਵਿਧੀਆਂ ਵਿਚ ਦਿਲਚਸਪੀ ਲੈਂਦਾ ਸਾਂ ਤੇ ਲੋੜੋਂ ਵੱਧ ਵਿਅਸਤ ਰਹਿੰਦਾ ਸਾਂ।

ਇਕ ਦਿਨ ਸਾਡੀ ਸਾਰੀ ਕਲਾਸ ਗੁਲਾਟੀ ਦੀ ਕੰਟੀਨ ਦੇ ਬਾਹਰ ਭੁੰਝੇ ਹੀ ਗੋਲ ਦਾਇਰਾ ਬਣਾ ਕੇ ਬੈਠੀ ਹੋਈ ਸੀ। ਸਾਨੂੰ ਦੇਖ ਕੇ ਸਾਡੇ ਕੁਝ ਸੀਨੀਅਰ ਵੀ ਵਿਚ ਆ ਕੇ ਬੈਠ ਗਏ। ਗੱਲ ਚੱਲੀ ਕਿ ਸਾਰੇ ਕੁਝ ਨਾ ਕੁਝ ਸੁਣਾਉਣ। ਕਿਸੇ ਸੀਨੀਅਰ ਨੇ ਆਪਣੇ ਨਾਲ ਆਈ ਕੁੜੀ ਨੂੰ ਕਿਹਾ ਕਿ ਉਹ ਵੀ ਕੁਝ ਸੁਣਾਵੇ। ਉਸ ਕੁੜੀ ਨੇ ਬੜੀ ਸੁਰੀਲੀ ਅਵਾਜ਼ ਵਿਚ ਗਾਣਾ ਗਾਇਆ। ਉਸਦਾ ਗਾਣਾ ਸੁਣ ਕੇ ਤੇ ਉਸਨੂੰ ਦੇਖ ਕੇ ਲੱਗ ਰਿਹਾ ਸੀ ਕਿ ਉਹ ਉਦਾਸ ਹੈ ਤੇ ਉਸਦੀ ਉਦਾਸੀ ਦਾ ਸਬੱਬ ਉਸਦੇ ਦਿਲ ਦੀ ਕੋਈ ਗਹਿਰੀ ਕਸ਼ਮਕਸ਼ ਹੈ। ਗਾਣਾ ਗਾਉਂਦੀ ਹੋਈ ਉਹ ਪੂਰੀ ਤਰ੍ਹਾਂ ਗੁਆਚੀ ਹੋਈ ਸੀ। ਕਿਸੇ ਨੇ ਹੌਲੀ ਦੇਣੇ ਦੱਸਿਆ ਕਿ ਉਹ ਚਿਤਰਕਾਰ ਜਰਨੈਲ ਸਿੰਘ ਦੀ ਸਾਲ਼ੀ ਹੈ।

ਉਨ੍ਹਾਂ ਦਿਨਾਂ ਵਿਚ ਪ੍ਰੋ. ਹਰਪਾਲ ਸਿੰਘ ਬੇਸ਼ੱਕ ਬੰਗੇ ਪੜ੍ਹਾਉਂਦੇ ਸਨ, ਪਰ ਉਹ ਹਰ ਦੂਜੇ-ਤੀਜੇ ਦਿਨ ਚੰਡੀਗੜ੍ਹ ਆਉਂਦੇ ਤੇ ਆਪਣੇ ਘਰ ਜਾਣ ਤੋਂ ਪਹਿਲਾਂ ਮੇਰੇ ਕੋਲ ਆਉਂਦੇ। ਮੈਂ ਉਨ੍ਹਾਂ ਨਾਲ ਯੂਨੀਵਰਸਿਟੀ ਦੇ ਸਾਰੇ ਅਨੁਭਵ ਸਾਂਝੇ ਕਰਦਾ। ਉਸ ਦਿਨ ਮੈਂ ਉਨ੍ਹਾਂ ਨੂੰ ਜਰਨੈਲ ਸਿੰਘ ਦੀ ਸਾਲ਼ੀ ਬਾਰੇ ਦੱਸਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਜਰਨੈਲ ਸਿੰਘ ਸਿੱਖ ਇਤਿਹਾਸ ਦੇ ਚਿਤੇਰੇ ਕਿਰਪਾਲ ਸਿੰਘ ਦਾ ਹੀ ਬੇਟਾ ਹੈ।

ਬਸ ਫਿਰ ਕੁਝ ਦਿਨਾਂ ਬਾਦ ਹੀ ਪ੍ਰੋ. ਹਰਪਾਲ ਸਿੰਘ ਤੇ ਮੈਂ ਜਰਨੈਲ ਸਿੰਘ ਦੇ ਘਰ ਚਲੇ ਗਏ। ਉਹ ਬੜੇ ਪਿਆਰ ਨਾਲ ਮਿਲੇ ਤੇ ਪੈਂਦੀ ਸੱਟੇ ਉਨ੍ਹਾਂ ਨੇ ਸਾਨੂੰ ਆਪਣੀ ਆਰਟ ਗੈਲਰੀ ਦਿਖਾਈ। ਉੱਥੇ ਉਨ੍ਹਾਂ ਦੇ ਪਿਤਾ ਜੀ ਦੇ ਕੁਝ ਅਧੂਰੇ ਰਹਿ ਗਏ ਚਿਤਰ ਸਨ ਤੇ ਕੁਝ ਜਰਨੈਲ ਸਿੰਘ ਦੇ ਆਪਣੇ ਬਣਾਏ ਹੋਏ ਚਿਤਰ ਪਏ ਸਨ। ਮੈਂ ਦੇਖਿਆ ਕਿ ਜਰਨੈਲ ਸਿੰਘ ਦੇ ਬਣਾਏ ਸਾਰੇ ਚਿਤਰਾਂ ਵਿਚ ਇਕ ਪੰਜਾਬਣ ਦਾ ਚਿਹਰਾ ਸੀ, ਜੋ ਉਸਦੀ ਉਸ ਗੁਲੂਕਾਰਾ ਸਾਲੀ ਨਾਲ ਇੰਨ-ਬਿੰਨ ਮਿਲਦਾ ਸੀ। ਹਰ ਚਿੱਤਰ ਵਿਚਲੀ ਪੰਜਾਬਣ ਦਾ ਚਿਹਰਾ ਹੂਬਹੂ ਉਸਦੀ ਸਾਲੀ ਦਾ ਹੀ ਸੀ। ਮੈਂ ਆਪਣੇ ਮਨ ਹੀ ਮਨ ਸੋਚਣ ਲੱਗ ਪਿਆ ਕਿ ਇਹ ਇਸ ਨੇ ਕੀ ਕੀਤਾ ਹੋਇਆ ਹੈ।

ਉਸਦੇ ਬਣਾਏ ਚਿੱਤਰਾਂ ਵਿਚ ਇਕ ਵਿਸ਼ੇਸ਼ ਚਿੱਤਰ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਦਾ ਵੀ ਸੀ। ਉਹ ਚਿਤਰ ਏਨਾ ਜੀਵੰਤ ਸੀ ਕਿ ਦੇਖ ਕੇ ਪਤਾ ਨਹੀਂ ਸੀ ਲਗਦਾ ਕਿ ਚਿਤਰ ਦੇਖ ਰਹੇ ਹਾਂ ਕਿ ਗੁਰੂ ਜੀ ਦੇ ਦਰਸ਼ਨ ਕਰ ਰਹੇ ਹਾਂ। ਅਜਿਹਾ ਲੱਗ ਰਿਹਾ ਸੀ, ਜਿਵੇਂ ਉਸ ਚਿੱਤਰ ਅੱਗੇ ਖੜ੍ਹਨ ਨਾਲ ਹੀ ਦੁਖ ਦੂਰ ਹੋ ਰਹੇ ਹੋਣ। ਗੁਰੂ ਜੀ ਦੇ ਮੁਖਾਰਬਿੰਦ 'ਤੇ ਹਲਕੀ ਜਿਹੀ ਮੁਸਕਰਾਹਟ ਵਿਚ ਹੂਬਹੂ ਰੱਬ ਦੇ ਦਰਸ਼ਨ ਹੋ ਰਹੇ ਸਨ।

ਮੈਂ ਸੋਚਣ ਲੱਗ ਪਿਆ ਕਿ ਉਹ ਤਸਵੀਰ ਦੋ ਢਾਈ ਸੌ ਰੁਪਏ ਦੀ ਹੋਵੇਗੀ। ਉਨ੍ਹਾਂ ਦਿਨ੍ਹਾਂ ਵਿਚ ਮੇਰਾ ਕੰਟੀਨ ਦਾ ਬਿੱਲ ਸੱਤਰ ਅੱਸੀ ਰੁਪਏ ਆਉਂਦਾ ਸੀ। ਮੈਂ ਸੋਚਿਆ ਕਿ ਉਧਾਰ ਫੜ ਕੇ ਤਸਵੀਰ ਲੈ ਹੀ ਲੈਣੀ ਹੈ। ਮੈਂ ਜਕਦੇ-ਜਕਦੇ ਨੇ ਪੁੱਛਿਆ ਕਿ ਉਹ ਤਸਵੀਰ ਕਿੰਨੇ ਦੀ ਹੈ। ਉਹ ਕਹਿਣ ਲੱਗੇ ਹਜ਼ਾਰ ਰਪਏ ਦੀ। ਮੈਂ ਸੁਣਦੇ ਸਾਰ ਗੁੰਮ ਜਿਹਾ ਹੋ ਗਿਆ ਤੇ ਆਪਣੇ ਹੋਸ਼ ਉਡਦੇ ਉਡਦੇ ਮਸਾਂ ਰੋਕੇ।

ਉਹ ਸਾਨੂੰ ਉਸੇ ਵੇਲੇ ਆਪਣੇ ਡਰਾਇੰਗ ਰੂਮ ਵਿਚ ਲੈ ਗਏ ਤੇ ਪ੍ਰੋ. ਹਰਪਾਲ ਸਿੰਘ ਉਨ੍ਹਾਂ ਨਾਲ ਉਨ੍ਹਾਂ ਦੇ ਪਿਤਾ ਜੀ ਦੇ ਅਧੂਰੇ ਰਹਿ ਗਏ ਚਿੱਤਰਾ ਬਾਰੇ ਗੱਲਾਂ ਕਰਨ ਲੱਗ ਪਏ। ਏਨੇ ਨੂੰ ਚਾਹ ਆ ਗਈ ਤੇ ਮੈਂ ਦੇਖਿਆ ਕਿ ਚਾਹ ਲਿਆਉਣ ਵਾਲੀ ਕੁੜੀ ਜਰਨੈਲ ਸਿੰਘ ਦੀ ਸਾਲ਼ੀ ਹੀ ਸੀ। ਮੈਂ ਹਾਲੇ ਇਹ ਸੋਚ ਹੀ ਰਿਹਾ ਸੀ ਕਿ ਜਰਨੈਲ ਸਿੰਘ ਨੇ ਦੱਸਿਆ ਕਿ ਉਹ ਉਨ੍ਹਾਂ ਦੀ ਘਰ ਵਾਲੀ ਹੈ। ਮੇਰੇ ਸਾਰੇ ਭੁਲੇਖੇ ਤੇ ਸ਼ੱਕ ਸ਼ੁਬ੍ਹੇ ਦੂਰ ਹੋ ਗਏ। ਉਹ ਪੰਜਾਬਣ ਦੇ ਸਾਰੇ ਚਿੱਤਰਾਂ ਵਿਚ ਅਸਲ ਵਿਚ ਉਨ੍ਹਾਂ ਦੀ ਘਰ ਵਾਲੀ ਦਾ ਹੀ ਚਿਹਰਾ ਸੀ ਤੇ ਉਹ ਓਨੀ ਦੇਰ ਹੀ ਉਨ੍ਹਾਂ ਦੀ ਸਾਲੀ ਦਾ ਚਿਹਰਾ ਸੀ, ਜਦ ਤਕ ਮੈਂ ਉਨ੍ਹਾਂ ਦੀ ਘਰ ਵਾਲੀ ਨਹੀਂ ਸੀ ਦੇਖੀ। ਭੈਣਾਂ ਦੀਆਂ ਸ਼ਕਲਾਂ ਦੇ ਭੁਲੇਖੇ ਵਿਚ ਜਰਨੈਲ ਸਿੰਘ ਦਾ ਕੋਈ ਦੋਸ਼ ਨਹੀਂ ਸੀ।

ਫਿਰ ਮੈਂ ਉਨ੍ਹਾਂ ਦੇ ਘਰ ਕਦੇ ਨਾ ਗਿਆ। ਨਾ ਮੇਰੇ ਕੋਲ ਹਜ਼ਾਰ ਹੋਵੇ ਤੇ ਨਾ ਮੈਂ ਉਧਰ ਜਾਵਾਂ। ਮੈਨੂੰ ਆਪਣੇ ਆਪ 'ਤੇ ਬੜੀ ਸ਼ਰਮਿੰਦਗੀ ਆਈ ਜਾਵੇ ਕਿ ਉਹ ਸੋਚਦੇ ਹੋਣਗੇ ਕਿ ਮੈਂ ਉਸ ਤਸਵੀਰ ਦਾ ਰੇਟ ਪੁੱਛਣ ਦਾ ਹੌਸਲਾ ਹੀ ਕਿਵੇਂ ਕਰ ਲਿਆ। ਪਰ ਉਹ ਤਸਵੀਰ ਮੇਰੇ ਦਿਲ ਦੀ ਟੀਸ ਜਿਹੀ ਬਣ ਕੇ ਰਹਿ ਗਈ।

ਮੈਂ ਆਪਣੀ ਪੜ੍ਹਾਈ ਪੂਰੀ ਕਰ ਕੇ ਫਗਵਾੜੇ ਪੜ੍ਹਾਉਣ ਲੱਗ ਪਿਆ ਤੇ ਕੁਝ ਸਾਲਾਂ ਬਾਅਦ ਮੇਰੇ ਮਿਤਰ ਜਗਦੀਸ਼ ਨੇ ਨੌਕਰੀ ਛੱਡ ਕੇ ਨਾਦ ਪ੍ਰਗਾਸ ਸੰਸਥਾ ਬਣਾ ਲਈ ਤੇ ਉਨ੍ਹਾਂ ਦੇ ਹਰ ਸਮਾਗਮ ਵਿਚ ਮੇਰਾ ਜਾਣਾ ਇਕ ਸੰਸਕਾਰ ਹੀ ਬਣ ਗਿਆ।

2011 ਦੇ ਫਰਵਰੀ ਮਹੀਨੇ ਨਾਦ ਪ੍ਰਗਾਸ ਨੇ 'ਚੜ੍ਹਿਆ ਬਸੰਤ' ਪ੍ਰੋਗਰਾਮ ਕਰਾਉਣਾ ਸੀ ਤੇ ਮੈਨੂੰ ਗੰਗਾਨਗਰ ਵਾਲੇ ਸੁੱਖੀ ਭਾਅ ਜੀ ਦਾ ਸੁਨੇਹਾ ਆਇਆ ਕਿ ਉਹ ਚੰਡੀਗੜ੍ਹ ਆਏ ਹੋਏ ਹਨ ਤੇ ਅੰਮ੍ਰਿਤਸਰ ਜਾਣ ਲੱਗੇ ਉਹ ਮੈਨੂੰ ਫਗਵਾੜੇ ਤੋਂ ਆਪਣੇ ਨਾਲ ਹੀ ਲੈ ਜਾਣਗੇ। ਉਨ੍ਹਾਂ ਨੇ ਮੈਨੂੰ ਦੱਸਿਆ ਕਿ ਇਸ ਵਾਰੀ ਉਥੇ ਜਰਨੈਲ ਸਿੰਘ ਨੇ ਵੀ ਹੋਣਾ ਹੈ। ਇਹ ਸੁਣ ਕੇ ਮੈਨੂੰ ਯੂਨੀਵਰਸਿਟੀ ਦੇ ਦਿਨਾਂ ਦੀ ਉਹ ਸਾਰੀ ਕਹਾਣੀ ਚੇਤੇ ਆ ਗਈ।

ਉਥੇ ਗਏ ਤਾਂ ਜਾਂਦਿਆਂ ਨੂੰ ਹੀ ਜਰਨੈਲ ਸਿੰਘ ਜੀ ਸਾਨੂੰ ਮਿਲ ਪਏ। ਸੁੱਖੀ ਭਾਅ ਜੀ ਤੇ ਉਹ ਆਪਸ ਵਿਚ ਪੁਰਾਣੇ ਦਿਨਾਂ ਦੀਆਂ ਗੱਲਾਂ ਕਰਨ ਲੱਗ ਪਏ ਤੇ ਮੈਂ ਉਨ੍ਹਾਂ ਦਾ ਸਰੋਤਾ ਬਣ ਗਿਆ। ਮੈਂ ਹੈਰਾਨ ਰਹਿ ਗਿਆ ਕਿ ਉਸਨੂੰ ਚੇਤਾ ਸੀ ਕਿ ਮੈਂ ਪ੍ਰੋ. ਹਰਪਾਲ ਸਿੰਘ ਜੀ ਦੇ ਨਾਲ ਉਨ੍ਹਾਂ ਦੇ ਘਰ ਗਿਆ ਸਾਂ। ਪਰ ਉਸਨੂੰ ਇਹ ਨਹੀਂ ਸੀ ਚੇਤਾ ਕਿ ਮੈਂ ਉਥੇ ਗੁਰੂ ਹਰਕ੍ਰਿਸ਼ਨ ਜੀ ਦੀ ਤਸਵੀਰ ਦਾ ਰੇਟ ਪੁੱਛਿਆ ਸੀ। ਮੈਂ ਵੀ ਇਹ ਗੱਲ ਚੇਤਾ ਕਰਾਉਣੀ ਠੀਕ ਨਾ ਸਮਝੀ। ਫਿਰ ਅਸੀਂ ਕੁਝ ਫੋਟੋਆਂ ਵੀ ਖਿਚਵਾਈਆਂ। ਉਨ੍ਹਾਂ ਦੀਆਂ ਗੱਲਾਂ ਤੋਂ ਪਤਾ ਲੱਗਿਆ ਕਿ ਉਹ ਪੱਕੇ ਤੌਰ 'ਤੇ ਕੈਨੇਡਾ ਚਲੇ ਗਏ ਹਨ ਤੇ ਆਪਣੇ ਸਾਰੇ ਚਿੱਤਰ ਵੀ ਚੰਡੀਗੜ੍ਹੋਂ ਆਪਣੇ ਨਾਲ ਕੈਨੇਡਾ ਹੀ ਲੈ ਗਏ ਹਨ। ਮੈਂ ਉਨ੍ਹਾਂ ਨੂੰ ਉਸ ਚਿੱਤਰ ਦਾ ਚੇਤਾ ਵੀ ਨਾ ਕਰਾਇਆ।

ਧੋ-ਤਿੰਨ ਸਾਲ ਬਾਅਦ ਫੇਸਬੁੱਕ 'ਤੇ ਮੈਨੂੰ ਉਨ੍ਹਾਂ ਦੀ ਦੋਸਤੀ ਦਾ ਸੱਦਾ ਆਇਆ। ਮੈਂ ਬੜੇ ਚਾਅ ਨਾਲ ਹਾਂ ਕਰ ਦਿੱਤੀ ਤੇ ਅਸੀਂ ਫੇਸਬੁੱਕ ਦੋਸਤ ਬਣ ਗਏ। ਉਹ ਅਕਸਰ ਮੇਰੀਆਂ ਪੋਸਟਾਂ ਲਾਈਕ ਕਰਦੇ ਤੇ ਕਦੇ-ਕਦੇ ਟਿਪਣੀ ਵੀ ਕਰਦੇ। ਇਕ ਵਾਰੀ ਮੇਰੀ ਇਕ ਪੋਸਟ ਪੜ੍ਹ ਕੇ ਉਹ ਏਨੇ ਖੁਸ਼ ਹੋਏ ਕਿ ਮੈਨੂੰ ਉਨ੍ਹਾਂ ਨੇ ਫੋਨ ਕੀਤਾ। ਫਿਰ ਸਾਡੀ ਕਦੀ-ਕਦਾਈਂ ਸਰਸਰੀ ਜਿਹੀ ਗੱਲ ਹੋਣ ਲੱਗ ਪਈ।

ਇਕ ਵਾਰੀ ਫਿਰ ਮੇਰੇ ਮਨ ਵਿਚ ਗੁਰੂ ਹਰਕ੍ਰਿਸ਼ਨ ਜੀ ਦੀ ਉਸ ਤਸਵੀਰ ਦਾ ਹੇਰਵਾ ਜਾਗ ਪਿਆ। ਇਸ ਵਾਰੀ ਮੈਂ ਉਸ ਤਸਵੀਰ ਦਾ ਰੇਟ ਨਾ ਪੁੱਛ ਸਕਿਆ। ਮੈਨੂੰ ਲੱਗਿਆ ਕਿ ਉਦੋਂ ਵਾਲਾ ਹਜ਼ਾਰ ਹੁਣ ਤਾਂ ਡਾਲਰਾਂ ਦੇ ਹਿਸਾਬ ਨਾਲ ਲੱਖ ਹੋ ਗਿਆ ਹੋਵੇਗਾ। ਨਾ ਮੈਂ ਉਦੋਂ ਹਜ਼ਾਰ ਦੇ ਸਕਦਾ ਸਾਂ ਤੇ ਨਾ ਹੀ ਹੁਣ ਲੱਖ ਦੇ ਸਕਦਾ ਸਾਂ। ਮੇਰੀ



*ਜਰਨੈਲ ਸਿੰਘ ਵਲੋਂ ਬਣਾਇਆ ਗਿਆ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਚਿੱਤਰ।*

ਆਰਥਿਕ ਹਾਲਤ ਅੱਗੇ ਵਧਣ ਦੇ ਬਾਵਜੂਦ ਉੱਥੇ ਦੀ ਉੱਥੇ ਹੀ ਖੜ੍ਹੀ ਸੀ।

ਮੈਂ ਫਿਰ ਜਕਦੇ-ਜਕਦੇ ਨੇ ਏਨਾ ਹੀ ਪੁੱਛਿਆ ਕਿ ਹੁਣ ਵੀ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਦੀ ਉਹ ਤਸਵੀਰ ਉਨ੍ਹਾਂ ਕੋਲ ਹੈ? ਉਨ੍ਹਾਂ ਦੱਸਿਆ ਕਿ ਉਹ ਤਸਵੀਰ ਉਨ੍ਹਾਂ ਕੋਲ ਕੈਨੇਡਾ ਹੀ ਹੈ। ਮੈਂ ਉਨ੍ਹਾਂ ਨੂੰ ਉਸ ਤਸਵੀਰ ਦੀ ਆਪਣੀ ਤਲਬ ਬਾਰੇ ਦੱਸਿਆ ਤਾਂ ਉਹ ਝੱਟ ਕਹਿਣ ਲੱਗੇ ਕਿ ਉਹ ਫੋਟੋ ਖਿੱਚ ਕੇ ਭੇਜ ਦੇਣਗੇ।

ਪਹਿਲਾਂ ਉਨ੍ਹਾਂ ਨੇ ਬੜੇ ਘੱਟ ਰੈਜ਼ੋਲੂਸ਼ਨ ਵਾਲੀ ਤਸਵੀਰ ਭੇਜੀ। ਫਿਰ ਮੇਰੇ ਕਹਿਣ 'ਤੇ ਹਾਈ ਰੈਜ਼ੋਲੂਸ਼ਨ ਵਾਲੀ ਤਸਵੀਰ ਵੀ ਭੇਜ ਦਿਤੀ। ਮੈਂ ਉਹ ਤਸਵੀਰ ਸਟੂਡੀਓ ਵਾਲੇ ਆਪਣੇ ਮਿੱਤਰ ਨੂੰ ਦਿਖਾਈ ਤਾਂ ਉਹ ਕਹਿਣ ਲੱਗਾ ਕਿ ਬਹੁਤ ਪੁਰਾਣੇ ਪ੍ਰਿੰਟ ਦੀ ਫੋਟੋ ਖਿੱਚੀ ਹੋਈ ਹੈ, ਇਹਦਾ ਪ੍ਰਿੰਟ ਚੰਗਾ ਨਹੀਂ ਬਣਨਾ। ਉਸ ਤਸਵੀਰ ਦੀ ਰੀਝ ਮੇਰੇ ਮਨ ਵਿਚ ਦੱਬ ਗਈ ਤੇ ਮੈਂ ਹਰ ਉਸ ਨਾਕਾਮਯਾਬ ਬੰਦੇ ਵਾਂਗ ਸੋਚਣ ਲੱਗ ਪਿਆ ਕਿ ਚੰਗਾ ਹੀ ਹੋਇਆ ਜੁ ਤਸਵੀਰ ਦੀ ਗੱਲ ਨਹੀਂ ਬਣੀ। ਹੋ ਸਕਦਾ ਹੈ ਕਿ ਉਹ ਤਸਵੀਰ ਮੇਰੀ ਕਲਪਣਾ ਵਿਚ ਰੁਕਾਵਟ ਹੀ ਬਣ ਜਾਂਦੀ।

ਮੈਂ ਕਦੇ-ਕਦੇ ਆਪਣਾ ਲੈਪਟੌਪ ਖੋਲ੍ਹ ਕੇ ਉਹ ਤਸਵੀਰ ਦੇਖ ਲੈਂਦਾ ਹਾਂ ਤੇ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਦੀ ਤਸਵੀਰ ਦੇ ਦਰਸ਼ਨ ਕਰ ਲੈਂਦਾ ਹਾਂ। ਹਰ ਵਾਰੀ ਉਹ ਤਸਵੀਰ ਦੇਖ ਕੇ ਮੈਨੂੰ ਲਗਦਾ ਹੈ ਕਿ ਮੇਰੇ ਦੁੱਖ ਦੂਰ ਹੋ ਰਹੇ ਹਨ। ਸਚਮੁੱਚ ਉਹ ਤਸਵੀਰ ਬੜੀ ਬਰਕਤ ਵਾਲੀ ਹੈ ਤੇ ਹਰ ਘਰ ਵਿਚ ਸੁਸ਼ੋਭਿਤ ਹੋਣ ਦੀ ਸਮਰੱਥਾ ਰੱਖਦੀ ਹੈ। ਅੱਜ ਸਵੇਰੇ ਅਮਰੀਕਾ ਤੋਂ ਮੇਰੇ ਭਾਈ ਸਾਹਿਬ ਦਾ ਫੋਨ ਆਇਆ। ਉਨ੍ਹਾਂ ਨੇ ਸਧਾਰਨ ਘਰੇਲੂ ਗੱਲਬਾਤ ਕਰ ਕੇ ਫੋਨ ਬੰਦ ਕਰ ਦਿੱਤਾ। ਦਸ ਮਿੰਟ ਬਾਅਦ ਫਿਰ ਫੋਨ ਆਇਆ। ਮੈਂ ਕੁਝ ਹੈਰਾਨ ਹੋ ਗਿਆ ਕਿ ਹੁਣੇ ਤਾਂ ਗੱਲ ਹੋਈ ਹੈ। ਉਨ੍ਹਾਂ ਦਾ ਗਲਾ ਖੁਸ਼ਕ ਹੋਇਆ ਹੋਇਆ ਸੀ ਤੇ ਉਨ੍ਹਾਂ ਨੇ ਬੜੇ ਉਦਾਸ ਲਹਿਜ਼ੇ ਵਿਚ ਮੈਨੂੰ ਦੱਸਿਆ ਕਿ ਚਿੱਤਰਕਾਰ ਜਰਨੈਲ ਸਿੰਘ ਨਹੀਂ ਰਹੇ। ਮੈਂ ਸੁਣ ਕੇ ਦੁਖ ਨਾਲ ਭਰ ਗਿਆ ਤੇ ਨਾਲ ਹੀ ਮੇਰੇ ਅੰਦਰ ਯਾਦਾਂ ਦੇ ਪਰਾਗੇ ਜਾਗ ਪਏ। ਖਾਸ ਤੌਰ ਪਰ ਮੇਰਾ ਉਨ੍ਹਾਂ ਦੀ ਸਾਲੀ ਅਤੇ ਘਰਵਾਲੀ ਵਾਲਾ ਭੁਲੇਖਾ ਤੇ ਆਪਣੀ ਅਧੂਰੀ ਸਧਰ, ਉਸ ਤਸਵੀਰ ਦੀ ਨਾਕਾਮਯਾਬ ਦਾਸਤਾਂ। ਉਹ ਤਸਵੀਰ ਅੱਜ ਵੀ ਮੇਰੇ ਕੋਲ ਸਾਂਭੀ ਪਈ ਹੈ। ਜੀ ਕੀਤਾ ਕਿ ਜਰਨੈਲ ਸਿੰਘ ਜੀ ਨਾਲ ਖਿਚਵਾਈਆਂ ਉਹ ਤਸਵੀਰਾਂ ਤੇ ਗੁਰੂ ਹਰਕ੍ਰਿਸ਼ਨ ਜੀ ਦੀ ਉਹ ਵਿਸ਼ੇਸ਼ ਤਸਵੀਰ ਸਭ ਦੋਸਤਾਂ ਨਾਲ ਸਾਂਝੀ ਕਰਾਂ।

ਚੈਖੋਵ ਦੀ ਕਹਾਣੀ 'ਦੀ ਬਟਰ ਫਲਾਈ' ਦੱਸਦੀ ਹੈ ਕਿ ਚਿੱਤਰਕਾਰ ਦੂਸਰਿਆਂ ਦੀ ਗ੍ਰਹਿਸਤੀ ਵੀ ਗਾਲ ਦਿੰਦੇ ਹਨ ਤੇ ਆਪਣੀ ਵੀ ਉਜਾੜ ਲੈਂਦੇ ਹਨ। ਪਾਤਰ ਨੇ ਵੀ ਲਿਖਿਆ ਸੀ ਕਿ "ਸੂਰਤਾਂ ਕੋਈ ਹੋਰ ਦਿਲ ਵਿਚ ਵਸਦੀਆਂ, ਮੂਰਤਾਂ ਕੋਈ ਹੋਰ ਘਰ ਵਿਚ ਟੰਗੀਆਂ"। ਮੈਂ ਕਈ ਅਜੋਕੇ ਫੋਟੋਕਾਰ ਤੇ ਚਿੱਤਰਕਾਰ ਦੇਖੇ ਹਨ, ਜਿਨ੍ਹਾਂ ਦੀਆਂ ਕੰਧਾਂ 'ਤੇ ਟੰਗੀਆਂ ਮੂਰਤਾਂ ਕੋਈ ਹੋਰ ਸਨ ਤੇ ਉਨ੍ਹਾਂ ਦੇ ਦਿਲ ਵਿਚ ਵਸੀਆਂ ਸੂਰਤਾਂ ਕੋਈ ਹੋਰ ਸਨ। ਇਥੋਂ ਤਕ ਕਿ ਉਨ੍ਹਾਂ ਦੇ ਘਰ ਵਿਚ ਵਸਦੀਆਂ ਸੂਰਤਾਂ ਵੀ ਉਹ ਨਹੀਂ ਸਨ, ਜੋ ਉਨ੍ਹਾਂ ਦੇ ਦਿਲ ਵਿਚ ਵੱਸਦੀਆਂ ਸਨ ਜਾਂ ਜੋ ਉਨ੍ਹਾਂ ਦੀਆਂ ਕੰਧਾਂ 'ਤੇ ਲਟਕਦੀਆਂ ਸਨ। ਅਜਿਹੇ ਲੋਕਾਂ ਦੀ ਗ੍ਰਹਿਸਤੀ ਨਿਰੀ ਚਿੜੀਆ ਘਰ ਹੀ ਹੁੰਦੀ ਹੈ। ਪਰ ਜਰਨੈਲ ਸਿੰਘ ਦਾ ਘਰ ਚਿੜੀਆ ਘਰ ਨਹੀਂ ਸੀ। ਉਹ ਚਿੱਤਰਕਾਰ ਸੀ, ਚਿਤਚੋਰ ਨਹੀਂ ਸੀ ਤੇ ਨਾ ਹੀ ਉਹ ਅੰਦਰੋਂ ਹੋਰ ਤੇ ਬਾਹਰੋਂ ਹੋਰ ਸੀ। ਉਹ ਜਿਹੋ ਜਿਹਾ ਅੰਦਰੋਂ ਸੀ, ਉਹੋ ਜਿਹਾ ਬਾਹਰੋਂ ਸੀ। ਉਸਦੀ ਗ੍ਰਹਿਸਤੀ ਬੜੀ ਹੀ ਸਾਊ ਅਤੇ ਸੁਘੜ ਸੀ। ਉਸਦੇ ਚਰਚੇ ਸਿਰਫ ਉਸਦੀ ਕਲਾ ਤੱਕ ਸੀਮਤ ਸਨ।



*ਲੇਖਕ ਦੀ ਜਰਨੈਲ ਸਿੰਘ ਆਰਟਿਸਟ ਨਾਲ ਇਕ ਪੁਰਾਣੀ ਤਸਵੀਰ।*

ਜਦ ਵੀ ਕਿਤੇ ਉਸਦੀ ਗੱਲ ਛਿੜਦੀ ਸੀ ਤਾਂ ਉਸਦੀ ਕਲਾ ਦੀ ਹੀ ਛਿੜਦੀ ਸੀ। ਉਹ ਸਿਰਫ ਇਕ ਸ਼ਰੀਫ ਚਿੱਤਰਕਾਰ ਸੀ। ਸ਼ਾਇਦ ਪੰਜਾਬ ਵਿਚ ਹੁਣ ਇਸ ਕਿਸਮ ਦਾ ਚਿੱਤਰਕਾਰ ਰੱਜ ਕੇ ਰੋਟੀ ਨਹੀਂ ਖਾ ਸਕਦਾ ਤੇ ਰੱਜ ਕੇ ਰੋਟੀ ਖਾਣ ਲਈ ਹਰ ਕਿਸੇ ਨੂੰ ਕਈ ਤਰ੍ਹਾਂ ਦੇ ਪਾਪੜ ਵੇਲਣੇ ਪੈਂਦੇ ਹਨ। ਸੁਣਿਆ ਕਿ ਉਹ ਵੀ ਅੱਜਕਲ੍ਹ ਕਈ ਕੁਝ ਅਜਿਹਾ ਵੇਲਦੇ ਸਨ, ਜਿਹਦੇ ਨਾਲ ਉਨ੍ਹਾਂ ਦਾ ਘਰ ਚੱਲਦਾ ਸੀ।

ਸਾਡੇ ਇਥੇ ਭੋਗ ਵੇਲੇ, ਅਕਾਲ ਚਲਾਣਾ ਕਰ ਗਏ ਸੱਜਣ ਦੀ ਫੋਟੋ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਰੱਖਣ ਦਾ ਰਿਵਾਜ ਹੈ ਤਾਂ ਕਿ ਸਭ ਨੂੰ ਪਤਾ ਲਗ ਸਕੇ "ਕਉਨੁ ਮੂਆ ਰੇ ਕਉਨੁ ਮੂਆ"। ਸਾਡੇ ਲੋਕ ਇਹ ਰਿਵਾਜ ਕੈਨੇਡਾ ਨੂੰ ਵੀ ਨਾਲ ਹੀ ਲੈ ਗਏ ਹਨ। ਇਥੇ ਤਾਂ ਅਸੀਂ ਦੋ-ਢਾਈ ਸੌ ਰੁਪਏ ਵਿਚ ਫੋਟੋ ਫ੍ਰੇਮ ਕਰਵਾ ਕੇ ਬੁੱਤਾ ਸਾਰ ਲੈਂਦੇ ਹਾਂ। ਪਰ ਉਥੇ ਡਾਲਰ ਚੈਨ ਨਹੀਂ ਲੈਣ ਦਿੰਦੇ। ਕਹਿੰਦੇ ਹਨ ਉਥੇ ਹੁਣ ਜਰਨੈਲ ਸਿੰਘ ਲੋਕਾਂ ਦੇ ਮਰਿਆਂ ਬੁੜ੍ਹਿਆਂ ਦੇ ਭੋਗਾਂ 'ਤੇ ਰੱਖੇ ਜਾਣ ਵਾਲੇ ਪੋਰਟ੍ਰੇਟ ਬਣਾਉਣ ਲੱਗ ਪਿਆ ਸੀ। ਅਜਿਹੇ ਪੋਰਟ੍ਰੇਟ ਦਾ ਰੇਟ ਵੀ ਉਸਨੂੰ ਚੰਗਾ ਮਿਲ ਜਾਂਦਾ ਸੀ। ਕਿਸੇ ਸਿਆਣੇ ਨੇ ਉਸਨੂੰ ਰੋਕਿਆ ਟੋਕਿਆ ਨਾ ਕਿ ਉਹ ਆਪਣੇ ਬਾਪ ਵਾਲੇ ਅਧੂਰੇ ਰਹਿ ਗਏ ਚਿਤਰ ਪੂਰੇ ਕਿਉਂ ਨਹੀਂ ਕਰਦਾ ਤੇ ਉਸ ਇਤਿਹਾਸਕ ਤੇ ਪਵਿੱਤਰ ਕਾਰਜ ਨੂੰ ਅੱਗੇ ਕਿਉਂ ਨਹੀਂ ਤੋਰਦਾ। ਪਰ ਅਸੀਂ ਇਤਿਹਾਸ ਤੋਂ ਕੀ ਲੈਣਾ। ਸਾਡੇ ਲਈ ਤਾਂ ਸਾਡੇ ਭੋਗਾਂ 'ਤੇ ਹੋਣ ਵਾਲੀ ਬੱਲੇ-ਬੱਲੇ ਹੀ ਸਾਡਾ ਇਤਿਹਾਸ ਹੈ ਤੇ ਇਹੀ ਸਾਡਾ ਸੱਭਿਆਚਾਰ ਹੈ। ਸਾਰੀ ਜ਼ਿੰਦਗੀ ਬਜ਼ੁਰਗ ਦੀ ਬਾਤ ਨਾ ਪੁੱਛੋ ਤੇ ਮਰ ਗਏ ਦਾ ਪੋਰਟ੍ਰੇਟ ਬਣਾਓ, ਭੋਗ ਪੁਆਓ, ਪਕੌੜੇ ਛਕਾਓ ਤੇ ਘਰ ਨੂੰ ਜਾਓ। ਕਿਸੇ ਨੇ ਕੀ ਲੈਣਾ "ਕਉਨੁ ਮੂਆ ਰੇ ਕਉਨੁ ਮੂਆ"।

ਪ੍ਰੋ. ਹਰਪਾਲ ਸਿੰਘ ਉਸਨੂੰ ਕੈਨੇਡਾ ਜਾ ਕੇ ਮਿਲੇ ਤੇ ਉਹ ਦੱਸਦੇ ਹਨ ਕਿ ਜਰਨੈਲ ਸਿੰਘ ਦੇ ਦਿਲ ਵਿਚ ਇਕ ਟੀਸ ਸੀ। ਉਹ ਕਹਿੰਦਾ ਸੀ ਕਿ ਬੇਸ਼ੱਕ ਕਿਸੇ ਨੂੰ ਉਸਦੀ ਅਸਲੀ ਪ੍ਰਤਿਭਾ ਦਾ ਇਲਮ ਨਹੀਂ ਹੈ, ਪਰ ਉਹ ਤਾਂ ਜਾਣਦਾ ਹੈ ਕਿ ਉਸਦੀ ਪ੍ਰਤਿਭਾ ਦਾ ਕੀ ਹਸ਼ਰ ਹੋ ਰਿਹਾ ਹੈ। ਉਸਨੂੰ ਆਪਣੀ ਪ੍ਰਤਿਭਾ ਦੇ, ਭੋਗਾਂ 'ਤੇ ਰੱਖੇ ਜਾਣ ਵਾਲੇ ਪੋਰਟ੍ਰੇਟਾਂ ਤੱਕ ਸੀਮਤ ਹੋ ਜਾਣ ਦਾ ਵੱਡਾ ਦੁੱਖ ਸੀ। ਇਹ ਕਿਹੋ ਜਿਹੇ ਜ਼ਹਿਰ ਦਾ ਪਿਆਲਾ ਸੀ, ਜਿਸਨੂੰ ਉਹ ਕਈ ਸਾਲਾਂ ਤੋਂ ਲਗਾਤਾਰ ਪੀ ਰਿਹਾ ਸੀ।

ਉਹ ਭਲਾ ਲੋਕ ਸੀ ਤੇ ਭਲੇ ਲੋਕ ਇਸੇ ਤਰ੍ਹਾਂ ਹੀ ਚੁੱਪ-ਚਾਪ ਚਲੇ ਜਾਂਦੇ ਹਨ। ਉਹ ਆਪਣੇ ਦੁਖ ਦਰਦ ਦਾ ਰੌਲਾ ਨਹੀਂ ਪਾਉਂਦੇ, ਸ਼ਿਕਾਇਤਾਂ ਨਹੀਂ ਕਰਦੇ। ਇਸ ਲਈ ਅਜਿਹੀ ਮਹਾਨ ਪ੍ਰਤਿਭਾ ਦੇ ਤੁਰ ਜਾਣ 'ਤੇ ਕਿਸੇ ਨੂੰ ਕੁਝ ਪਤਾ ਨਹੀਂ ਲਗਦਾ ਕਿ ਵਾਹਿਗੁਰੂ ਦਾ ਭਾਣਾ ਕੀ ਵਾਪਰਿਆ ਹੈ। ਪ੍ਰਤਿਭਾ ਦਾ ਕਤਲ ਸਾਡਾ ਸੱਭਿਆਚਾਰ ਬਣ ਗਿਆ ਹੈ ਤੇ ਸਾਨੂੰ ਇਸਦਾ ਇਲਮ ਵੀ ਨਹੀਂ ਹੈ। ਵਾਹਿਗੁਰੂ ਸਾਨੂੰ ਸੁਮੱਤ ਦੇਵੇ ਕਿ ਅਸੀਂ ਇਹੋ ਜਿਹੇ ਮਹਾਨ ਲੋਕਾਂ ਦੀ ਕਦਰ ਕਰਨੀ ਸਿਖ ਸਕੀਏ ਤਾਂ ਜੋ ਉਹ ਭੰਗ ਦੇ ਭਾੜੇ ਪਾਪੜ ਵੇਲਦੇ ਹੋਏ ਇਸ ਤਰ੍ਹਾਂ ਹੀ ਨਾ ਤੁਰ ਜਾਣ। ਆਓ ਅਰਦਾਸ ਕਰੀਏ ਕਿ ਭੋਗਾਂ ਲਈ ਬਣਾਏ ਆਮ ਚਿੱਤਰਾਂ ਦੀ ਬਜਾਏ, ਉਨ੍ਹਾਂ ਦੇ ਬਣਾਏ ਮਹਾਨ ਚਿੱਤਰ ਸੁਰੱਖਿਅਤ ਹੱਥਾਂ ਵਿਚ ਸਾਂਭੇ ਜਾਣ ਤੇ ਉਨ੍ਹਾਂ ਨੂੰ ਵਾਹਿਗੁਰੂ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ।

## *ਯਾਦ ਰੱਖਣ ਯੋਗ ਗੱਲਾਂ*



**ਹਰਦੀਪ ਸਿੰਘ ਸੋਢੀ**
**ਫੋਨ: 480-794-0325**

* ਕਵਾਰਿਆਂ ਨੂੰ ਲਗਦਾ ਹੈ ਕਿ ਸਾਰੀਆਂ ਸਮੱਸਿਆਵਾਂ ਦਾ ਹੱਲ ਵਿਆਹ ਹੈ ਜਦ ਕਿ ਵਿਆਹੇ ਵਰ੍ਹਿਆਂ ਨੂੰ ਲਗਦਾ ਹੈ ਕਿ ਸਾਰੀਆਂ ਸਮੱਸਿਆਵਾਂ ਦੀ ਵਜ੍ਹਾ ਸ਼ਾਦੀ ਹੈ।

* ਪਹਿਲਾਂ ਲੋਕ ਕਹਿੰਦੇ ਹੁੰਦੇ ਸਨ ਚਾਦਰ ਵੇਖ ਕੇ ਪੈਰ ਪਸਾਰੋ ਭਾਵ ਖ਼ਰਚਾ ਸੰਕੋਚ ਕੇ ਕਰੋ, ਹੁਣ ਕਹਿੰਦੇ ਹਨ ਖ਼ਰਚਾ ਕਰੀ ਚੱਲੋ ਲੱਤਾਂ ਮੋੜ ਕੇ ਸੌਂ ਜਾਵਾਂਗੇ।

* ਇੱਕੀਵੀਂ ਸਦੀ ਹੈ ਹਰ ਕੋਈ ਪੁੱਜ ਕੇ ਸਿਆਣਾ ਅਤੇ ਸਮਝਦਾਰ ਹੈ ਹਰ ਇੱਕ ਨਾਲ ਪਿਆਰ ਨਾਲ ਬੋਲੋ, ਖੰਜਰ ਚੁਭੇ ਦਾ ਇਲਾਜ ਹੋ ਜਾਂਦਾ ਹੈ, ਚੁਭਿਆ ਹੋਇਆ ਬੋਲ ਡਾਢਾ ਤੰਗ ਕਰਦਾ ਹੈ।

* ਓਸ਼ੋ ਨੇ ਇੱਕ ਲੈਕਚਰ ਵਿਚ ਕਿਹਾ ਸੀ ਤਿੰਨ ਲੋਕਾਂ ਅਤੇ ਸਾਰੇ ਗ੍ਰਹਿਆਂ ਦੀ ਜਾਣਕਾਰੀ ਰੱਖਣ ਦਾ ਦਾਅਵਾ ਕਰਨ ਵਾਲੇ ਵੀ ਰੇਲਵੇ ਸਟੇਸ਼ਨ ਦੀ ਇਨਕੁਆਇਰੀ ਵਾਲੀ ਖਿੜਕੀ ਤੋਂ ਪੁੱਛਦੇ ਵੇਖੇ ਹਨ ਕਿ ਦਾਦਰ ਐਕਸਪ੍ਰੈਸ ਕਦੋਂ ਆ ਰਹੀ ਹੈ?

* ਕਿਤਾਬਾਂ ਹੱਥ ਵਿਚ ਰੋਟੀ ਤਾਂ ਨਹੀਂ ਫੜਾਉਂਦੀਆ ਪਰ ਰੋਟੀ ਕਮਾਉਣ ਦਾ ਢੰਗ ਜ਼ਰੂਰ ਦੱਸਦੀਆਂ ਹਨ।

* ਕਿਸੇ ਵੀ ਰਿਸ਼ਤੇ ਦਾ ਕਦੇ ਹਾਰਟ ਫੇਲ੍ਹ ਨਹੀਂ ਹੋਇਆ ਹਰ ਰਿਸ਼ਤਾ ਮੁੱਕਣ ਤੋਂ ਪਹਿਲਾਂ ਵੈਂਟੀਲੇਟਰ 'ਤੇ ਲਗਦਾ ਹੈ। ਸਿਆਣੇ ਹੁੰਦੇ ਹਨ ਜੋ ਉਸ ਨੂੰ ਬਚਾਅ ਲੈਂਦੇ ਜਾਂ ਬਚਾਉਣ ਦਾ ਯਤਨ ਕਰਦੇ ਹਨ।

# ਅਸਮਾਨ ਜਿੰਨਾ ਉੱਚਾ ਪਤਾਲ ਜਿੰਨਾ ਗਹਿਰਾ - ਸੁਰਜੀਤ ਪਾਤਰ

**ਡਾ. ਲਖਵਿੰਦਰ ਸਿੰਘ ਜੌਹਲ**
**ਫੋਨ: 98171-94812**

ਨਵੀਂ ਪੰਜਾਬੀ ਕਵਿਤਾ ਦੀਆਂ ਸਾਰੀਆਂ ਲਹਿਰਾਂ, ਸਾਰੀਆਂ ਕਾਵਿ-ਪ੍ਰਵਿਰਤੀਆਂ,ਪੰਜਾਬੀ ਸਾਹਿਤ, ਕਲਾ ਅਤੇ ਸੱਭਿਆਚਾਰ ਨਾਲ ਸੰਬੰਧਿਤ ਸਾਰੀਆਂ ਸੰਸਥਾਵਾਂ ਤੋਂ ਉੱਚੇ ਕੱਦ-ਬੁੱਤ ਵਾਲੇ ਸੁਰਜੀਤ ਪਾਤਰ ਦਾ ਇਸ ਦੁਨੀਆ ਤੋਂ ਜਾਣਾ ਸ਼ਾਂਤ ਵਗਦੀ ਨਦੀ ਦੇ ਮਾਰੂਥਲ ਵਿਚ ਜੀਰ ਜਾਣ ਵਰਗਾ ਸੀ। ਉਸ ਨੇ ਕਦੇ ਲਿਖਿਆ ਸੀ :-

ਮੈਂ ਆਵਾਜ਼ਾਂ ਤੈਨੂੰ ਬੜੀਆਂ ਮਾਰੀਆਂ
ਤੇਰੀ ਚੁੱਪ ਨੇ ਜੀਰ ਲਈਆਂ ਸਾਰੀਆਂ

ਚੁੱਪ ਨੂੰ ਆਵਾਜ਼ ਦੇਣ ਵਾਲਾ ਸ਼ਾਇਰ ਜਦੋਂ ਚੁੱਪ ਹੋ ਗਿਆ, ਤਾਂ ਉਸਦੀ ਕਵਿਤਾ ਨੇ ਪਾਤਰ ਦੀ ਜਗ੍ਹਾ ਬੋਲਣ ਦੀ ਜ਼ਿੰਮੇਵਾਰੀ ਵੀ ਖੁਦ ਚੁੱਕ ਲਈ।

ਉਹ ਪੰਜਾਬੀ ਕਾਵਿ-ਜਗਤ ਦਾ ਅਜਿਹਾ ਨਾਂਅ ਹੈ, ਜਿਸ ਦਾ ਕੋਈ ਸਾਨੀ ਨਹੀਂ ਹੈ। ਪੰਜਾਬੀ ਕਵਿਤਾ ਦਾ ਪਰਿਆਏ ਬਣਿਆ ਸੁਰਜੀਤ ਪਾਤਰ ਇਕ ਅਜਿਹੀ ਸਰਵ-ਪ੍ਰਵਾਨਿਤ ਸ਼ਖ਼ਸੀਅਤ ਸੀ, ਜਿਸ ਨੂੰ ਹਰ ਕੋਈ ਸਤਿਕਾਰ ਦਿੰਦਾ ਸੀ, ਪਿਆਰ ਕਰਦਾ ਸੀ, ਉਸ ਤੋਂ ਅਗਵਾਈ ਲੈਂਦਾ ਸੀ।

ਕੋਲੰਬੀਆ ਦੇ ਵਿਸ਼ਵ ਕਵਿਤਾ ਉਤਸਵ ਵਿਚ ਭਾਰਤੀ ਕਵਿਤਾ ਦੀ ਪ੍ਰਤੀਨਿਧਤਾ ਕਰਨਾ, ਚੀਨ ਵਿਚ ਜਾਣ ਵਾਲੇ ਭਾਰਤੀ ਲੇਖਕਾਂ ਦੇ ਵਫ਼ਦ ਵਿਚ ਸ਼ਾਮਿਲ ਹੋਣਾ, ਨਿਊਯਾਰਕ ਦੀ ਲਿਟਰੇਚਰ ਕਾਨਫ਼ਰੰਸ ਵਿਚ ਭਾਰਤੀ ਕਵੀ ਵਜੋਂ ਸ਼ਿਰਕਤ ਕਰਨੀ, ਜਰਮਨ ਦੇ ਪੁਸਤਕ ਮੇਲੇ ਵਿਚ ਪੰਜਾਬੀ ਕਵੀ ਵਜੋਂ ਹਾਜ਼ਰੀ ਭਰਨੀ, ਆਬੂਧਾਬੀ ਦੇ ਵਿਸ਼ਵ ਪੁਸਤਕ ਮੇਲੇ ਵਿਚ ਭਾਰਤੀ ਸਾਹਿਤਕਾਰ ਵਜੋਂ ਉਸ ਨੂੰ ਬੁਲਾਏ ਜਾਣਾ ਸੁਰਜੀਤ ਪਾਤਰ ਦੇ ਵੱਡੇ ਹਾਸਿਲ ਸਨ। ਪਾਰਗਾਮੀ ਸੁਭਾਅ ਵਾਲਾ ਅਜਿਹਾ ਵਿਅਕਤੀਤਵ ਸਦੀਆਂ ਬਾਅਦ ਹੀ ਪੈਦਾ ਹੁੰਦਾ ਹੈ।

14 ਜਨਵਰੀ, 1945 ਨੂੰ ਦੁਆਬੇ ਦੇ ਪੱਤੜ ਕਲਾਂ ਪਿੰਡ ਵਿਚ ਪੈਦਾ ਹੋਇਆ ਪਾਤਰ, ਰੋਟੀ ਰੋਜ਼ੀ ਲਈ ਲੁਧਿਆਣਾ ਵਾਸੀ ਹੋ ਗਿਆ ਸੀ। ਐਮ.ਏ. ਪੰਜਾਬੀ ਵਿਚ ਗੋਲਡ ਮੈਡਲ ਪ੍ਰਾਪਤ ਕਰਨ ਵਾਲਾ ਪਾਤਰ, ਐਮ.ਫਿਲ, ਪੀਐਚ.ਡੀ. ਤੱਕ ਪੜ੍ਹਿਆ ਅਤੇ ਫੇਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਉਸ ਨੂੰ ਆਨਰੇਰੀ ਡੀ.ਲਿੱਟ ਦੀ ਡਿਗਰੀ ਵੀ ਪ੍ਰਦਾਨ ਕੀਤੀ। ਪਰ ਅਜਿਹੀਆਂ ਡਿਗਰੀਆਂ ਅਤੇ ਸਨਮਾਨਾਂ ਤੋਂ ਬਹੁਤ ਉੱਚਾ ਪਾਤਰ ਸ਼ਾਇਰੀ ਦਾ ਅਜਿਹਾ ਦਰਿਆ ਸੀ, ਜਿਸ ਦੀ ਰਵਾਨੀ ਕਵਿਤਾ ਨੂੰ ਤੁਰਨਾ ਸਿਖਾਉਂਦੀ ਸੀ। 'ਹਵਾ ਵਿਚ ਲਿਖੇ ਹਰਫ਼' ਤੋਂ ਸ਼ੁਰੂ ਹੋਈ ਉਸ ਦੀ ਰਚਨਾਕਾਰੀ ਦਾ ਸਫ਼ਰ 'ਚੰਨ ਸੂਰਜ ਦੀ ਵਹਿੰਗੀ' ਰਾਹੀਂ ਹੁੰਦਾ ਹੋਇਆ 'ਇਹ ਬਾਤ ਨਿਰੀ ਏਨੀ ਨਹੀਂ' ਤਕ ਫੈਲਿਆ ਹੋਇਆ ਸੀ। ਉਸ ਦੀ ਰਚਨਾਕਾਰੀ ਗ਼ਜ਼ਲਾਂ, ਗੀਤਾਂ, ਕਵਿਤਾਵਾਂ, ਨਾਟਕਾਂ ਅਤੇ ਵਾਰਤਕ ਦਾ ਉਹ ਖ਼ਜ਼ਾਨਾ ਹਨ, ਜਿਸ ਦੀ ਚਮਕ ਵਰਤਮਾਨ ਦੇ ਨਾਲ-ਨਾਲ ਭਵਿੱਖ ਨੂੰ ਵੀ ਰੁਸ਼ਨਾ ਦੇਣ ਦੀ ਸਮਰੱਥਾ ਰੱਖਦੀ ਹੈ। ਉਹ ਜਦੋਂ ਆਪਣੀਆਂ ਗ਼ਜ਼ਲਾਂ ਨਾਲ ਇਕਸੁਰ ਹੋ ਕੇ ਦਰਸ਼ਕਾਂ/ਸਰੋਤਿਆਂ ਸਾਹਮਣੇ ਹਾਜ਼ਰ ਹੁੰਦਾ ਤਾਂ ਸਮਾਂ ਠਹਿਰ ਜਾਂਦਾ ਸੀ।

ਉਸ ਦੀ ਇਸ ਅਦਾ ਦੀ ਝਲਕ ਉਸ ਦੀ ਅਗਲੀ ਪੀੜ੍ਹੀ ਵਿਚ ਉਸ ਦੇ ਛੋਟੇ ਬੇਟੇ ਮਨਰਾਜ ਵਿਚ ਵੀ ਝਲਕਦੀ ਹੈ। ਉਸ ਦੇ ਵੱਡੇ ਬੇਟੇ ਅੰਕੁਰ ਨੇ ਡਿਜੀਟਲ ਪੇਂਟਿੰਗ ਦਾ ਔਖਾ ਪੈਂਡਾ ਚੁਣਿਆ ਹੋਇਆ ਹੈ। ਉਸ ਦੇ ਬਣਾਏ ਹੋਏ ਬਹੁਤ ਸਾਰੇ ਪੋਰਟਰੇਟਾਂ ਵਿਚ ਆਪਣੇ ਪਿਤਾ ਸੁਰਜੀਤ ਪਾਤਰ ਦਾ ਬਣਾਇਆ ਹੋਇਆ ਪੋਰਟਰੇਟ ਵੀ ਅਦੁੱਤੀ ਹੈ।

ਸੁਰਜੀਤ ਪਾਤਰ ਦੀ ਧਰਮ ਪਤਨੀ ਭੁਪਿੰਦਰ ਕੌਰ ਜਦੋਂ ਸੁਰਜੀਤ ਪਾਤਰ ਦੀ ਸ਼ਾਇਰੀ ਨੂੰ ਆਪਣੀ ਆਵਾਜ਼ ਅਤੇ ਆਪਣੀਆਂ ਸੁਰਾਂ ਨਾਲ ਇਕਸੁਰ ਕਰਦੀ ਹੈ ਤਾਂ ਫਿਜ਼ਾ ਤਰੰਗਿਤ ਹੋ ਜਾਂਦੀ ਹੈ। ਇਕੋ ਘਰ ਵਿਚ ਇਕੋ ਛੱਤ ਹੇਠ ਵਗਦੇ, ਪੰਜਾਬੀ ਸਾਹਿਤ ਸੱਭਿਆਚਾਰ ਦੇ ਏਨੇ ਦਰਿਆਵਾਂ ਵਿਚੋਂ ਇਕ ਦਰਿਆ ਜਦੋਂ ਗਿਆਰਾਂ ਮਈ 2024 ਨੂੰ,ਜ਼ਿੰਦਗੀ ਦੇ ਮਾਰੂਥਲ ਨੇ ਜੀਰ ਲਿਆ,ਤਾਂ ਚਾਰੇ ਪਾਸੇ ਇਕ ਸੁੰਨ ਪਸਰ ਗਈ।...

...ਪਾਤਰ ਨਾਲ ਮੇਰੀ ਪਹਿਲੀ ਮੁਲਾਕਾਤ ਸੰਨ 1972 ਨੂੰ ਬੀ.ਡੀ.ਆਰੀਆ ਕਾਲਜ ਜਲੰਧਰ ਛਾਉਣੀ ਵਿਖੇ ਹੋਈ ਸੀ। ਉਹ ਕਵਿਤਾ ਮੁਕਾਬਲੇ ਦੀ ਜਜਮੈਂਟ ਲਈ ਆਇਆ ਸੀ। ਮੈਂ ਜੰਡਿਆਲਾ ਕਾਲਜ ਵਿਚੋਂ ਕਾਵਿ-ਪ੍ਰਤੀਯੋਗਤਾ ਵਿਚ ਭਾਗ ਲੈਣ ਲਈ ਪਹੁੰਚਿਆ ਸੀ। ਇਨਾਮ ਤਾਂ ਖ਼ਾਲਸਾ ਕਾਲਜ ਜਲੰਧਰ ਤੋਂ ਆਈ ਕਸ਼ਮੀਰ ਕਾਦਰ ਅਤੇ ਨਰਜੀਤ ਖਹਿਰਾ ਦੀ ਜੋੜੀ ਲੈ ਗਈ ਸੀ, ਪਰ ਪ੍ਰਤੀਯੋਗਤਾ ਦੇ ਜੱਜਾਂ ਵਲੋਂ ਪ੍ਰਤੀਭਾਗੀਆਂ ਨਾਲ ਪੀਤੀ ਗਈ ਚਾਹ ਦਾ ਸਵਾਦ ਅਤੇ ਸੁਰਜੀਤ ਪਾਤਰ ਨਾਲ ਕੀਤੀਆਂ ਗੱਲਾਂ ਦੀ ਮਿਠਾਸ ਅਜੇ ਵੀ ਮੈਨੂੰ ਸਰਸ਼ਾਰ ਕਰਦੀ ਰਹਿੰਦੀ ਹੈ... ਮੈਂ ਅਕਸਰ ਕਹਿੰਦਾ ਹਾਂ ਕਿ ਉਦੋਂ ਇਨਾਮ ਤਾਂ ਨਹੀਂ ਮਿਲਿਆ ਪਰ ਮੈਨੂੰ ਪਾਤਰ ਸਾਹਿਬ ਮਿਲ ਗਏ...

ਫੇਰ ਦੂਰਦਰਸ਼ਨ ਦੇ ਅਨੇਕਾਂ ਪ੍ਰੋਗਰਾਮਾਂ ਨਾਲ ਸੁਰਜੀਤ ਪਾਤਰ ਦਾ ਜੜਾ? ਰਿਹਾ। ਕਦੇ "ਸੂਰਜ ਦਾ ਸਿਰਨਾਵਾਂ", ਕਦੇ "ਕਾਵਿਸ਼ਾਰ", ਕਦੇ "ਲੋਕ ਰੰਗ" ਤੇ ਫੇਰ "ਰੂਬਰੂ" ਉਨ੍ਹਾਂ ਪ੍ਰੋਗਰਾਮਾਂ ਵਿਚ ਸ਼ਾਮਿਲ ਹਨ ਜਿਨ੍ਹਾਂ ਦਾ ਕਦੇ ਉਹ ਸੰਚਾਲਕ ਰਿਹਾ ਅਤੇ ਕਦੇ ਪ੍ਰਤੀਭਾਗੀ।

ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਅਤੇ ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ ਦਾ ਉਹ ਪ੍ਰਧਾਨ ਰਿਹਾ ਅਤੇ ਫੇਰ 2017 ਵਿਚ ਉਸ ਨੂੰ ਪੰਜਾਬ ਕਲਾ ਪਰਿਸ਼ਦ ਦਾ ਚੇਅਰਮੈਨ ਬਣਾ ਦਿੱਤਾ ਗਿਆ।

ਸਤੰਬਰ 2017 ਤੋਂ 11 ਮਈ 2024 ਤੱਕ ਦਾ ਸਮਾਂ ਸੁਰਜੀਤ ਪਾਤਰ ਨਾਲ ਬਿਤਾਇਆ ਗਿਆ ਮੇਰੀ ਜ਼ਿੰਦਗੀ ਦਾ ਉਹ ਸਮਾਂ ਹੈ, ਜਦੋਂ ਮੈਂ ਬਹੁਤ ਕੁਝ ਸਿੱਖਿਆ ਅਤੇ ਸਮਝਿਆ। ਦੂਰਦਰਸ਼ਨ ਤੋਂ ਸੇਵਾ ਮੁਕਤ ਹੁੰਦਿਆਂ ਹੀ ਮੈਂ ਕਈ ਸਰਕਾਰੀ ਗ਼ੈਰ-ਸਰਕਾਰੀ ਅਹੁਦਿਆਂ ਤੱਕ ਪਹੁੰਚ ਗਿਆ ਸਾਂ। ਜਿਹਨਾਂ ਵਿੱਚੋਂ ਪੰਜਾਬ ਕਲਾ ਪਰਿਸ਼ਦ ਦਾ ਸਕੱਤਰ ਅਤੇ ਜੰਗੇ ਆਜ਼ਾਦੀ ਕਰਤਾਰਪੁਰ ਦੀ ਮੈਨੇਜਿੰਗ ਕਮੇਟੀ ਦਾ ਸਕੱਤਰ ਬਣਨਾ, ਬੇਹੱਦ ਅਹਿਮ ਸਰਕਾਰੀ ਅਹੁਦੇ ਸਨ। ਦੋਵੇਂ ਸੱਭਿਆਚਾਰਕ ਅਤੇ ਸੈਰ ਸਪਾਟਾ ਮੰਤਰਾਲੇ ਦੇ ਅਧੀਨ ਸਨ। ਮੇਰੇ ਪੰਜਾਬ ਕਲਾ ਪਰਿਸ਼ਦ ਦਾ ਸਕੱਤਰ ਬਣਨ ਤੋਂ ਇੱਕ ਸਾਲ ਬਾਅਦ 2017 ਦੇ ਸਤੰਬਰ ਵਿੱਚ ਸੁਰਜੀਤ ਪਾਤਰ ਨੂੰ ਤੱਤਕਲੀਨ ਸੰਬੰਧਿਤ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਜ਼ਿਦ ਅਧੀਨ ਪੰਜਾਬ ਸਰਕਾਰ ਵੱਲੋਂ ਕਲਾ ਪ੍ਰੀਸ਼ਦ ਦਾ ਚੇਅਰਮੈਨ ਲਗਾਇਆ ਗਿਆ ਸੀ। ਸਤਿੰਦਰ ਸੱਤੀ ਨੂੰ ਹਟਾ ਕੇ ਕੀਤੀ ਗਈ ਇਸ ਨਿਯੁਕਤੀ ਲਈ ਤਕਨੀਕੀ ਘੁਣਤਰਾਂ ਘੜਨ ਵਿੱਚ ਉਸ ਵੇਲੇ ਦੇ ਸੱਭਿਆਚਾਰਕ ਮਾਮਲੇ ਦੇ ਸਕੱਤਰ ਜਸਪਾਲ ਸਿੰਘ ਆਈ. ਏ. ਐਸ. ਦੇ ਨਾਲ ਨਾਲ ਮੇਰਾ ਵੀ ਗਹਿਰਾ ਯੋਗਦਾਨ ਸੀ।

ਸੁਰਜੀਤ ਪਾਤਰ ਦੇ ਆਉਣ ਨਾਲ ਪੰਜਾਬ ਕਲਾ ਪਰਿਸ਼ਦ ਦਾ ਕੱਦ ਵੱਧ ਗਿਆ ਸੀ। ਡਾਕਟਰ ਮਹਿੰਦਰ ਸਿੰਘ ਰੰਧਾਵਾ ਤੋਂ ਸੁਰਜੀਤ ਪਾਤਰ ਤੱਕ ਦਾ ਕਲਾ ਪ੍ਰੀਸ਼ਦ ਦਾ ਸਫ਼ਰ ਇਸ ਦੀ ਭਰਪੂਰ ਗਵਾਹੀ ਦਿੰਦਾ ਹੈ ਕਿ ਸੰਸਥਾਵਾਂ ਚਿਹਰਿਆਂ ਨਾਲ ਹੀ ਜਾਣੀਆਂ ਜਾਂਦੀਆਂ ਹਨ। ਪਾਤਰ ਦੇ ਆਉਣ ਨਾਲ ਇਹ ਸੰਸਥਾ ਸਜੀਵ ਹੋ ਗਈ ਸੀ, ਸੰਗੀਤਕ ਹੋ ਗਈ ਸੀ। ਇਹਦੀ ਇਮਾਰਤ ਦੇ ਕੋਨੇ ਕੋਨੇ ਵਿੱਚ ਕਵਿਤਾ ਰੁਮਕਣ ਲੱਗ ਪਈ ਸੀ, ਸੰਗੀਤ ਗੂੰਜਣ ਲੱਗ ਪਿਆ ਸੀ...। ਕਲਾ ਪ੍ਰੀਸ਼ਦ ਦਾ ਦਫ਼ਤਰ ਠਹਾਕਿਆਂ ਨਾਲ ਗੂੰਜਦਾ ਰਹਿੰਦਾ। ਡਾਕਟਰ ਯੋਗਰਾਜ, ਦੀਵਾਨ ਮਾਨਾ, ਕੇਵਲ ਧਾਲੀਵਾਲ, ਪ੍ਰੀਤਮ ਸਿੰਘ ਰੂਪਾਲ, ਨਿਰਮਲ ਜੌੜਾ, ਸਰਬਜੀਤ ਕੌਰ ਸੋਹਲ ਅਤੇ ਨਿੰਦਰ ਘੁਗਿਆਣਵੀ ਇਹਨਾਂ ਠਹਾਕਿਆਂ ਦੇ ਪੱਕੇ ਯੋਗਦਾਨੀ ਸਨ। ਕਦੇ ਕਦੇ ਅਮਰਜੀਤ ਗਰੇਵਾਲ ਤੇ ਸਵਰਨਜੀਤ ਸਵੀ ਵੀ ਆ ਜਾਂਦੇ। ਦੀਵਾਨ ਮਾਨਾ ਦੁਪਹਿਰ ਦਾ ਅਤਿ ਸਵਾਦਿਸ਼ਟ ਖਾਣਾ ਘਰੋਂ ਮੰਗਵਾ ਕੇ ਅਕਸਰ ਸਾਨੂੰ ਖਵਾਉਂਦਾ ਤੇ ਫਿਰ ਸਾਨੂੰ ਘਰੋਂ ਹੋ ਕੇ ਜਾਣ ਦੀ ਤਗੀਦ ਵੀ ਕਰਦਾ ਰਹਿੰਦਾ। ਉਹ ਅੰਗੂਰ ਅਤੇ ਹੋਰ ਫਲ-ਫਰੂਟ ਪਾ ਕੇ ਬਣਾਈ ਗਈ ਘਰੇਲੂ ਵਿਸਕੀ ਦੀ ਗੱਲ ਅਕਸਰ ਛੇੜ ਦਿੰਦਾ। ਇੱਕ ਦਿਨ ਕਹਿੰਦਾ " ਜੀ ਪਾਤਰ ਸਾਹਿਬ ਅੱਜ ਤਾਂ ਸ਼ਾਮ ਨੂੰ ਬੈਠਣਾ ਹੀ ਬੈਠਣਾ ਦੱਸੋ ਕਿੰਨੀਆਂ ਬੋਤਲਾਂ ਦਾ ਪ੍ਰਬੰਧ ਕਰਾਂ" ਪਾਤਰ ਸਾਹਿਬ ਨੇ ਆਲੇ ਦੁਆਲੇ ਨਜ਼ਰ ਘੁਮਾਈ ਤੇ ਕਹਿਣ ਲੱਗੇ "ਇੱਕੋ ਹੀ ਬੋਤਲ ਕਾਫ਼ੀ ਹੈ " ਉਸ ਦਿਨ ਅਸੀਂ ਪੰਜ ਜਣੇ ਬੈਠੇ ਸਾਂ ।ਮਾਨਾ ਨੇ ਹੈਰਾਨ ਹੋ ਕੇ ਕਿਹਾ "ਪੰਜ ਬੰਦੇ ਤੇ ਬੋਤਲ ਇੱਕ?" ਪਾਤਰ ਸਾਹਿਬ ਬੋਲੇ "ਹਾਂ ਇੱਕੋ ਬੋਤਲ, ਇੱਕ ਪਿੱਗ ਮੇਰਾ, ਬਾਕੀ ਤੁਸੀਂ ਤਿੰਨੇ,... ਜੌਹਲ ਤਾਂ ਬੈਡ ਕੰਪਨੀ ਐ"...

ਸਾਰੇ ਉੱਚੀ ਉੱਚੀ ਹੱਸ ਪਏ ਤੇ ਮੈਂ ਕੱਚਾ ਜਿਹਾ ਹੋ ਗਿਆ। "ਇਹਦਾ ਮਤਲਬ ਤੁਹਾਨੂੰ ਬੈਡ ਕੰਪਨੀ ਵਾਲੀ ਕਹਾਣੀ ਨਹੀਂ ਪਤਾ".. ਪਾਤਰ ਸਾਹਿਬ ਬੋਲੇ.. ਤੇ ਫਿਰ ਉਹ ਕਹਾਣੀ ਸੁਣਾਉਣ ਲੱਗ ਪਏ "ਪ੍ਰੋਫ਼ੈਸਰ ਮੋਹਣ ਸਿੰਘ ਜਦੋਂ ਪੀ.ਏ.ਯੂ. ਵਿੱਚ ਮੇਰੇ ਬੌਸ ਹੁੰਦੇ ਸਨ ਤਾਂ ਇੱਕ ਦਿਨ ਉਹ ਸ਼ਰਾਬ ਦੇ ਨਸ਼ੇ ਵਿੱਚ ਪੂਰੇ ਟੁੰਨ ਹੋ ਕੇ ਆਪਣੇ ਘਰ ਪਹੁੰਚੇ ਤਾਂ ਉਹਨਾਂ ਦੀ ਪਤਨੀ ਨੇ ਉਹਨਾਂ ਨੂੰ ਖ਼ੂਬ ਬੁਰਾ ਭਲਾ ਕਿਹਾ, ਕਿਉਂਕਿ ਉਹਨਾਂ ਦੀ ਪਤਨੀ ਵੱਲੋਂ ਉਹਨਾਂ ਨੂੰ ਸਖਤ ਹਦਾਇਤ ਸੀ ਕਿ ਇੱਕ ਪੈੱਗ ਤੋਂ ਵੱਧ ਸ਼ਰਾਬ ਨਹੀਂ ਪੀਣੀ। ਪ੍ਰੋਫ਼ੈਸਰ ਮੋਹਣ ਸਿੰਘ ਹੋਰਾਂ ਨੇ ਆਪਣੇ ਹਲੀਮੀ ਭਰੇ ਅੰਦਾਜ਼ ਵਿੱਚ ਆਪਣੀ ਸਫ਼ਾਈ ਪੇਸ਼ ਕਰਦਿਆਂ ਕਿਹਾ "ਕੀ ਕਰਦਾ ਭਾਗਵਾਨੇ ਅੱਜ ਤਾਂ ਮੈਨੂੰ ਬੈਡ ਕੰਪਨੀ ਨੇ ਮਰਵਾ ਦਿੱਤਾ"

" ਬੈਡ ਕੰਪਨੀ?ਕੀ ਮਤਲਬ?"

ਪਤਨੀ ਨੇ ਮੋੜਵਾਂ ਸਵਾਲ ਕੀਤਾ ਤਾਂ ਕਹਿਣ ਲੱਗੇ "ਅੱਜ ਮੈਨੂੰ ਦੋ ਜਣੇ ਮਿਲਣ ਆਏ ਸਨ,



ਮੈਂ ਹਿਸਾਬ ਲਗਾ ਕੇ ਪੂਰੀ ਬੋਤਲ ਲੈ ਆਇਆ, ਪਰ ਮਾੜੀ ਕਿਸਮਤ ਨੂੰ ਦੋਹਾਂ ਵਿੱਚੋਂ ਕੋਈ ਵੀ ਪੀਣ ਵਾਲਾ ਨਾ ਨਿਕਲਿਆ ਤੇ ਫਿਰ ਸਾਰੀ ਬੋਤਲ ਮੈਨੂੰ ਇਕੱਲੇ ਨੂੰ ਹੀ ਪੀਣੀ ਪਈ, ਇਸ ਕਰਕੇ ਇਹ ਸਾਰਾ ਕਸੂਰ ਬੈਡ ਕੰਪਨੀ ਦਾ ਹੈ,ਮੇਰਾ ਨਹੀਂ"... ਇੱਕ ਵਾਰ ਫਿਰ ਹਾਸਾ ਪੈ ਗਿਆ। "ਸੋ ਜੌਹਲ ਸਾਡੀ ਬੈਡ ਕੰਪਨੀ ਐ"... ਇਸ ਤੋਂ ਬਾਅਦ ਜਦੋਂ ਕਦੇ ਵੀ ਮਹਿਫ਼ਲ ਜੁੜਨ ਦੀ ਗੱਲ ਚੱਲਦੀ ਤਾਂ ਅਕਸਰ ਪੁੱਛ ਲਿਆ ਜਾਂਦਾ "ਹਾਂ ਬਈ ਬੈਡ ਕੰਪਨੀ ਕੌਣ ਕੌਣ ਐ?"

ਪਾਤਰ ਸਾਹਿਬ ਦੇ ਸਾਰੇ ਸਰਕਲ ਵਿੱਚ ਮੈਂ "ਬੈਡ ਕੰਪਨੀ" ਵਜੋਂ ਮਸ਼ਹੂਰ ਹੋ ਗਿਆ...

... ਉਸ ਦੀ ਅਗਵਾਈ ਵਿਚ ਪੰਜਾਬ ਕਲਾ ਪਰਿਸ਼ਦ ਦੇ ਸਕੱਤਰ ਦੇ ਅਹੁਦੇ ਉੱਤੇ ਰਹਿੰਦਿਆਂ ਉਸ ਦੀ ਸ਼ਖ਼ਸੀਅਤ ਦੇ ਉਹ ਗਹਿਰੇ ਰੰਗ ਵੀ ਅਤਿ ਨੇੜੇ ਤੋਂ ਵੇਖਦਿਆਂ ਅਨੁਭਵ ਦੀ ਜੋ ਅਮੀਰੀ, ਮੈਂ ਇਨ੍ਹਾਂ ਸਾਲਾਂ ਵਿਚ ਗ੍ਰਹਿਣ ਕੀਤੀ, ਉਹ ਮੇਰਾ ਬੇਹੱਦ ਵਡਮੁੱਲਾ ਸਰਮਾਇਆ ਹੈ। ਪੇਚੀਦਾ ਤੋਂ ਪੇਚੀਦਾ ਮਸਲਿਆਂ ਨੂੰ ਮਿੱਠੀ ਮੁਸਕਾਨ ਨਾਲ ਟਾਲ ਦੇਣਾ, ਉਸ ਦਾ ਮੀਰੀ ਗੁਣ ਸੀ। ਤਲਖ਼ੀ ਭਰੇ ਮਾਹੌਲ 'ਚ ਵੀ ਚਾਰ ਚੁਫ਼ੇਰੇ ਭੁੜਕ ਰਹੀਆਂ ਮਿਰਚਾਂ ਨੂੰ ਮਿਸ਼ਰੀ ਬਣਾ ਦੇਣ ਦੀ ਕਲਾ ਉਸ ਨੂੰ ਆਉਂਦੀ ਸੀ। ਅਸਹਿਮਤੀ ਨੂੰ ਸਹਿਮਤੀ, ਅਸਹਿਜਤਾ ਨੂੰ ਸਹਿਜਤਾ, ਤਲਖ਼ੀ ਨੂੰ ਤਰਲਤਾ ਵਿਚ ਬਦਲਣ ਵਾਲਾ ਜਾਦੂਗਰ ਸੀ ਸੁਰਜੀਤ ਪਾਤਰ...।

ਉਹ ਅਸਮਾਨ ਜਿੰਨਾ ਉੱਚਾ ਅਤੇ ਪਤਾਲ ਜਿੰਨਾ ਗਹਿਰਾ ਸੀ। ਉਸ ਦੀ ਥਾਹ ਪਾਉਣ ਲਈ ਉਸ ਨਾਲ ਗੁਜ਼ਾਰੇ ਪਲਾਂ ਨੂੰ ਮੁੜ ਮੁੜ ਨਿਹਾਰਨਾ ਪੈਂਦਾ ਹੈ...

8 ਮਈ 2024 ਨੂੰ ਕਲਾ ਪ੍ਰੀਸ਼ਦ ਦੀ ਤਤਕਾਲੀ ਟੀਮ ਦੀ ਆਖਰੀ ਮੀਟਿੰਗ ਸੀ। 19 ਮਈ ਨੂੰ ਸਾਡਾ ਕਾਰਜਕਾਲ ਸਮਾਪਤ ਹੋ ਜਾਣਾ ਸੀ। ਮੀਟਿੰਗ ਤੋਂ ਬਾਅਦ ਕਮਰੇ ਵਿੱਚ ਆਏ ਤਾਂ ਪਾਤਰ ਸਾਹਿਬ ਕਹਿਣ ਲੱਗੇ "ਇਹ ਚੇਅਰਮੈਨ ਦੀ ਕੁਰਸੀ ਦੇ ਪਿੱਛੇ ਪੂਰੀ ਦੀਵਾਰ ਤੇ ਵੱਡੀ ਪੇਂਟਿੰਗ ਹੋਣੀ ਚਾਹੀਦੀ ਹੈ।" ਮੈਂ ਕਾਗਜ਼ਾਂ ਤੇ ਦਸਤਖ਼ਤ ਕਰਦੇ ਕਰਦੇ ਨੇ ਮੂੰਹ ਉਤਾਂਹ ਚੁੱਕਿਆ ਤੇ ਉਹਨਾਂ ਵੱਲ ਵੇਖ ਕੇ ਮੁਸਕਰਾਇਆ। ਕਹਿਣ ਲੱਗੇ "ਅਜੇ 11 ਦਿਨ ਪਏ ਆ ਪੇਂਟਿੰਗ ਤਾਂ ਸਿਧਾਰਥ ਨੇ ਦੋ ਦਿਨਾਂ ਵਿੱਚ ਬਣਾ ਦੇਣੀ ਐ ਆਪਾਂ ਲਾ ਕੇ ਜਾਵਾਂਗੇ, ਇਹ ਵੀ ਕਲਾ ਪ੍ਰੀਸ਼ਦ ਨੂੰ ਆਪਣੀ ਦੇਣ ਹੀ ਹੋਏਗੀ" ਮੈਂ ਚੁੱਪ ਰਿਹਾ। ਫੇਰ ਸਾਹਮਣੇ ਖੜੇ ਅਮਰਜੀਤ ਗਰੇਵਾਲ ਨੂੰ ਕਹਿਣ ਲੱਗੇ "ਤੂੰ ਕਰ ਸਿਧਾਰਥ ਨੂੰ ਫੋਨ"... ਉਹ ਫੋਨ ਮਿਲਾਉਣ ਲੱਗ ਪਿਆ... ਥੋੜੀ ਦੇਰ ਤੋਂ ਬਾਅਦ ਮੈਨੂੰ ਕਹਿਣ ਲੱਗੇ "ਆਪਾਂ ਇੱਕ ਮੀਟਿੰਗ ਹੋਰ ਨਾ ਕਰ ਲਈਏ, ਨਾਲੇ ?ਦਣ ਨੂੰ ਪਾਰਟੀ ਕਰਾਂਗੇ,ਆਪਣੀ ਟਰਮ ਦੀ ਸ਼ਾਨਦਾਰ ਸਮਾਪਤੀ ਦੀ ਪਾਰਟੀ" ਮੈਂ ਕੁਝ ਹੋਰ ਬੋਲਣ ਤੋਂ ਬਿਨਾਂ, ਆਫਿਸ ਸੁਪਰਡੈਂਟ ਨਗੇਸ਼ਵਰ ਨੂੰ ਬੁਲਾਇਆ ਤੇ 17 ਮਈ ਦੀ ਮੀਟਿੰਗ ਦਾ ਨੋਟਿਸ ਕੱਢਣ ਲਈ ਆਖ ਦਿੱਤਾ। ਫਿਰ ਉਹ ਅੱਠ ਸੈਕਟਰ ਵਿੱਚ ਕਿਸੇ ਨੂੰ ਮਿਲਣ ਲਈ ਅਮਰਜੀਤ ਨੂੰ ਨਾਲ ਲੈ ਕੇ ਚਲੇ ਗਏ। ਮੈਂ, ਨਿਰਮਲ ਜੌੜਾ ਤੇ ਹਰਜਿੰਦਰ ਅਟਵਾਲ ਕੁਝ ਦੇਰ ਦਫ਼ਤਰ ਵਿੱਚ ਬੈਠੇ ਰਹੇ। ਮੈਨੂੰ ਜਲੰਧਰ ਆਉਣ ਵਿੱਚ ਦੇਰੀ ਹੋ ਰਹੀ ਸੀ। ਮੈਂ ਤੇ ਅਟਵਾਲ ਜਲੰਧਰ ਨੂੰ ਚੱਲ ਪਏ। ਨਿਰਮਲ ਜੌੜਾ ਉਹਨਾਂ ਦੇ ਵਾਪਸ ਆਉਣ ਦੀ ਉਡੀਕ ਕਰਦਾ ਰਿਹਾ। ਬਾਅਦ ਵਿੱਚ ਪਤਾ ਲੱਗਾ ਉਹ ਛੇ ਕੁ ਵਜੇ ਵਾਪਸ ਦਫ਼ਤਰ ਆਏ ਸਨ ਤੇ ਉਹਨਾਂ ਨੇ ਸਾਰੇ ਸਟਾਫ ਤੇ ਦੋਸਤਾਂ ਨਾਲ ਕਲਾ ਪ੍ਰੀਸ਼ਦ ਦੇ ਵੱਖ ਵੱਖ ਕੋਨਿਆਂ ਵਿੱਚ ਆਪਣੇ ਮੋਬਾਈਲ ਉੱਤੇ ਆਪਣੀਆਂ ਤਸਵੀਰਾਂ ਖਿਚਵਾਈਆਂ।...

ਨੌ ਮਈ ਨੂੰ ਸਵੇਰੇ ਮੈਂ ਉਹਨਾਂ ਨੂੰ ਦੂਰਦਰਸ਼ਨ ਦੇ ਪ੍ਰੋਗਰਾਮ ਮੁਖੀ ਪੁਨੀਤ ਸਹਿਗਲ ਦੇ ਕਹਿਣ ਉੱਤੇ ਦੂਰਦਰਸ਼ਨ ਵਿਖੇ ਦਸ ਮਈ ਨੂੰ ਹੋਣ ਵਾਲੇ ਕਵੀ ਦਰਬਾਰ ਵਿੱਚ ਸ਼ਾਮਿਲ ਹੋਣ ਦਾ ਸੱਦਾ ਦੇਣ ਲਈ ਟੈਲੀਫੋਨ ਕੀਤਾ,ਤਾਂ ਕਹਿਣ ਲੱਗੇ "ਨਹੀਂ ਨਹੀਂ ਕੱਲ ਮੈਂ ਨਹੀਂ ਆ ਸਕਣਾ, ਮੈਂ ਬਰਨਾਲੇ ਜਾਣੈ, ਮੈਂ ਬਰਨਾਲੇ ਵਾਲਿਆਂ ਨੂੰ ਪਹਿਲਾਂ ਹਾਂ ਕੀਤੀ ਹੋਈ ਹੈ।"

...ਦਸ ਮਈ ਦੀ ਰਾਤ ਨੂੰ ਬਰਨਾਲੇ ਤੋਂ ਬਾਅਦ ਜਗਰਾਵਾਂ ਦੀ ਇੱਕ ਮਹਿਫ਼ਲ ਵਿੱਚ ਗਜ਼ਲਾਂ ਸੁਣਾਉਣ ਉਪਰੰਤ ਉਹ ਰਾਤ 11 ਕੁ ਵਜੇ ਲੁਧਿਆਣੇ ਆਪਣੇ ਘਰ ਪਹੁੰਚੇ..

..ਤੇ 11ਮਈ ਦੀ ਸਵੇਰ ਉਹਨਾਂ ਤੋਂ ਬਗੈਰ ਹੀ ਚੜ੍ਹੀ...

ਸੁਰਜੀਤ ਪਾਤਰ ਵਲੋਂ ਆਪ ਕਹਿ ਕੇ ਰਖਵਾਈ ਗਈ ਕਲਾ ਪ੍ਰੀਸ਼ਦ ਦੀ ਮੀਟਿੰਗ ਉਨ੍ਹਾਂ ਦੇ ਸ਼ਰਧਾਂਜਲੀ ਸਮਾਗਮ ਵਿੱਚ ਬਦਲ ਦਿੱਤੀ ਗਈ................

...ਉਹਨਾਂ ਦੇ ਚਲੇ ਜਾਣ ਤੋਂ ਦੋ ਕੁ ਮਹੀਨੇ ਪਹਿਲਾਂ ਸਾਡੇ ਸੰਬੰਧਾਂ ਵਿੱਚ ਕੁਝ ਤਰੇੜਾਂ ਆ ਗਈਆਂ ਸਨ। ਇਸ ਦਾ ਕਾਰਨ ਸਥਾਪਤੀ ਪ੍ਰਤੀ ਸਾਡੇ ਵਤੀਰਿਆਂ ਦਾ ਵਖਰੇਵਾਂ ਸੀ...

ਤਿੰਨ ਮਾਰਚ 2024 ਨੂੰ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੀ ਚੋਣ ਸੀ। ਪ੍ਰਧਾਨਗੀ ਦੇ ਅਹੁਦੇ ਲਈ ਦੁਬਾਰਾ ਚੋਣ ਲੜਨ ਦੀ ਸਲਾਹ ਕਰਨ ਲਈ ਮੈਂ ਸਭ ਤੋਂ ਪਹਿਲਾਂ ਪਾਤਰ ਸਾਹਿਬ ਦੇ ਘਰ ਗਿਆ ਤਾਂ ਉਹਨਾਂ ਨੇ ਮੈਨੂੰ ਜ਼ੋਰ ਦੇ ਕੇ ਕਿਹਾ "ਤੈਨੂੰ ਦੁਬਾਰਾ ਜ਼ਰੂਰ ਪ੍ਰਧਾਨ ਬਣਨਾ ਚਾਹੀਦਾ ਹੈ।... ਸਤਾਰਾਂ ਫ਼ਰਵਰੀ ਨੂੰ ਮੈਂ ਕਾਗ਼ਜ਼ ਦਾਖਲ ਕਰ ਦਿੱਤੇ। 24 ਫਰਵਰੀ ਤੱਕ ਕਾਗ਼ਜ਼ ਵਾਪਸ ਲੈਣ ਦੀ ਆਖ਼ਰੀ ਤਾਰੀਖ ਸੀ। ਉੱਨੀ ਫਰਵਰੀ ਨੂੰ ਆਪਣੇ ਕੁਝ ਦੋਸਤਾਂ ਸਮੇਤ ਉਹ ਚੰਡੀਗੜ੍ਹ ਵਿੱਚ ਇੱਕ ਉੱਚ ਪੱਧਰੀ ਮੀਟਿੰਗ ਵਿੱਚ ਸਨ।... 20 ਫ਼ਰਵਰੀ ਨੂੰ ਸਵੇਰੇ ਹੀ ਉਹਨਾਂ ਨੇ ਆਪਣੇ ਲੁਧਿਆਣੇ, ਚੰਡੀਗੜ੍ਹ ਅਤੇ ਪਟਿਆਲੇ ਦੇ ਦੋਸਤਾਂ ਦਾ ਨਾਂ ਲੈ ਕੇ ਮੈਨੂੰ ਫੋਨ ਕਰਕੇ ਕਿਹਾ " ਮੇਰੇ ਉੱਤੇ ਦਬਾਅ ਹੈ ਕਿ ਮੈਂ ਅਕੈਡਮੀ ਦੀਆਂ ਚੋਣਾਂ ਵਿੱਚ ਨਿਰਪੱਖ ਰਹਾਂ। ਇਸ ਕਰਕੇ ਮੈਂ ਤੇਰੀ ਖੁੱਲ੍ਹ ਕੇ ਮਦਦ ਨਹੀਂ ਕਰ ਸਕਣਾ। ਮੈਂ ਤੈਨੂੰ ਹਨੇਰੇ ਵਿੱਚ ਨਹੀਂ ਰੱਖਣਾ ਚਾਹੁੰਦਾ...ਪਰ ਤੂੰ ਇਸ ਦਾ ਬੁਰਾ ਨਾ ਮਨਾਈਂ, ਮੈਂ ਤੈਨੂੰ ਸਾਫ਼ ਸਾਫ਼ ਇਹ ਵੀ ਦੱਸ ਦਿਆਂ ਕਿ ਤੇਰੀ ਮਦਦ ਨਾ ਕਰ ਸਕਣ ਦਾ ਕਾਰਨ, ਤੂੰ ਨਹੀਂ ਹੈਂ ਤੇਰੇ ਹਿਮਾਇਤੀ ਨੇ।"... ਮੈਨੂੰ ਬੇਹੱਦ ਝਟਕਾ ਲੱਗਾ। ਮੈਂ ਸਿਰਫ਼ ਏਨਾ ਕਿਹਾ "ਕੋਈ ਗੱਲ ਨਹੀਂ ਪਾਤਰ ਸਾਹਿਬ! ਮੈਂ ਹਾਰਾਂ ਜਾਂ ਜਿੱਤਾਂ ! ਪਰ ਮੈਂ ਆਪਣੇ ਹਮਾਇਤੀ ਨਹੀਂ ਬਦਲ ਸਕਦਾ! ਮੈਂ ਤਾਂ ਲੜਾਂਗਾ..."

## ਸ਼ਬਦ-ਚਿਤਰ

ਮੈਂ ਚਾਹੁੰਦਾ ਤਾਂ ਕਾਗ਼ਜ਼ ਵਾਪਸ ਲੈ ਸਕਦਾ ਸਾਂ। ਪਰ ਹਾਰ ਦੇਖ ਕੇ ਭੱਜਣਾ ਅਤੇ ਆਪਣੇ ਦੋਸਤਾਂ ਨੂੰ ਧੋਖਾ ਦੇਣਾ ਮੇਰੇ ਖ਼ੂਨ ਵਿੱਚ ਨਹੀਂ ਸੀ...

...ਫਿਰ ਸਾਡਾ ਸੰਪਰਕ ਟੁੱਟ ਗਿਆ। ਪਾਤਰ ਸਾਹਿਬ ਦੇ ਨੇੜਲੇ ਸਾਰੇ ਦੋਸਤ ਮੇਰੇ ਵਿਰੋਧੀਆਂ ਨਾਲ ਰਲ ਕੇ, ਮੇਰੇ ਖਿਲਾਫ਼ ਪੂਰੀ ਸਰਗਰਮੀ ਨਾਲ ਮੁਹਿੰਮ ਚਲਾ ਰਹੇ ਸਨ। ਮੇਰੇ ਹਾਰ ਜਾਣ ਤੋਂ ਬਾਅਦ ਵੀ ਪਾਤਰ ਸਾਹਿਬ ਦਾ ਕਈ ਦਿਨਾਂ ਤੱਕ, ਮੈਨੂੰ ਕੋਈ ਫ਼ੋਨ ਨਾ ਆਇਆ। ਪਿਛਲੇ ਸਾਢੇ ਸੱਤ ਸਾਲਾਂ ਵਿੱਚ ਪਹਿਲੀ ਵਾਰ ਅਸੀਂ ਇਕ ਦੂਜੇ ਨਾਲ ਗੱਲਬਾਤ ਤੋਂ ਵਿਰਵੇ ਰਹੇ..ਪੰਦਰਾਂ ਕੁ ਦਿਨਾਂ ਬਾਅਦ ਅਸੀਂ ਚੰਡੀਗੜ੍ਹ ਕਲਾ ਪ੍ਰੀਸ਼ਦ ਦੇ ਦਫ਼ਤਰ ਵਿੱਚ ਹੀ ਮਿਲੇ।ਡਾਕਟਰ ਯੋਗਰਾਜ ਤੇ ਪਾਤਰ ਸਾਹਿਬ ਮੇਰੇ ਜਾਣ ਤੋਂ ਪਹਿਲਾਂ ਹੀ ਪਾਤਰ ਸਾਹਿਬ ਦੇ ਕਮਰੇ ਵਿੱਚ ਬੈਠੇ ਸਨ। ਮੈਂ ਜਿਉਂ ਹੀ ਬੈਠਿਆ ਪਾਤਰ ਸਾਹਿਬ ਨੇ ਮੇਰੇ ਨਾਲ "ਅਫਸੋਸ" ਕਰਨਾ ਆਰੰਭ ਕੀਤਾ।"...ਅਸੀਂ ਦੋਵੇਂ ਤਾਂ ਤੈਨੂੰ ਵੋਟ ਪਾਉਣ ਵੀ ਨਾ ਆ ਸਕੇ" ਮੈਂ ਮੁਸਕਰਾਇਆ ਤੇ ਬੋਲਿਆ "ਕੋਈ ਗੱਲ ਨਹੀਂ ਹੁਣ ਤਾਂ ਸਾਫ਼ ਹੀ ਹੋ ਗਿਆ ਹੈ, ਕਿ ਤੁਹਾਡੀ ਵੋਟ ਨਾਲ ਵੀ ਮੈਂ ਕਿਹੜਾ ਜਿੱਤਣਾ ਸੀ" ਅਸੀਂ ਤਿੰਨੇ ਹੱਸ ਪਏ, ਪਰ ਉਹਨਾਂ ਨੇ ਆਪਣੀ ਸਫ਼ਾਈ ਜਾਰੀ ਰੱਖੀ... "ਇਹ ਇੱਕ ਹਵਾ ਜਿਹੀ ਸੀ, ਜੋ ਉਹਨਾਂ ਦੇ ਹੱਕ ਵਿੱਚ ਵੱਗ ਗਈ, ਹੌਲੀ ਹੌਲੀ ਸਭ ਠੀਕ ਹੋ ਜਾਵੇਗਾ...!" ਮੈਂ ਬੋਲਿਆ "ਹੁਣ ਵੀ ਠੀਕ ਹੀ ਹੈ ਪਾਤਰ ਸਾਹਿਬ, ਇਸ ਹਾਰ ਦਾ ਮੈਨੂੰ ਕੋਈ ਦੁੱਖ ਨਹੀਂ ਹੈ, ਸਗੋਂ ਬਹੁਤ ਸਾਰੀਆਂ ਗੱਲਾਂ ਸਪਸ਼ਟ ਹੋ ਗਈਆਂ ਹਨ, ਪਰ ਜਿਨਾਂ ਨੇ ਮੈਨੂੰ ਧੋਖਾ ਦਿੱਤਾ, ਉਹਨਾਂ ਨੂੰ ਮੈਂ ਕਦੇ ਭੁੱਲਾਂਗਾ ਨਹੀਂ। ਉਹ ਦੋਵੇਂ ਇਕਦਮ ਤ੍ਰਬਕ ਗਏ। ਦੋਵੇਂ ਇੱਕਠੇ ਹੀ ਬੋਲੇ "ਨਹੀਂ ਨਹੀਂ ਤੈਨੂੰ ਇਵੇਂ ਨਹੀਂ ਸੋਚਣਾ ਚਾਹੀਦਾ".... ਪਾਤਰ ਸਾਹਿਬ ਕਹਿਣ ਲੱਗੇ " ਤੈਨੂੰ ਪਤੈ,ਨੂਰ ਨੇ ਜਦੋਂ ਮੇਰੇ ਖਿਲਾਫ਼ ਚੋਣ ਲੜੀ ਸੀ, ਮੇਰੇ ਨੇੜਲੇ ਸਾਰੇ ਨੂਰ ਨਾਲ ਚਲੇ ਗਏ ਸਨ, ਪਰ ਬਾਅਦ ਵਿੱਚ ਉਹ ਵੀ ਤੇ ਨੂਰ ਵੀ, ਫੇਰ ਮੇਰੇ ਦੋਸਤ ਬਣ ਗਏ...। ਮੈਂ ਬੋਲਿਆ "ਪਾਤਰ ਸਾਹਿਬ ਉਹ ਨੂਰ ਸੀ, ਮੈਂ ਜੌਹਲ ਆਂ"... ਫੇਰ ਕਾਫ਼ੀ ਸਮਾਂ ਚੁੱਪ ਪਸਰੀ ਰਹੀ... ਜਿਸ ਨੂੰ ਪ੍ਰੀਤਮ ਰੂਪਾਲ ਦੇ ਕਮਰੇ ਵਿੱਚ ਪ੍ਰਵੇਸ਼ ਨੇ ਤੋੜਿਆ...। ਚੋਣਾਂ ਵਿਚ ਮੇਰੀ ਮਦਦ ਨਾ ਕਰ ਸਕਣ ਦਾ ਦਬਾਅ ਸਿਰਫ਼ ਗਿਣਾਏ ਗਏ ਦੋਸਤਾਂ ਦਾ ਸੀ, ਜਾਂ ਕੋਈ ਹੋਰ ਮਜਬੂਰੀ ਵੀ ਸੀ...।ਇਹ ਗੁ?ਥੀ ਮੇਰੀ ਸਮਝ ਵਿੱਚ ਆ ਚੁੱਕੀ ਸੀ... ਫੇਰ ਵੀ ਉਹ ਮੈਨੂੰ ਇਸ ਕਰਕੇ ਚੰਗਾ ਲਗਦਾ ਕਿਉਂਕਿ ਉਸ ਨੇ ਮੈਨੂੰ ਹਨ੍ਹੇਰੇ ਵਿੱਚ ਨਹੀਂ ਸੀ ਰੱਖਿਆ... ਇਹ ਵੀ ਸੱਚ ਹੈ ਕਿ ਮੈਂ ਉਸ ਤੋਂ ਜਿਊਣ ਦੀ ਕਲਾ ਵੀ ਸਿੱਖੀ ਅਤੇ ਲਿਖਣ ਦਾ ਅੰਦਾਜ਼ ਵੀ ਸਿੱਖਿਆ...

...ਭਾਸ਼ਾ ਵਿਭਾਗ ਪੰਜਾਬ, ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ, ਪੰਜਾਬੀ ਅਕਾਦਮੀ ਦਿੱਲੀ ਅਤੇ ਭਾਰਤੀ ਸਾਹਿਤ ਅਕਾਦਮੀ ਦੇ ਪੁਰਸਕਾਰਾਂ ਦੇ ਨਾਲ-ਨਾਲ ਉਸ ਨੂੰ ਪੰਚਨਦ ਅਤੇ ਸਰਸਵਤੀ ਪੁਰਸਕਾਰ ਵਰਗੇ ਕੌਮੀ ਪੁਰਸਕਾਰ ਵੀ ਮਿਲ ਚੁੱਕੇ ਸਨ। ਦੇਸ਼ ਦਾ ਵਕਾਰੀ ਪੁਰਸਕਾਰ ਪਦਮਸ਼੍ਰੀ ਪੁਰਸਕਾਰ ਵੀ ਉਸ ਦੀ ਝੋਲੀ ਵਿਚ ਸੀ।... ਸਾਹਿਤਕ ਮੰਚਾਂ ਉੱਤੇ ਉਹ ਸ਼ਿਵ ਕੁਮਾਰ ਦਾ ਜਾਨਸ਼ੀਨ ਸੀ, ਕਵਿਤਾ ਦੀ ਸਰਬੰਗਤਾ ਵਿਚ ਉਹ ਪ੍ਰੋ. ਮੋਹਣ ਸਿੰਘ ਦਾ ਪੂਰਕ ਸੀ, ਪ੍ਰਗਤੀਵਾਦੀ ਧਾਰਾ ਵਿਚ ਉਹ ਪਾਸ਼ ਦਾ ਸਮਾਨੰਤਰੀ ਸੀ ਅਤੇ ਨਵੀ ਪੰਜਾਬੀ ਕਵਿਤਾ ਵਿਚ ਉਹ ਅਜਿਹਾ ਬੇਜੋੜ ਕਵੀ ਸੀ, ਜਿਸ ਦੀ ਕਿਸੇ ਵੀ ਸਮਾਗਮ ਵਿਚ ਹਾਜ਼ਰੀ ਦਿਨ ਦੇ ਸੂਰਜ ਅਤੇ ਰਾਤ ਦੇ ਚੰਦਰਮਾ ਵਰਗੀ ਸੀ...। ਉਸ ਦੀਆਂ ਗ਼ਜ਼ਲਾਂ ਪੜ੍ਹਦਿਆਂ ਮੈਨੂੰ ਹਮੇਸ਼ਾ ਲਗਦਾ ਰਹਿੰਦਾ ਹੈ, ਜਿਵੇਂ ਉਹ ਮੈਨੂੰ ਹੀ ਕਹਿ ਰਿਹਾ ਹੋਵੇ... ਉਦਾਸ ਨਾ ਹੋਣਾ... ਮੈਂ ਤੇਰੇ ਨਾਲ ਹਾਂ...

ਜੇ ਆਈ ਪਤਝੜ ਤਾਂ ਫੇਰ ਕੀ ਹੈ
ਤੂੰ ਅਗਲੀ ਰੁੱਤ ਵਿਚ ਯਕੀਨ ਰੱਖੀਂ
ਮੈਂ ਲੱਭ ਕੇ ਕਿਤਿ?ਂ ਲਿਆਉਨਾਂ ਕਲਮਾਂ
ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ...

ਕਿਸੇ ਵੀ ਸ਼ੀਸ਼ੇ 'ਚ ਅਕਸ ਆਪਣਾ
ਗੰਧਲਦਾ ਤੱਕ ਨਾ ਉਦਾਸ ਹੋਈਂ
ਸੱਜਣ ਦੀ ਨਿਰਮਲ ਨਦਰ 'ਚ ਹਰਦਮ
ਤੂੰ ਧਿਆਨ ਆਪਣੇ ਨੂੰ ਲੀਨ ਰੱਖੀਂ...।

# ਖ਼ੂਬਸੂਰਤ ਖ਼ੁਦਦਾਰ ਇਨਸਾਨ

**ਦਿਲਚਸਪ ਕਿੱਸੇ**

*ਵਰਿਆਮ ਸਿੰਘ ਸੰਧੂ ਨੇ ਚੜ੍ਹਦੀ ਵਰੇਸੇ ਪੰਜਾਬੀ ਸਾਹਿਤ ਜਗਤ ਵਿਚ ਪਹਿਲਾਂ ਕਵਿਤਾ ਨਾਲ ਭਰਪੂਰ ਹਾਜ਼ਰੀ ਲਵਾਈ, ਫਿਰ ਕਹਾਣੀ ਦੇ ਖੇਤਰ ਵਿਚ ਨਵੇਂ ਪੂਰਨੇ ਪਾਏ ਅਤੇ ਫਿਰ ਵਾਰਤਕ ਦੀ ਦੁਨੀਆ ਵਿਚ ਵੀ ਆਪਣੀ ਕਲਮ ਦਾ ਲੋਹਾ ਮਨਵਾਇਆ। ਉਸ ਦੀਆਂ ਰਚਨਾਵਾਂ ਪੰਜਾਬ ਦੇ ਸਰੋਕਾਰਾਂ ਨਾਲ ਡੂੰਘੀਆਂ ਜੁੜੀਆਂ ਹੋਈਆਂ ਹਨ। ਇਸ ਕਾਲਮ ਰਾਹੀਂ ਅਸੀਂ ਉਨ੍ਹਾਂ ਦੀ ਵਾਰਤਕ ਦੇ ਦਿਲਚਸਪ ਕਿੱਸਿਆਂ ਦੀ ਲੜੀ ਆਪਣੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ।*



**ਵਰਿਆਮ ਸਿੰਘ ਸੰਧੂ**
ਫੋਨ: 647-535-1539
ਵਟਸਐਪ-98726-02296

ਕਿਸੇ ਗਰੀਬ ਦੀ ਮਦਦ ਕਰਨੀ ਚੰਗੀ ਗੱਲ ਹੈ। ਕਰਦੇ ਰਹਿਣਾ ਚਾਹੀਦਾ ਹੈ। ਮੈਂ ਅਜਿਹੇ ਯਤਨਾਂ ਨੂੰ ਮੂਲੋਂ ਘਟਾ ਕੇ ਨਹੀਂ ਵੇਖ ਰਿਹਾ। ਪਰ ਇਸਤਰ੍ਹਾਂ ਆਰਥਿਕ ਪਾੜੇ ਨੇ ਕਦੀ ਨਹੀਂ ਘਟਣਾ। ਇਹ ਪਾੜਾ ਤਾਂ ਸਿਸਟਮ ਦੀ ਤਬਦੀਲੀ ਨਾਲ ਹੀ ਘਟਣਾ ਹੈ। ਸਾਨੂੰ ਭਾਰਤੀਆਂ ਨੂੰ ਸਰਕਾਰਾਂ ਨੇ ਵੀ ਮੁਫ਼ਤ ਦਾ ਖਾਣ ਦੀ ਆਦਤ ਪਾ ਦਿੱਤੀ ਹੈ। ਖਾਂਦੇ-ਪੀਂਦੇ ਲੋਕ ਵੀ ਗ਼ਲਤ ਕਾਰਡ ਬਣਾ ਕੇ ਲੋੜ-ਵੰਦਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਡਕਾਰ ਜਾਂਦੇ ਹਨ। ਖ਼ੁਦੀ ਤੇ ਖ਼ੁਦਦਾਰੀ ਗਵਾ ਚੁੱਕੇ ਇਨ੍ਹਾਂ ਲੋਕਾਂ ਵੱਲ ਵੇਖਦਿਆਂ ਇੱਕ ਪੁਰਾਣੀ ਘਟਨਾ ਯਾਦ ਆ ਰਹੀ ਹੈ।

1976 ਦੀ ਅੱਧੀ ਰਾਤ! ਹਰਭਜਨ ਹਲਵਾਰਵੀ, ਗੁਰਦੀਪ ਗਰੇਵਾਲ ਤੇ ਮੈਂ ਪੰਦਰਾਂ ਸੈਕਟਰ ਦੀਆਂ ਰੇੜ੍ਹੀਆਂ ਤੋਂ ਪਰੌਂਠੇ ਖਾਣ ਪਿੱਛੋਂ ਚਹਿਲ ਕਦਮੀ ਕਰਦੇ ਸਤਾਰਾਂ ਸੈਕਟਰ ਵੱਲ ਨਿਕਲ ਗਏ। ਪਰੌਂਠੇ ਖਾਣ ਤੋਂ ਬਾਅਦ ਸੜਕਾਂ 'ਤੇ ਚਹਿਲ-ਕਦਮੀ ਕਰ ਰਹੇ ਸਾਂ। ਅਚਨਚੇਤ ਮਾਹੌਲ ਵਿਚ ਸੰਗੀਤ ਦੀ ਮਹਿਕ ਘੁਲ ਗਈ। ਮਿੱਟੀ ਦੇ ਸਾਰੰਗੀ ਨੁਮਾ, ਇਕ ਤਾਰ ਵਾਲੇ ਸਾਜ਼ ਨੂੰ ਮਸਤੀ ਵਿਚ ਵਜਾਉਂਦਾ ਉਹ ਸਿਰ 'ਤੇ ਸਸਤੇ ਸਾਜ਼ ਦੀ ਟੋਕਰੀ ਚੁੱਕੀ ਮਹਿੰਗੀਆਂ ਸੁਰਾਂ ਦਾ ਜਲਵਾ ਹਵਾਵਾਂ ਵਿਚ ਬਖੇਰਦਾ ਜਾ ਰਿਹਾ ਸੀ। ਅਸੀਂ ਉਹਦੇ ਜਾਦੂ ਦੇ ਖਿੱਚੇ ਉਸ ਵੱਲ ਵਧੇ। ਉਹਨੂੰ ਰੁਕ ਕੇ ਕੁਝ ਪਲ ਸਾਜ਼ ਵਜਾਉਣ ਲਈ ਕਿਹਾ।

ਉਸਨੇ ਅੱਧਾ ਕੁ ਮਿੰਟ ਵਜਾਉਣ ਤੋਂ ਬਾਅਦ ਕਿਹਾ ਕਿ ਕੀ ਅਸੀਂ ਸਾਜ਼ ਖ਼ਰੀਦਣਾ ਹੈ। ਅਸੀਂ ਕੀਮਤ ਪੁੱਛੀ। ਉਹਨੇ ਦਸ ਰੁਪਏ ਦੱਸੇ। ਅਸੀਂ ਉਹ ਮਿੱਟੀ ਦੀ ਇਕ ਸਾਰੰਗੀ ਜਿਹੀ ਲੈ ਕੇ ਵਾਰੀ-ਵਾਰੀ ਉਹਦੇ 'ਤੇ ਤਾਰ ਜਿਹੀ ਘਸਾਈ। ਭੈੜੀ ਜਿਹੀ 'ਘੂੰ ਘੂੰ' ਦੀ ਗੱਲ ਬਣੀ ਨਾ। ਇਹ ਤਾਂ ਉਹਦੇ ਹੱਥਾਂ ਦੀ ਕਰਾਮਾਤ ਸੀ ਕਿ ਤਾਰ ਬੋਲਣ ਲੱਗਦੀ ਸੀ। ਅਸੀਂ ਉਹਨੂੰ ਪੰਜਾਹ ਦਾ ਨੋਟ ਫੜਾਇਆ। ਉਹ ਕਹਿੰਦਾ, 'ਤੁਸੀਂ ਤਾਂ ਤਿੰਨ ਜਣੇ ਓਂ। ਪੰਜ ਲੈ ਕੇ ਕੀ ਕਰੋਗੇ?' ਅਸੀਂ ਕਿਹਾ, 'ਲੈਣੀ ਕੋਈ ਨਹੀਂ। ਇਹ ਕਿਹੜਾ ਸਾਡੇ ਤੋਂ ਵੱਜਣੀ ਏਂ! ਇਹ ਤਾਂ ਤੈਨੂੰ ਸ਼ਾਬਾਸ਼ ਵਜੋਂ ਭੇਟਾ ਹੈ।'

ਉਹਨੇ ਪੰਜਾਹ ਦਾ ਨੋਟ ਇਕ ਜਣੇ ਦੀ ਤਲੀ 'ਤੇ ਰੱਖਿਆ ਤੇ ਕਹਿੰਦਾ, 'ਮਾਫ਼ ਕਰਨਾ ਸਰਦਾਰ ਜੀ-ਮੈਂ ਮੰਗਤਾ ਨਹੀਂ ਹੂੰ।' ਕੋਈ ਦੂਜੀ ਗੱਲ ਕਰਨ ਤੋਂ ਪਹਿਲਾਂ ਉਸਨੇ ਟੋਕਰੀ ਸਿਰ 'ਤੇ ਚੁੱਕੀ ਤੇ ਸਵੈਮਾਣ ਨਾਲ ਭਰੇ ਕਦਮ ਧਰਤੀ 'ਤੇ ਟਿਕਾਉਂਦਾ ਅੱਗੇ ਤੁਰ ਗਿਆ। ਅਸੀਂ ਅਵਾਕ ਰਹਿ ਗਏ। ਸਾਡੇ ਸਿਰ ਅਦਬ ਨਾਲ ਉਹਦੀ ਖ਼ੁਦਦਾਰੀ ਅੱਗੇ ਝੁਕ ਗਏ। ਅਸੀਂ ਕਈ ਦਿਨ ਦੋਸਤਾਂ ਵਿਚ ਇਹ ਗੱਲ ਸਾਂਝੀ ਕਰਦੇ ਰਹੇ।

ਅੱਜ ਇਸ ਬਹਾਨੇ ਫੇਰ ਉਸ ਖ਼ੁਦਦਾਰ ਇਨਸਾਨ ਨੂੰ ਸਲਾਮ ਕਰਦਾ ਹਾਂ।

---

## ਬੱਸ ਦੀ ਇੱਕ ਸਵਾਰੀ

# ਕੁਲਦੀਪ ਸਿੰਘ ਨੂੰ ਯਾਦ ਕਰਦਿਆਂ...

**ਕੁਲਵਿੰਦਰ ਖਹਿਰਾ**

ਉਹ ਗਰਮੀਆਂ ਦੀ ਇੱਕ ਨਿੱਖਰੀ ਹੋਈ ਨਿੱਘੀ ਦੁਪਹਿਰ ਸੀ ਜਦੋਂ ਮੈਂ ਪਹਿਲੀ ਵਾਰ ਉਸ ਨੂੰ ਬਰੈਂਪਟਨ ਦੀ ਕੁਈਨ ਸਟਰੀਟ ਦੇ ਕਿਸੇ ਬੱਸ ਸਟੌਪ 'ਤੇ ਬੈਠੇ ਵੇਖਿਆ ਸੀ। ਤਕਰੀਬਨ 70ਵਿਆਂ ਦੀ ਉਮਰ ਵਿਚ ਕਤਰੀ ਹੋਈ ਕਰੜ-ਬਰੜੀ ਦਾਹੜੀ ਅਤੇ ਸਿਰ 'ਤੇ ਸਰਦੀਆਂ ਵਾਲੀ ਟੋਪੀ ਵਿਚ ਪਛਾਨਣਾ ਮੁਸ਼ਕਲ ਨਹੀਂ ਸੀ ਕਿ ਉਹ ਕੋਈ ਪੰਜਾਬੀ ਸੀ। ਏਨੀ ਗਰਮੀ ਵਿਚ ਵੀ ਲੰਮਾ ਕੋਟ ਪਾਈ ਬੈਠੇ ਹੋਣਾ ਉਸ ਦਾ ਮੇਰੇ ਉੱਤੇ ਹਮੇਸ਼ਾਂ ਕਾਇਮ ਰਹਿਣ ਵਾਲਾ ਪਹਿਲਾ ਪ੍ਰਭਾਵ ਸੀ। ਬੱਸ ਸਟੌਪ 'ਤੇ ਉਹ ਇਕੱਲਾ ਹੀ ਬੈਠਾ ਹੋਇਆ ਸੀ। ਉਸ ਨੂੰ ਚੁੱਕਣ ਲਈ ਮੈਂ ਆਪਣੀ ਬੱਸ ਰੋਕੀ ਅਤੇ ਦਰਵਾਜ਼ਾ ਖੋਲ੍ਹਿਆ ਪਰ ਉਹ ਬੈਠਾ ਹੀ ਰਿਹਾ। ਕਿਉਂਕਿ ਬਹੁਤ ਸਾਰੇ ਲੋਕ, ਖ਼ਾਸ ਕਰਕੇ ਪੰਜਾਬੀ ਬਜ਼ੁਰਗ, ਅਕਸਰ ਹੀ ਬੱਸ ਸਟੌਪ 'ਤੇ ਬਣੇ ਬੈਂਚਾਂ 'ਤੇ ਸਮਾਂ ਬਿਤਾਉਣ ਜਾਂ ਕਿਸਮਤ ਨਾਲ ਨਸੀਬ ਹੋਣ ਵਾਲੀ ਧੁੱਪ ਸੇਕਣ ਲਈ ਆ ਬੈਠਦੇ ਹਨ, ਇਸ ਲਈ ਮੈਂ ਸੋਚਿਆ ਕਿ ਸ਼ਾਇਦ ਇਹ ਵੀ ਸਿਰਫ ਸਮਾਂ ਲੰਘਾਉਣ ਲਈ ਬੈਂਚ 'ਤੇ ਬੈਠਾ ਹੈ। ਇਹ ਸੋਚਦਿਆਂ ਮੈਂ ਬੱਸ ਦਾ ਦਰਵਾਜ਼ਾ ਬੰਦ ਕੀਤਾ ਹੀ ਸੀ ਕਿ ਉਹ ਹੌਲੀ ਹੌਲੀ ਹਰਕਤ ਵਿਚ ਆਇਆ ਅਤੇ ਮੇਰੇ ਵੱਲ ਇਸ ਤਰ੍ਹਾਂ ਵੇਖਣ ਲੱਗਾ ਜਿਵੇਂ ਕਹਿ ਰਿਹਾ ਹੋਵੇ 'ਠਹਿਰ ਜਾ, ਕਾਹਦੀ ਕਾਹਲ਼ੀ ਪਈ ਆ?' ਜਿਉਂ ਹੀ ਰੀਂਘਦੇ ਜਿਹੇ ਪੈਰ ਧਰਦਾ ਉਹ ਬੱਸ 'ਤੇ ਚੜ੍ਹਨ ਲੱਗਾ, ਮੈਨੂੰ ਇੱਕ ਗੱਲ ਸਪਸ਼ਟ ਹੋ ਗਈ ਕਿ ਉਹ ਸ਼ਰਾਬੀ ਸੀ। ਰੱਬ ਦੇ ਸਰਾਪੇ ਹੋਏ ਇਸ ਬੰਦੇ ਲਈ, ਜਿਸ ਨੂੰ ਇਹ ਵੀ ਪਤਾ ਨਹੀਂ ਸੀ ਕਿ ਮੋਟੇ ਕੋਟ ਗਰਮੀਆਂ ਨਹੀਂ ਸਗੋਂ ਸਰਦੀਆਂ ਵਿਚ ਪਾਉਣ ਲਈ ਹੁੰਦੇ ਹਨ, ਆਪਣੀ ਰਾਇ ਬਣਾਉਣ ਲਈ ਮੈਨੂੰ ਹੋਰ ਕੁਝ ਜਾਨਣ ਦੀ ਲੋੜ ਨਹੀਂ ਸੀ। ਪਰ ਸਿਖਰ ਦੁਪਹਿਰੇ ਜਨਤਕ ਥਾਂ 'ਤੇ ਸ਼ਰਾਬੀ ਹੋਏ ਬੈਠੇ ਬੰਦੇ ਕੋਲੋਂ ਤੁਸੀਂ ਹੋਰ ਆਸ ਵੀ ਕੀ ਕਰ ਸਕਦੇ ਹੋ? ਬਲ਼ਦੀ 'ਤੇ ਤੇਲ ਪਾਉਣ ਵਾਲੀ ਗੱਲ ਇਹ ਵੀ ਹੋਈ ਕਿ ਮੜਕ ਨਾਲ ਤੁਰਨ ਵਾਲੇ ਜਨਾਬ ਕੋਲ ਬੱਸ ਦੀ ਟਿਕਟ ਵੀ ਤਿਆਰ ਨਹੀਂ ਸੀ ਜਿਸ ਨੂੰ ਆਪਣੀਆਂ ਜੇਬਾਂ ਵਿਚੋਂ ਲੱਭਣ ਲਈ ਉਸ ਨੂੰ ਹੋਰ ਸਮੇਂ ਦੀ ਲੋੜ ਸੀ। 'ਗਿਵ ਮੀ ਏ ਸੈਕਿੰਡ', ਆਪਣੀਆਂ ਜੇਬਾਂ ਵਿਚੋਂ ਟਿਕਟ ਲੱਭਦਿਆਂ ਉਸ ਕਿਹਾ। ਆਹ! ਉਸ ਦੀ ਥਥਲਾ ਰਹੀ ਜ਼ਬਾਨ ਮੇਰੇ ਸ਼ੱਕ ਨੂੰ ਯਕੀਨ ਵਿਚ ਬਦਲ ਗਈ ਸੀ: ਉਹ ਵਾਕਿਆ ਹੀ ਸ਼ਰਾਬੀ ਸੀ। ਮੈਂ ਲੇਟ ਹੋ ਰਿਹਾ ਸਾਂ ਪਰ ਉਹ ਆਪਣੇ ਪੂਰੇ ਮਜ਼ੇ ਨਾਲ ਹੌਲੀ ਹੌਲੀ ਟਿਕਟ ਲੱਭ ਰਿਹਾ ਸੀ। ਪਲ-ਪਲ ਵਧਦੀ ਜਾ ਰਹੀ ਮੇਰੀ ਤਲਖ਼ੀ ਕਹਿ ਰਹੀ ਸੀ ਕਿ ਮੈਂ ਬੱਸ ਤੋਰ ਲਵਾਂ ਪਰ ਮੇਰਾ ਅੰਦਰਲਾ ਮਨ ਕਹਿ ਰਿਹਾ ਸੀ 'ਸਬਰ ਕਰ' ਕਿਉਂਕਿ ਮੈਂ ਨਹੀਂ ਸੀ ਚਾਹੁੰਦਾ ਕਿ ਮੈਂ ਬੱਸ ਤੋਰਾਂ ਤੇ ਸ਼ਰਾਬੀ ਭਾਅ ਜੀ ਬੱਸ ਦੇ ਵਿਚਾਲ਼ੇ ਚੌਫਾਲ਼ ਲੰਮੇ ਪਏ ਹੋਣ।

ਇਹ ਕੋਈ ਪਹਿਲਾ ਮੌਕਾ ਨਹੀਂ ਸੀ ਕਿ ਮੈਂ ਕਿਸੇ ਸ਼ਰਾਬੀ ਸਵਾਰੀ ਨੂੰ ਚੁੱਕ ਰਿਹਾ ਸਾਂ। ਮੈਨੂੰ ਇਹ ਗੱਲ ਮੰਨਣ ਵਿਚ ਕੋਈ ਹਿਚਕਿਚਾਹਟ ਨਹੀਂ ਕਿ ਮੇਰੀ ਤਲਖ਼ੀ ਸ਼ਾਇਦ ਇਸ ਕਰਕੇ ਨਹੀਂ ਸੀ ਕਿ ਉਹ ਬੰਦਾ ਬਹੁਤ ਸਮਾਂ ਬਰਬਾਦ ਕਰਕੇ ਮੈਨੂੰ ਲੇਟ ਕਰ ਰਿਹਾ ਸੀ ਸਗੋਂ ਜਦੋਂ ਹੁਣ ਮੈਂ ਉਸ ਦਿਨ ਨੂੰ ਯਾਦ ਕਰਦਾ ਹਾਂ ਤਾਂ ਲੱਗਦਾ ਹੈ ਕਿ ਸ਼ਾਇਦ ਮੈਂ ਇਸ ਕਰਕੇ ਤਲਖ਼ ਹੋ ਰਿਹਾ ਸੀ ਕਿ ਤਕਰੀਬਨ ਮੇਰੇ ਬਾਪ ਦੀ ਉਮਰ ਦਾ ਕੋਈ ਪੰਜਾਬੀ ਦਿਨ-ਦਿਹਾੜੇ ਕੈਨੇਡਾ ਦੀਆਂ ਸੜਕਾਂ 'ਤੇ ਇਸ ਤਰ੍ਹਾਂ ਸ਼ਰਾਬੀ ਹੋਇਆ ਫਿਰ ਰਿਹਾ ਸੀ। ਉਸ ਨੂੰ ਸ਼ਾਇਦ ਇਸ ਗੱਲ ਦਾ ਪਤਾ ਨਹੀਂ ਸੀ ਕਿ ਪਹਿਲਾਂ ਆਉਣ ਵਾਲੀਆਂ ਸਾਡੀਆਂ ਪੀੜ੍ਹੀਆਂ ਨੂੰ ਏਥੋਂ ਤੱਕ ਪਹੁੰਚਣ ਲਈ ਨਸਲਵਾਦ ਵਿਰੁੱਧ ਕਿੰਨੀਆਂ ਭਿਆਨਕ ਲੜਾਈਆਂ ਲੜਨੀਆਂ ਪਈਆਂ ਸਨ। ਇਨ੍ਹਾਂ ਹੀ ਸੜਕਾਂ 'ਤੇ ਤੁਰਨ ਲਈ ਕਦੇ ਸਾਡੇ ਵਡੇਰਿਆਂ ਨੇ ਆਪਣੀਆਂ ਪੱਗਾਂ ਲਹਾਈਆਂ ਸਨ, ਚਗਲ਼ੇ ਹੋਏ ਗੋਰਿਆਂ ਦੇ ਥੁੱਕ ਆਪਣੇ ਮੂੰਹਾਂ 'ਤੇ ਪਵਾਏ ਸਨ ਅਤੇ ਉਨ੍ਹਾਂ ਦਾ ਮੂੰਹ ਤੋੜਨ ਲਈ ਲੜਦੇ ਹੋਏ ਜੇਲ੍ਹਾਂ ਤੱਕ ਵੀ ਗਏ ਸਨ। ਹੁਣ ਜਦੋਂ ਅਸੀਂ ਹਾਲੇ ਵੀ ਪੂਰੀ ਤਰ੍ਹਾਂ ਸਵੀਕਾਰੇ ਨਹੀਂ ਜਾ ਸਕੇ ਤਦ ਸਾਡੇ ਬਜ਼ੁਰਗਾਂ ਦਾ ਇਸ ਤਰ੍ਹਾਂ ਸੜਕਾਂ 'ਤੇ ਸ਼ਰਾਬੀ ਹੋ ਕੇ ਫਿਰਨਾ ਕਿਸੇ ਵੀ ਤਰ੍ਹਾਂ ਇਸ ਭਾਈਚਾਰੇ ਵਿਚ ਸਾਡੇ ਵਕਾਰ ਨੂੰ ਉਚਿਆਂ ਨਹੀਂ ਚੁੱਕਦਾ। ਇਹ ਭਾਵੇਂ ਆਪਣੇ-ਆਪ ਵਿਚ ਇੱਕ ਵਿਤਕਰੇ-ਭਰਿਆ ਰਵੱਈਆਂ ਲੱਗਦਾ ਹੋਵੇ ਕਿ ਮੈਂ ਭਾਰਤੀਆਂ, ਖ਼ਾਸ ਕਰਕੇ ਪੰਜਾਬੀਆਂ ਬਾਰੇ ਇਸ ਤਰ੍ਹਾਂ ਦਾ ਵੱਖਰਾ ਨਜ਼ਰੀਆ ਰੱਖਦਾ ਹਾਂ ਪਰ ਸਾਡਾ ਕੱਲ੍ਹ ਦਾ ਬੀਤਿਆ ਹੋਇਆ ਕੈਨੇਡੀਅਨ-ਪੰਜਾਬੀ ਇਤਿਹਾਸ ਮੈਨੂੰ ਅਜਿਹਾ ਸੋਚਣ ਲਈ ਮਜਬੂਰ ਕਰਦਾ ਹੈ। ਜੇ ਮੈਂ ਵੀ 90ਵਿਆਂ ਤੋਂ ਬਾਅਦ ਪੰਜਾਬੀਆਂ ਦਾ ਗੜ੍ਹ ਬਣ ਚੁੱਕੇ ਕੈਨੇਡਾ ਵਿਚ ਆ ਵੱਸਿਆ ਹੁੰਦਾ ਜਦੋਂ ਮੈਨੂੰ ਵੀ ਆਉਂਦੇ ਨੂੰ ਹੀ ਵਧੀਆ ਨੌਕਰੀਆਂ, ਕਾਰਾਂ ਅਤੇ ਆਪਣਾ ਭਾਈਚਾਰਾ ਮਿਲ਼ ਗਿਆ ਹੁੰਦਾ ਤਾਂ ਸ਼ਾਇਦ ਮੈਂ ਵੀ ਪਿਛਲੀਆਂ ਪੀੜ੍ਹੀਆਂ ਦੇ ਸੰਘਰਸ਼ ਨੂੰ ਭੁੱਲ ਗਿਆ ਹੁੰਦਾ। ਪਰ ਜਦੋਂ ਮੈਂ ਕਿਸੇ ਭਾਰਤੀ ਨੂੰ ਗਿਰੀ ਹੋਈ ਹਰਕਤ ਕਰਦਿਆਂ ਵੇਖਦਾ ਹਾਂ ਤਾਂ ਇਵੇਂ ਲੱਗਦਾ ਹੈ ਜਿਵੇਂ ਉਹ ਸਾਡੇ ਪੁਰਖਿਆਂ ਦੀ ਪਿੱਠ ਵਿਚ ਛੁਰੀ ਮਾਰ ਰਿਹਾ ਹੋਵੇ। ਮੇਰੀ ਬੱਸ ਵਿਚ ਚੜ੍ਹੀ ਇਹ ਸਵਾਰੀ ਵੀ ਮੈਨੂੰ ਉਨ੍ਹਾਂ ਹੀ ਬੰਦਿਆਂ ਵਿਚੋਂ ਇਕ ਲੱਗ ਰਹੀ ਸੀ ਜੋ ਪਹਿਲਾਂ ਹੀ ਸਾਨੂੰ ਨਫ਼ਰਤ ਕਰਨ ਦੇ ਬਹਾਨੇ ਭਾਲ਼ ਰਹੇ ਲੋਕਾਂ ਨੂੰ ਆਪਣੇ ਮਨਾਂ ਦਾ ਗੰਦ ਬਾਹਰ ਕੱਢਣ ਲਈ ਮੌਕਾ ਦਿੰਦੇ ਹਨ।

'ਸੌਰੀ ਆਈ ਐਮ ਨਾਟ ਫ਼ੀਲਿੰਗ ਵੈੱਲ', ਆਪਣੀਆਂ ਜੇਬਾਂ ਨੂੰ ਫੋਲ਼ਦਾ ਅਤੇ ਮੇਰੇ ਵੱਲ ਵੇਖਦਾ ਹੋਇਆ ਉਹ ਬੋਲਿਆ। 'ਜਾਣਦਾਂ, ਜਨਾਬ, ਜਾਣਦਾਂ!', ਮੈਂ ਉਸ ਨੂੰ ਕਹਿਣਾ ਚਾਹਿਆ, 'ਕਿ ਦਾਰੂ ਦੀ ਟਿੰਡ ਪੀਣ ਤੋਂ ਬਾਅਦ ਤੂੰ ਕਿਵੇਂ ਮਹਿਸੂਸ ਕਰਦਾ ਹੋਵੇਂਗਾ।' ਪਰ ਮੈਂ ਚੁੱਪ ਹੀ ਰਿਹਾ। ਕਈ ਵਾਰ ਤੁਹਾਡੀ ਮਨ ਦੀ ਗੱਲ ਕਹਿਣ ਦੀ ਖੁੱਲ੍ਹ 'ਤੇ ਤੁਹਾਡੇ ਰੋਟੀ-ਪਾਣੀ ਦਾ ਵਸੀਲਾ ਭਾਰੂ ਹੋ ਜਾਂਦਾ ਹੈ: ਮੇਰਾ ਨਿਮਾਣਾ ਜਿਹਾ ਖਿਆਲ ਮੇਰੀਆਂ ਲੋੜਾਂ ਦੇ ਭਾਰ ਹੇਠ ਆ ਕੇ ਕੁਚਲ਼ਿਆ ਗਿਆ ਸੀ...ਤੇ ਮੈਂ ਚੁੱਪ ਹੀ ਰਿਹਾ।

ਅਚਾਨਕ ਮੇਰੇ ਸਿਰ 'ਤੇ ਅਜਿਹਾ ਬੰਬ ਡਿੱਗਾ ਜਿਸ ਲਈ ਮੈਂ ਬਿਲਕੁਲ ਹੀ ਤਿਆਰ ਨਹੀਂ ਸੀ। ਉਸ ਦੀ ਕੋਮਲ ਜਿਹੀ, ਭੋਲ਼ੀ ਜਿਹੀ ਆਵਾਜ਼ ਫਿਰ ਬੁੜਬੁੜਾਈ, 'ਮੈਨੂੰ ਸਟਰੋਕ ਹੋਇਆ ਹੈ, ਇਸ ਲਈ ਮੈਂ ਤੇਜ਼ ਨਹੀਂ ਤੁਰ ਸਕਦਾ।' ਇਵੇਂ ਲੱਗਾ ਜਿਵੇਂ ਉਸ ਦਾ ਛੋਟਾ ਜਿਹਾ ਇੱਕ ਹੀ ਫ਼ਿਕਰਾ ਮੈਨੂੰ ਭਰੇ ਬਾਜ਼ਾਰ ਵਿਚ ਨੰਗਿਆਂ ਕਰ ਗਿਆ ਸੀ। ਮੇਰੀ ਤਲਖ਼ੀ ਨੇ ਸ਼ਰਮ ਦਾ ਮਖੌਟਾ ਪਾਉਣ ਲੱਗਿਆਂ ਇੱਕ ਵੀ ਪਲ ਨਹੀਂ ਸੀ ਲਾਇਆ। ਮੈਨੂੰ ਪਛਤਾਵਾ ਹੋਣ ਲੱਗਾ ਕਿ ਮੈਂ ਕਿਸੇ ਅਜਨਬੀ ਬਾਰੇ ਏਨੀ ਛੇਤੀ ਆਪਣਾ ਰਵੱਈਆ ਕਿਵੇਂ ਬਣਾ ਸਕਦਾ ਸਾਂ? ਮੇਰੀ ਨਾਸਤਿਕਤਾ ਨੇ ਵੀ ਮੈਨੂੰ ਇਸ ਪਾਪ ਦੇ ਅਹਿਸਾਸ ਤੋਂ ਮੁਕਤ ਨਾ ਕਰਵਾਇਆ ਕਿ ਭਾਵੇਂ ਅਣਜਾਣਪੁਣੇ ਵਿਚ ਹੀ ਸਹੀ, ਮੈਂ ਉਸ ਆਦਮੀ ਬਾਰੇ ਅਜਿਹੀ ਗਲਤ ਸੋਚਣੀ ਕਿਵੇਂ ਪੈਦਾ ਕਰ ਸਕਦਾ ਸਾਂ ਜਿਸ ਦੀ ਮੁਸ਼ਕਲ ਉਸ ਦੇ ਵੱਸੋਂ ਬਾਹਰ ਸੀ? 'ਉਹ! ਸੌਰੀ...ਕੋਈ ਨਾ ਹੌਲੀ ਹੌਲੀ ਬੈਠੋ ਪਲੀਜ਼', ਸ਼ਾਇਦ ਮੇਰੀ ਅੰਗ੍ਰੇਜ਼ੀ ਵੀ ਮੇਰੇ ਰਵੱਈਏ ਤੋਂ ਸ਼ਰਮਸਾਰ ਹੋ ਕੇ ਮੇਰੀ ਤਲਖ਼ੀ ਵਾਂਗ ਹੀ ਪਰ ਲਾ ਕੇ ਉੱਡ ਗਈ ਸੀ ਤੇ ਮੈਨੂੰ ਬੌਂਦਲ਼ੇ ਹੋਏ ਨੂੰ ਮੇਰੀ ਪੰਜਾਬੀ ਨੇ ਇੱਕ ਮਾਂ ਵਾਂਗ ਗੋਦ ਵਿਚ ਲੈ ਲਿਆ ਸੀ।

ਮੈਨੂੰ ਯਾਦ ਨਹੀਂ ਕਿ ਇਹ ਸਾਡੀ ਉਹ ਸਾਡੀ ਪਹਿਲੀ ਮਿਲਣੀ ਹੀ ਜਾਂ ਉਸ ਤੋਂ ਬਾਅਦ ਦੀ ਕੋਈ ਮਿਲਣੀ ਜਦੋਂ ਉਹ ਆਪਣੇ ਅੰਦਰਲੇ ਦੁੱਖ ਮੇਰੇ ਨਾਲ ਸਾਂਝੇ ਕਰਨ ਲੱਗ ਪਿਆ ਸੀ। 'ਮੈਂ ਇੰਜੀਨੀਅਰ ਸਾਂ, ਬਹੁਤ ਪੈਸਾ ਕਮਾਉਂਦਾ ਸਾਂ। ਸਾਰੀ ਉਮਰ ਮੈਂ ਬਹੁਤ ਮਿਹਨਤ ਕੀਤੀ। ਅਚਾਨਕ ਮੈਨੂੰ ਸਟਰੋਕ ਹੋਇਆ। ਮੈਂ ਬੈੱਡ 'ਤੇ ਪੈ ਗਿਆ ਤੇ ਆਮਦਨੀ ਬੰਦ ਹੋ ਗਈ। ਮੈਂ ਆਪਣੇ ਪਰਿਵਾਰ ਲਈ ਬੋਝ ਬਣ ਗਿਆ। ਇੱਕ ਦਿਨ ਮੇਰੀ ਵਾਈਫ ਨੇ ਪੁਲਸ ਨੂੰ ਫੋਨ ਕਰਕੇ ਕਹਿ ਦਿੱਤਾ ਕਿ ਮੈਂ ਉਸ ਨੂੰ ਕੁੱਟਿਆ-ਮਾਰਿਆ ਹੈ। ਮੈਂ ਆਪਣੀ ਵਾਈਫ ਦੀਆਂ ਮਿੰਨਤਾਂ ਕੀਤੀਆਂ ਕਿ ਮੇਰੀ ਹਾਲਤ 'ਤੇ ਤਰਸ ਖਾਵੇ ਪਰ ਉਸ ਨੇ ਇੱਕ ਨਾ ਸੁਣੀ।' ਬੱਸ ਚਲਾਉਂਦਿਆਂ ਮੈਂ ਸੋਚਣ ਲੱਗਾ ਕਿ ਮੰਜੇ 'ਤੇ ਪੈ ਗਏ ਇੱਕ ਪੰਜਾਬੀ ਦੀ ਪੰਜਾਬੀ ਪਤਨੀ ਭਲਾ ਬਿਨਾਂ ਕਿਸੇ ਗੱਲ ਦੇ ਅਜਿਹਾ ਕਿਉਂ ਕਰ ਸਕਦੀ ਹੈ? ਮੇਰੀ ਸਮਝ ਵਿਚ ਇਹ ਗੱਲ ਤਾਂ ਆਉਂਦੀ ਸੀ ਕਿ ਮੰਜੇ 'ਤੇ ਪੈ ਕੇ ਕੁਲਦੀਪ ਸਿੰਘ ਦਾ ਸੁਭਾਅ ਚਿੜਚਿੜਾ ਅਤੇ ਗਾਲ਼ੀ-ਗਲੋਚ ਵਾਲਾ ਹੋ ਗਿਆ ਹੋਵੇਗਾ ਪਰ ਇਹ ਮੰਨਣਾ ਮੁਸ਼ਕਲ ਸੀ ਕਿ ਇਸ ਹਾਲਤ ਵਿਚ ਉਹ ਆਪਣੀ ਪਤਨੀ ਨੂੰ ਕੁੱਟ-ਮਾਰ ਵੀ ਸਕਦਾ ਹੈ।

'ਪੁਲਸ ਆਈ ਤੇ ਮੈਨੂੰ ਕਹਿਣ ਲੱਗੀ ਕਿ ਮੈਂ ਘਰ ਵਿਚ ਨਹੀਂ ਰਹਿ ਸਕਦਾ। ਮੈਂ ਉਨ੍ਹਾਂ ਦੀਆਂ ਵੀ ਮਿੰਨਤਾਂ ਕੀਤੀਆਂ ਕਿ ਇਸ ਹਾਲਤ ਵਿਚ ਮੈਂ ਕਿੱਥੇ ਜਾਵਾਂਗਾ? ਪਰ ਉਨ੍ਹਾਂ ਵੀ ਮੇਰੀ ਸਿਹਤ ਦੀ ਪਰਵਾਹ ਨਾ ਕੀਤੀ।' ਕੁਲਦੀਪ ਸਿੰਘ ਦੀ ਆਵਾਜ਼ ਵਿਚ ਲਾਚਾਰੀ, ਸ਼ਿਕਵਾ ਅਤੇ ਗੁੱਸਾ ਇੱਕੋ ਹੀ ਸਮੇਂ ਝਲਕ ਰਹੇ ਸਨ। ਮੈਂ ਪੁਲੀਸ ਦੇ ਇਸ ਹਾਸੋ-ਹੀਣੇ ਵਤੀਰੇ ਤੋਂ ਹੈਰਾਨ ਨਹੀਂ ਸੀ ਹੋਇਆ ਕਿਉਂਕਿ ਮੈਂ ਜਾਣਦਾ ਸਾਂ ਕਿ ਕਾਨੂੰਨ ਦੀਆਂ ਹਦਾਇਤਾਂ ਅੱਗੇ ਉਨ੍ਹਾਂ ਦੀ ਆਪਣੀ ਸੋਚਣ-ਸ਼ਕਤੀ ਕਿੰਨੀ ਮਜਬੂਰ ਹੈ। ਸਾਡੇ ਪੁਲੀਸ ਅਫ਼ਸਰਾਂ ਨੂੰ ਆਪਣੀ ਅਕਲ ਤੋਂ ਕੰਮ ਲੈਣ ਦੀ ਖੁੱਲ੍ਹ ਨਹੀਂ ਹੈ। ਕਿਸੇ ਦੀ ਮੁਸ਼ਕਲ ਨੂੰ ਸਮਝਣਾ ਜਾਂ ਨਿਰਣਾ ਕਰਨਾ ਸਿਰਫ ਅਤੇ ਸਿਰਫ ਅਦਾਲਤਾਂ ਲਈ ਹੀ ਰਾਖਵਾਂ ਕੀਤਾ ਗਿਆ ਹੈ, ਪੁਲੀਸ ਅਫ਼ਸਰ ਦਾ ਕੰਮ ਤਾਂ ਬੱਸ ਹਥਕੜੀਆਂ ਲਾ ਕੇ ਸ਼ੱਕੀ ਨੂੰ ਸਲਾਖਾਂ ਪਿੱਛੇ ਧੱਕਣ ਤੱਕ ਹੀ ਸੀਮਤ ਹੈ। ਕੁਝ ਇਸੇ ਹੀ ਤਰ੍ਹਾਂ ਦੀ ਤਲਖ਼ੀ ਕੁਲਦੀਪ ਸਿੰਘ ਦੇ ਮਨ ਅੰਦਰ ਵੀ ਉਬਾਲ਼ੇ ਮਾਰਦੀ ਰਹਿੰਦੀ ਸੀ ਕਿਉਂਕਿ ਉਹ ਜਦੋਂ ਵੀ ਕਿਸੇ ਪੁਲੀਸ ਅਫ਼ਸਰ ਨੂੰ ਵੇਖਦਾ ਤਾਂ ਝੱਟ ਮੇਰੇ ਕੋਲ ਆ ਕੇ ਪੁਲੀਸ ਨੂੰ ਗਾਲ੍ਹਾਂ ਕੱਢਣ ਲੱਗ ਜਾਂਦਾ ਅਤੇ ਮੈਨੂੰ ਇਨ੍ਹਾਂ ਤੋਂ ਬਚ ਕੇ ਰਹਿਣ ਦੀ ਹਦਾਇਤ ਕਰਦਾ।

'ਮੇਰੀ ਜੌਬ ਗਈ, ਮੇਰੀ ਨੌਕਰੀ ਗਈ, ਮੇਰੇ ਬੱਚੇ, ਮੇਰਾ ਘਰ-ਬਾਰ ਗਿਆ। ਹੁਣ ਮੈਂ ਬਰੈਂਪਟਨ ਵਿਚ ਬੇਸਮੈਂਟ ਕਿਰਾਏ 'ਤੇ ਲੈ ਕੇ ਰਹਿੰਦਾ ਹਾਂ।' ਜਿਸ ਤਰ੍ਹਾਂ ਉਹ ਆਪਣੀ ਕਹਾਣੀ ਸੁਣਾ ਰਿਹਾ ਸੀ, ਮੇਰੀ ਹਿੰਮਤ ਨਾ ਪਈ ਕਿ ਮੈਂ ਉਸ ਨੂੰ ਸਵਾਲ ਕਰ ਸਕਾਂ। ਉਸ 'ਤੋਂ ਬਾਅਦ ਉਹ ਅਕਸਰ ਹੀ ਮੈਨੂੰ ਮਿਲਦਾ ਰਿਹਾ ਪਰ ਹੁਣ ਬੱਸ ਚੜ੍ਹਨ ਮੌਕੇ ਹੀ ਉਹ ਆਪਣਾ ਬੱਸ ਪਾਸ ਵਿਖਾਉਣ ਲਈ ਤਿਆਰ ਰੱਖਦਾ ਅਤੇ ਮੈਂ ਵੀ ਜਾਣ ਗਿਆ ਸੀ ਕਿ ਉਸ ਕੋਲ ਬੱਸ ਪਾਸ ਹੈ ਇਸ ਲਈ ਸਾਡਾ ਪਹਿਲੇ ਦਿਨ ਬਰਬਾਦ ਹੋਇਆ ਸਮਾਂ ਫਿਰ ਬਰਬਾਦ ਨਾ ਹੋਇਆ। ਉਸ ਦਾ ਉਹ ਸਰਦੀਆਂ ਵਾਲਾ ਕੋਟ ਅਤੇ ਮੋਢਿਆਂ 'ਤੇ ਲਟਕਦਾ ਬਸਤਾ ਉਸਦੇ ਪਛਾਣ-ਚਿੰਨ੍ਹ ਬਣ ਗਏ। ਫਿਰ ਪਤਾ ਲੱਗਾ ਕਿ ਬਹੁਤ ਸਾਰੇ ਡਰਾਈਵਰ ਉਸ ਨੂੰ ਅਤੇ ਉਸ ਦੀ ਕਹਾਣੀ ਨੂੰ ਜਾਣਦੇ ਹਨ। ਸ਼ਾਇਦ ਉਹ ਨੱਕੋ-ਨੱਕ ਭਰ ਆਈ ਆਪਣੇ ਦਿਲ ਦੀ ਪੀੜ ਨੂੰ ਬਾਹਰ ਕੱਢ ਕੇ ਮਨ ਦਾ ਚੈਣ ਲੱਭਣ ਦੀ ਕੋਸ਼ਿਸ਼ ਕਰ ਰਿਹਾ ਸੀ। ਹਰ ਡਰਾਈਵਰ, ਭਾਵੇਂ ਉਹ ਕਿਸੇ ਵੀ ਰੰਗ ਜਾਂ ਨਸਲ ਨਾਲ ਸਬੰਧਤ ਸੀ, ਕੁਲਦੀਪ ਪ੍ਰਤੀ ਹਮਦਰਦੀ ਰੱਖਦਾ ਸੀ। ਸ਼ਾਇਦ ਇਹ ਉਸ ਦੇ ਗੱਲ ਕਰਨ ਦੇ ਤਰੀਕੇ ਅਤੇ ਸੁਭਾਅ ਦੀ ਮਿਠਾਸ ਦਾ ਨਤੀਜਾ ਹੀ ਸੀ। ਹਰ ਡਰਾਈਵਰ ਉਸ ਦੀ ਕੋਈ ਨਾ ਕੋਈ ਗੱਲ ਸਾਂਝੀ ਕਰਦਾ ਰਹਿੰਦਾ। ਇੱਕ ਗੱਲ ਇਹ ਵੀ ਆਈ ਕਿ ਕੁਲਦੀਪ ਆਪਣੀ ਹਾਲਤ ਤੋਂ ਤੰਗ ਆ ਕੇ ਵਾਪਸ ਇੰਡੀਆ ਚਲੇ ਗਿਆ। ਉਸ ਨੇ ਆਪਣੇ ਭਰਾ ਨੂੰ ਉਸ ਦੀ ਦੇਖ-ਭਾਲ਼ ਕਰਨ ਲਈ ਕਿਹਾ। ਭਰਾ ਨੇ ਪੁੱਛਿਆ ਕਿ ਉਹ ਨਾਲ ਲੈ ਕੇ ਕੀ ਆਇਆ ਹੈ? ਜਦੋਂ ਕੁਲਦੀਪ ਨੇ ਕਿਹਾ, 'ਤੁਸੀਂ ਏਨੇ ਸਾਲਾਂ ਤੋਂ ਮੇਰੀ ਜ਼ਮੀਨ ਸਾਂਭ ਰਹੇ ਹੋ, ਕੀ ਹੁਣ ਮੈਨੂੰ ਨਹੀਂ ਸਾਂਭ ਸਕਦੇ?' ਕਹਿੰਦੇ ਨੇ ਕੁਲਦੀਪ ਨੇ ਦੱਸਿਆ ਕਿ ਇਸ ਤੋਂ ਬਾਅਦ ਇੱਕ ਦਿਨ ਉਸ ਦਾ ਭਤੀਜਾ ਉਸ ਨੂੰ ਖੇਤ ਲੈ ਗਿਆ, ਉਸ ਦੇ ਸਿਰ ਵਿਚ ਕੁਝ ਮਾਰਿਆ ਅਤੇ ਕਹਿਣ ਲੱਗਾ ਕਿ ਜਾਂ ਤਾਂ ਉਹ ਸਾਰੀ ਜ਼ਮੀਨ ਦੇ ਕਾਗਜ਼ਾਂ 'ਤੇ ਦਸਤਖਤ ਕਰਕੇ ਉਸ ਦੇ ਨਾਂ ਕਰਵਾ ਦੇਵੇ ਤੇ ਜਾਂ ਫਿਰ ਅਗਲੇ ਵਾਰ ਲਈ ਤਿਆਰ ਹੋ ਜਾਵੇ। ਡਰਾਈਵਰ ਦੇ ਦੱਸਣ ਮੁਤਾਬਿਕ ਕੁਲਦੀਪ ਨੇ ਕਾਗਜ਼ਾਂ 'ਤੇ ਦਸਤਖਤ ਕਰਕੇ ਆਪਣੀ ਜਾਨ ਬਚਾਈ ਅਤੇ ਉਸੇ ਹੀ ਦਿਨ ਵਾਪਸ ਕੈਨੇਡਾ ਆਉਣ ਲਈ ਦਿੱਲੀ ਨੂੰ ਰਵਾਨਾ ਹੋ ਗਿਆ। ਭਾਵੇਂ ਮੈਂ ਇਹ ਵਾਕਿਆ ਕਦੇ ਵੀ ਕੁਲਦੀਪ ਦੇ ਆਪਣੇ ਮੂੰਹੋਂ ਨਹੀਂ ਸੀ ਸੁਣਿਆ ਪਰ ਜੋ ਕੁਝ ਮੈਂ ਇੰਡੀਆ ਵਿਚ ਹੁੰਦਾ-ਵਾਪਰਦਾ ਸੁਣਦਾ ਆ ਰਿਹਾ ਹਾਂ, ਉਸ ਤੋਂ ਇਹ ਕੋਈ ਅਣਹੋਣੀ ਨਹੀਂ ਸੀ ਜਾਪਦੀ।

ਫਿਰ ਉਹ ਸਮਾਂ ਆ ਗਿਆ ਜਦੋਂ ਕੁਲਦੀਪ ਦਾ ਦਿਲ ਦਰਦ ਨਾਲ ਏਨਾ ਭਰ ਗਿਆ ਕਿ ਖ਼ਤਰੇ ਦੇ ਨਿਸ਼ਾਨ ਤੋਂ ਟੱਪ ਜਾਣ ਬਾਅਦ ਭਾਖੜਾ ਡੈਮ ਦੇ ਸਾਰੇ ਦਰਾਂ ਵਾਂਗ ਖੋਲ੍ਹ ਦਿੱਤੇ ਜਾਣ ਦੇ ਬਾਵਜੂਦ ਏਨਾ ਵਧ ਗਿਆ ਕਿ ਉਹ ਦਿਲ ਨੂੰ ਪਾੜ ਕੇ ਕੁਲਦੀਪ ਦੀ ਕੈਦ ਤੋਂ ਬਾਹਰ ਹੋ ਗਿਆ। ਦਰਦ ਉੱਡ ਗਿਆ, ਕੁਲਦੀਪ ਮਿੱਟੀ ਹੋ ਗਿਆ। ਡਰਾਈਵਰ ਲੌਂਜ ਵਿਚ ਸੋਗ ਦੀ ਲਹਿਰ ਫੈਲ ਗਈ। ਇਵੇਂ ਲੱਗ ਰਿਹਾ ਸੀ ਜਿਵੇਂ ਸਾਡਾ ਹੀ ਕੋਈ ਡਰਾਈਵਰ ਸਾਥੀ ਸਾਨੂੰ ਬੇਵਕਤੀ ਅਲਵਿਦਾ ਕਹਿ ਗਿਆ ਹੋਵੇ। ਕੁਲਦੀਪ ਦੇ ਸਸਕਾਰ ਸਮੇਂ ਸਭ ਤੋਂ ਵੱਧ ਹਮਦਰਦੀ ਭਰੇ ਕਾਰਡ ਡਰਾਈਵਰਾਂ ਵੱਲੋਂ ਹੀ ਦਿੱਤੇ ਗਏ ਸਨ।

ਉਹ ਕੁਲਦੀਪ ਜੋ ਪਤਾ ਨਹੀਂ ਕਿਸ ਦੀ ਗ਼ਲਤੀ ਕਾਰਨ ਆਪਣੇ ਹੀ ਪਰਿਵਾਰ ਅਤੇ ਆਪਣੇ ਹੀ ਮਾਂ-ਜਾਇਆਂ ਦਾ ਪਿਆਰ ਹਾਸਲ ਨਹੀਂ ਸੀ ਕਰ ਸਕਿਆ, ਇੱਕ ਬਹੁਤ ਵੱਡੇ ਪਰਿਵਾਰ ਦਾ ਹਿੱਸਾ ਬਣ ਕੇ ਇਸ ਜਹਾਨ ਤੋਂ ਵਿਦਾ ਹੋ ਰਿਹਾ ਸੀ। ਉਹ ਡਰਾਈਵਰ ਜੋ ਅਕਸਰ ਹੀ ਬੇਘਰੇ ਲੋਕਾਂ ਵੱਲੋਂ ਦਿੱਤੀ ਜਾ ਰਹੀ ਪ੍ਰੇਸ਼ਾਨੀ ਦੀਆਂ ਹੀ ਗੱਲਾਂ ਕਰਦੇ ਸੁਣੇ ਜਾਂਦੇ ਨੇ, ਅੱਜ ਇੱਕ 'ਬੇਘਰੇ' ਦੇ 'ਬੇ-ਦਰਦ' ਹੋ ਜਾਣ 'ਤੇ ਉਵੇਂ ਹੀ ਉਦਾਸ ਹੋਏ ਸਨ ਜਿਵੇਂ ਕੋਈ ਆਪਣੇ ਮਿੱਤਰ-ਪਿਆਰੇ ਦੇ ਤੁਰ ਜਾਣ 'ਤੇ ਹੋਇਆ ਕਰਦਾ ਹੈ।

-0-

---

## ਪੁਰਾਣਾ ਸ਼ਹਿਦ

*ਹਜ਼ਾਰਾਂ ਗੁੰਮਨਾਮ ਸੂਰਮਿਆਂ ਦੀਆਂ ਬਹੁਤ ਹੀ ਦਿਲਚਸਪ ਅਣਲਿਖੀਆਂ ਕਹਾਣੀਆਂ (ਜਿਨ੍ਹਾਂ ਵਿਚ ਸਿੱਖਿਆ ਵੀ ਹੈ, ਇਤਿਹਾਸ ਵੀ ਤੇ ਸਾਹਿਤ ਵੀ) ਨੂੰ ਪਾਠਕਾਂ ਤਕ ਪੁਜਦਾ ਕਰਨ ਲਈ ਅਸੀਂ ਇਹ ਨਵਾਂ ਕਾਲਮ 'ਪੁਰਾਣਾ ਸ਼ਹਿਦ' ਸ਼ੁਰੂ ਕਰਨ ਜਾ ਰਹੇ ਹਾਂ। ਸਾਨੂੰ ਆਸ ਹੈ ਕਿ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਮਿਲੇਗਾ। -ਸੰਪਾਦਕ*

ਕਹਾਣੀ

# ਫਾਹੇ ਵਾਲੀ ਵਸੀਅਤ



**ਕੁਲਵੰਤ ਉੱਭੀ ਧਾਲੀਆਂ**
**ਫੋਨ: (559) 473-9264**

ਅੱਜ ਹਰਦਮ ਸਿੰਘ ਆਪਣੇ ਤਿੰਨ ਪੁੱਤਰਾਂ ਨਾਲ ਤਹਿਸੀਲ ਤੋਂ ਮੁੜਦਿਆਂ ਹੀ ਘਬਰਾਇਆ ਹੋਇਆ ਸੀ, ਤੇ ਬਿਨਾਂ ਕਿਸੇ ਨਾਲ ਗੱਲ ਕੀਤਿਆਂ ਮੰਜੇ 'ਤੇ ਲੰਮਾ ਪੈ ਗਿਆ। ਉਸ ਨੂੰ ਇਉਂ ਲੱਗ ਰਿਹਾ ਸੀ ਕਿ ਉਸਦੀ ਇਹ ਕਰਤੂਤ ਜੋ ਅੱਜ ਕਰਨ ਲੱਗਿਆ ਸੀ, ਸ਼ਾਇਦ ਹੁਣ ਉਸ ਦਾ ਕੈਨੇਡਾ ਦਾ ਦਰਵਾਜ਼ਾ ਬੰਦ ਕਰਵਾਏਗੀ। ਉਸ ਦੇ ਛੇ ਪੁੱਤਰ ਅਤੇ ਦੋ ਧੀਆਂ ਸਨ। ਜਿਨ੍ਹਾਂ ਵਿਚੋਂ ਵੱਡੇ ਤਿੰਨ ਪੁੱਤਰ ਅਤੇ ਇੱਕ ਧੀ ਪੰਜਾਬ ਵਿਚ ਸੀ। ਛੋਟੇ ਤਿੰਨ ਪੁੱਤਰ ਅਤੇ ਇੱਕ ਧੀ ਕੈਨੇਡਾ ਸੀ। ਉਹ ਜ਼ਿਆਦਾਤਰ ਕੈਨੇਡਾ ਛੋਟੇ ਪੁੱਤਰਾਂ ਕੋਲ ਹੀ ਰਹਿੰਦਾ ਸੀ।

ਪਰ ਇਸ ਸਾਲ ਜਦ ਪੰਜਾਬ ਆਇਆ ਤਾਂ ਵੱਡੇ ਪੁੱਤਰਾਂ ਨੇ ਲਾਲਚ ਵੱਸ ਆਪਣੇ ਹਾਮੀ ਰਿਸ਼ਤੇਦਾਰਾਂ ਦੀ ਮਦਦ ਨਾਲ ਇਹ ਕਹਿ ਕੇ ਬਾਪੂ ਨੂੰ ਵਰਗ਼ਲਾ ਲਿਆ ਕਿ ਕੈਨੇਡਾ ਛੋਟਿਆਂ ਕੋਲ ਤਾਂ ਹੁਣ ਘਰ-ਬਾਰ, ਕਾਰੋਬਾਰ ਅਤੇ ਨੌਕਰੀਆਂ ਹਨ। ਅਸੀਂ ਅਜੇ ਬੱਚੇ ਵਿਆਹੁਣੇ ਹਨ ਅਤੇ ਸਾਡੇ ਖਰਚੇ ਬਹੁਤ ਹਨ। ਬਾਪੂ ਤੂੰ ਹੁਣ ਇਹ ਸਾਰੀ ਜ਼ਮੀਨ ਸਾਡੇ ਤਿੰਨਾਂ ਦੇ ਨਾਂ ਕਰਾ ਦੇ, ਇਸੇ ਆਸਰੇ ਸਾਡੇ ਬੱਚਿਆਂ ਦਾ ਵਿਆਹ ਚੰਗੇ ਘਰ ਹੋ ਜਾਵੇਗਾ ਅਤੇ ਸਾਡਾ ਬੁਢਾਪਾ ਵੀ ਸੁਖਾਲਾ ਲੰਘ ਜਾਵੇਗਾ। ਉਨ੍ਹਾਂ ਦੀਆਂ ਗੱਲਾਂ ਵਿਚ ਆ ਬਾਪੂ ਇਸ ਸ਼ਰਤ 'ਤੇ ਮੰਨ ਗਿਆ ਕਿ ਮੇਰੇ ਮਰਨ ਤੱਕ ਇਸ ਗੱਲ ਦਾ ਪਤਾ ਹੋਰ ਕਿਸੇ ਨੂੰ ਨਾ ਲੱਗੇ। ਤਿੰਨੇ ਵੱਡੇ ਪੁੱਤਰ ਖੁਸ਼ ਸਨ ਕਿ ਅੱਜ ਸਾਡੇ ਹਿੱਸੇ ਦੀ ਜ਼ਮੀਨ ਸਾਨੂੰ ਛੇ ਹਿੱਸਿਆਂ ਦੀ ਬਜਾਏ ਤਿੰਨ ਹਿੱਸਿਆਂ ਵਿਚ ਵੰਡਣ ਕਰਕੇ ਦੁੱਗਣੀ ਮਿਲੇਗੀ। ਉਹ ਆਪਣੇ ਪੱਕੇ ਪੈਰੀਂ ਇਕ ਲਾਲਚੀ ਲੰਬੜਦਾਰ ਅਤੇ ਦੋ ਹੋਰ ਕਰੀਬੀ ਬੰਦੇ ਬਤੌਰ ਗਵਾਹ ਲੈ ਗਏ ਤਾਂ ਕਿ ਕਿਸੇ ਨੂੰ ਭਿਣਕ ਪਏ ਬਿਨਾ ਇਸ ਕੰਮ ਨੂੰ ਚੁੱਪ-ਚੁਪੀਤੇ ਨਿਪਟਾ ਲਿਆ ਜਾਵੇ।

ਜਦ ਤਹਿਸੀਲਦਾਰ ਦੇ ਸਾਹਮਣੇ ਪੱਕੀ ਵਸੀਅਤ ਦੀ ਕਾਰਵਾਈ ਹੋ ਰਹੀ ਸੀ ਤਾਂ ਤਹਿਸੀਲਦਾਰ ਨੇ ਇਕ ਹੋਰ ਗਵਾਹ ਦੀ ਮੌਜੂਦਗੀ ਦੀ ਮੰਗ ਕੀਤੀ ਕਿਉਂਕਿ ਤੇਜਾ ਸਿੰਘ ਰਾਤੀਂ ਬਹੁਤੀ ਸ਼ਰਾਬ ਪੀਣ ਕਰਕੇ ਅਦਾਲਤ ਵਿਚ ਪਹੁੰਚ ਨਹੀਂ ਸਕਿਆ ਸੀ। ਇਸੇ ਦੌਰਾਨ ਸ਼ਿੰਗਾਰਾ ਸਿੰਘ ਆਪਣੇ ਕੰਮ ਦੇ ਸੰਬੰਧ ਵਿਚ ਉੱਥੇ ਆਇਆ ਹੋਇਆ ਸੀ। ਉਹ ਹਰਦਮ ਸਿੰਘ ਦੇ ਕੈਨੇਡਾ ਵਾਲੇ ਛੋਟੇ ਪੁੱਤਰਾਂ ਦਾ ਜਿਗਰੀ ਯਾਰ ਸੀ। ਉਸ ਨੂੰ ਦੇਖਦਿਆਂ ਵੱਡੇ ਪੁੱਤਰ ਪਾਸ਼ੀ ਨੇ ਆਵਾਜ਼ ਮਾਰੀ ਕਿ ਸਾਡੀ ਇੱਕ ਨਿੱਕੀ ਜਿਹੀ ਗਵਾਹੀ ਪਾ ਜਾਵੇ। ਜਦ ਉਹ ਗਵਾਹੀ ਪਾਉਣ ਲਈ ਗਿਆ ਤਾਂ ਤਹਿਸੀਲਦਾਰ ਦੇ ਰੀਡਰ ਨੇ ਦੱਸਿਆ ਕਿ ਸਰਦਾਰ ਹਰਦਮ ਸਿੰਘ ਸਾਰੀ ਜ਼ਮੀਨ ਤਿੰਨ ਪੁੱਤਰਾਂ ਦੇ ਨਾਂ ਕਰਾ ਰਹੇ ਹਨ। ਉਹ ਦੰਗ ਰਹਿ ਗਿਆ ਅਤੇ ਕਿਹਾ ਕਿ ਇਹ ਤਾਂ ਨਾ-ਇਨਸਾਫੀ ਹੈ। ਇਨ੍ਹਾਂ ਦੇ ਤਿੰਨ ਭਰਾ ਕੈਨੇਡਾ ਵੀ ਹਨ, ਉਨ੍ਹਾਂ ਦਾ ਵੀ ਬਰਾਬਰ ਦਾ ਹੱਕ ਹੈ। ਇਹ ਗਵਾਹੀ ਮੈਂ ਨਹੀਂ ਪਾ ਸਕਦਾ ਅਤੇ ਚਲਾ ਗਿਆ। ਇੰਨੇ ਨੂੰ ਖਾਨਾਪੂਰਤੀ ਲਈ ਉਹ 200 ਰੁਪਈਏ ਦੇ ਕੇ ਕਿਸੇ ਹੋਰ ਪਿੰਡ ਦੇ ਨੰਬਰਦਾਰ ਨੂੰ ਗਵਾਹ ਬਣਾ ਲੈ ਆਏ। ਇਸ ਤੋਂ ਪਹਿਲਾਂ ਬਾਪੂ ਮੁੱਕਰੇ ਪੱਕੀ ਵਸੀਅਤ ਕਰਾ ਲਈ।

ਪਰ ਹੁਣ ਬਾਪੂ ਅਤੇ ਤਿੰਨਾਂ ਪੁੱਤਰਾਂ ਨੂੰ ਇਹ ਚਿੰਤਾ ਖਾਈ ਜਾ ਰਹੀ ਸੀ ਕਿ ਕਿਧਰੇ ਸ਼ਿੰਗਾਰਾ ਸਿੰਘ ਇਸ ਬਾਰੇ ਛੋਟਿਆਂ ਨੂੰ ਦੱਸ ਕੰਮ ਨਾ ਖਰਾਬ ਕਰ ਦੇਵੇ। ਘਰ ਪਰਤਦਿਆਂ ਹੀ ਉਨ੍ਹਾਂ ਰਸਤੇ ਵਿਚੋਂ ਦੋ ਦੇਸੀ ਸ਼ਰਾਬ ਦੀਆਂ ਬੋਤਲਾਂ ਲਈਆਂ, ਜਿਨ੍ਹਾਂ ਵਿਚੋਂ ਇੱਕ ਉੱਥੇ ਹੀ ਅਹਾਤੇ ਵਿਚ ਨੰਬਰਦਾਰ ਅਤੇ ਗਵਾਹਾਂ ਨਾਲ ਬੈਠ ਕੇ ਪੀ ਲਈ। ਘਰ ਵੜਦਿਆਂ ਹੀ ਜੀਪ ਖੜ੍ਹੀ ਕਰ ਆਪਣੇ 12 ਕੁ ਸਾਲ ਦੇ ਪੁੱਤਰ ਕਰਮੇ ਨੂੰ ਅਵਾਜ਼ ਮਾਰੀ ਕਿ ਜਾਹ ਆਹ ਫੜ ਪੰਜ ਰੁਪਈਏ, ਰਾਮ ਦੀ ਹੱਟੀ ਤੋਂ ਭੁਜੀਆਂ ਲੈ ਆ। ਇੰਨੇ ਨੂੰ ਦੋ ਮੰਜਿਆਂ ਵਿਚਾਲੇ ਪਏ ਮੇਜ 'ਤੇ ਵੱਡੀ ਵਹੁਟੀ ਨਿੰਦਰ ਨੇ ਚਾਰ ਗਲਾਸ ਅਤੇ ਚਮਚਿਆਂ ਸਮੇਤ ਦਾਲ ਦੀ ਕੌਲੀ ਵੀ ਰੱਖ ਦਿੱਤੀ।

ਚੁੱਪ-ਚੁਪੀਤੀ ਰਾਤ ਦੇ ਸ਼ਾਂਤ ਮਾਹੌਲ ਵਾਂਗ ਸ਼ਰਾਬ ਨਾਲ ਰੱਜੇ ਪਿਓ-ਪੁੱਤਰਾਂ ਦੇ ਮੂੰਹੋਂ ਬਹੁਤੀ ਅਵਾਜ਼ ਤਾਂ ਨਹੀਂ ਆ ਰਹੀ ਸੀ, ਪਰ ਆਪਣੇ ਅੰਦਰੋਂ-ਅੰਦਰੀਂ ਕੈਨੇਡਾ ਬੈਠੇ ਭਰਾਵਾਂ ਨਾਲ ਜਾਣ-ਬੁੱਝ ਕੀਤੀ ਜਾਲ-ਸਾਜ਼ਿਸ਼ ਕਾਰਨ ਡਰ ਦੇ ਤੂਫ਼ਾਨ ਜ਼ਰੂਰ ਵਗ ਰਹੇ ਸਨ। ਇਨ੍ਹਾਂ ਵਲੋਂ ਕੈਨੇਡਾ ਵਾਲੇ ਭਰਾਵਾਂ ਨਾਲ ਕੀਤੀ ਹੇਰਾ-ਫੇਰੀ ਤੋਂ ਸ਼ਿੰਗਾਰਾ ਸਿੰਘ ਵੀ ਪ੍ਰੇਸ਼ਾਨ ਰਹਿਣ ਲੱਗਾ। ਪਰ ਉਹ ਕਰ ਕੁਝ ਨਹੀਂ ਸਕਦਾ ਸੀ। ਉਹ ਇਹੀ ਸੋਚਦਾ ਰਹਿੰਦਾ ਕਿ ਜੇ ਮੈਂ ਕੈਨੇਡਾ ਵਾਲਿਆਂ ਨੂੰ ਇਸ ਕਰਤੂਤ ਬਾਰੇ ਦੱਸਦਾ ਹਾਂ ਤਾਂ ਇਨ੍ਹਾਂ ਦਾ ਸਾਂਝਾ ਟੱਬਰ ਟੁੱਟ ਜਾਣਾ ਹੈ। ਇਸ ਦਾ ਹੱਲ ਕੱਢਣ ਲਈ ਉਸਨੇ ਬਜ਼ੁਰਗ ਹਰਦਮ ਸਿੰਘ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਕਿ ਪਰਿਵਾਰ ਨਾਲ ਨਾ-ਇਨਸਾਫ਼ ਵਾਲੀ ਗੱਲ ਨਾ ਕਰੇ। ਇਸ ਬਾਅਦ ਹਰਦਮ ਸਿੰਘ ਨੇ ਸ਼ਿੰਗਾਰੇ ਨੂੰ ਘਰ ਬੁਲਾਇਆ ਅਤੇ ਆਪਣੇ ਪੰਜਾਬ ਵਾਲੇ ਪੁੱਤਰਾਂ ਤੋਂ ਇਹ ਵਾਅਦਾ ਲਿਆ ਕਿ ਉਹ ਹੁਣ ਪੁਰਾਣੀ ਵਸੀਅਤ ਤੁੜਵਾ ਕੇ, ਨਵੀਂ ਵਸੀਅਤ ਰਾਹੀਂ ਸਾਰੀ ਜਾਇਦਾਦ ਆਪਣੇ ਛੇ ਪੁੱਤਰਾਂ ਦੇ ਨਾਂ ਬਰਾਬਰ ਹਿੱਸਿਆਂ ਵਿਚ ਵੰਡੇਗਾ। ਇਸ ਗੱਲ ਤੋਂ ਪੰਜਾਬ ਵਾਲੇ ਤਿੰਨੇ ਪੁੱਤਰ ਸ਼ਿੰਗਾਰਾ ਸਿੰਘ 'ਤੇ ਅੰਦਰੋ-ਅੰਦਰੀ ਬਹੁਤ ਨਾਰਾਜ਼ ਸਨ ਕਿ ਉਸ ਨੇ ਬਣੀ-ਬਣਾਈ ਖੇਡ ਖ਼ਤਮ ਕਰ ਦਿੱਤੀ। ਇਸ ਸਮੇਂ ਸ਼ਰਾਬ ਦੀ ਬੋਤਲ ਖੋਲ੍ਹੀ ਗਈ ਅਤੇ ਰਾਤ ਦਾ ਖਾਣਾ ਸਭ ਨੇ ਇਕੱਠਿਆਂ ਖਾਧਾ।



ਕਰੀਬ ਅੱਧੀ ਰਾਤ ਸ਼ਿੰਗਾਰਾ ਸਿੰਘ ਆਪਣੇ ਘਰ ਆਇਆ। ਹਮੇਸ਼ਾ ਵਾਂਗ ਉਸਦੀ ਮਾਤਾ ਪ੍ਰੀਤਮ ਕੌਰ ਜੋ ਆਪਣੇ ਪੁੱਤ ਦੀ ਉਡੀਕ ਕਰ ਰਹੀ ਸੀ, ਨੇ ਦਰਵਾਜ਼ਾ ਖੁੱਲ੍ਹਣ ਦੀ ਆਵਾਜ਼ ਸੁਣਦਿਆਂ ਕਿਹਾ "ਸ਼ਿੰਗਾਰੇ ਪੁੱਤ ਟਾਈਮ ਸਿਰ ਘਰ ਆ ਜਾਇਆ ਕਰ, ਐਵੇਂ ਲੋਕ ਭਲਾਈ ਵਿਚ ਸਾਰਾ-ਸਾਰਾ ਦਿਨ ਬਾਹਰ ਰਹਿੰਦੈਂ। ਤੇਰੇ ਬਾਪੂ ਜੀ ਵੀ ਬਹੁਤ ਫਿਕਰ ਕਰਦੇ ਸੀ ਕਿ ਪਹਿਲਾਂ ਤੂੰ ਕਿੰਨਾ ਚਿਰ ਦੁਬਈ, ਫਿਰ ਇੰਗਲੈਂਡ ਰਿਹਾ, ਹੁਣ ਵਾਪਸ ਆਇਆ ਤਾਂ ਜਿੰਨਾ ਚਿਰ ਇੱਥੇ ਤਾਂ ਸਾਡੇ ਕੋਲ ਵੀ ਬੈਠ ਜਾਇਆ ਕਰ। ਮੈਨੂੰ ਪਤਾ ਹੁਣ ਫਿਰ ਤੂੰ ਕੈਨੇਡਾ ਜਾਣ ਲਈ ਤਿਆਰੀ ਬੰਨ੍ਹੀ ਬੈਠਾ।"

ਸ਼ਿੰਗਾਰਾ ਸਿੰਘ ਨੇ ਕਿਹਾ "ਬੀਬੀ ਤੂੰ ਚਿੰਤਾ ਨਾ ਕਰਿਆ ਕਰ, ਇੱਥੇ ਮੈਂ ਆਪਣੇ ਭਰਾ ਅਤੇ ਭਤੀਜਿਆਂ ਦਾ ਕਾਰੋਬਾਰ ਸੈੱਟ ਕਰ ਦਿੱਤਾ ਹੈ। ਜਿੰਨਾ ਸਮਾਂ ਇੱਥੇ ਹਾਂ ਤੁਹਾਡੇ ਕੋਲ ਹੀ ਰਹਾਂਗਾ।" ਕੁਝ ਮਹੀਨੇ ਬਾਅਦ ਉਸ ਦੀ ਕੈਨੇਡਾ ਜਾਣ ਦੀ ਤਿਆਰੀ ਸੀ।

ਇਸ ਬਾਅਦ ਬੀਬੀ ਰੋਟੀ ਬਣਾਉਣ ਲੱਗੀ ਤਾਂ ਸ਼ਿੰਗਾਰੇ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਉਹ ਤਾਇਆ ਹਰਦਮ ਸਿੰਘ ਦੇ ਘਰ ਰੋਟੀ ਖਾ ਕੇ ਆਇਆ ਹੈ।

ਅਗਲੀ ਸਵੇਰ ਸ਼ਿੰਗਾਰਾ ਸਿੰਘ ਤੋਂ ਉਠਣਾ ਕਾਫੀ ਮੁਸ਼ਕਲ ਹੋ ਰਿਹਾ ਸੀ। ਚੜ੍ਹਦੀ ਜਵਾਨੀ ਅਤੇ ਤਕੜਾ ਗੱਭਰੂ ਜਿਸਨੇ ਅਜੇ ਆਪਣੇ ਪਰਿਵਾਰ ਦੇ ਕੰਮਾਂ ਕਾਰਾਂ ਨੂੰ ਸੈੱਟ ਕਰਨ ਲਈ ਵਿਆਹ ਵੀ ਨਹੀਂ ਕਰਵਾਇਆ ਸੀ, ਅੱਜ ਥੱਕਿਆ-ਥੱਕਿਆ ਮਹਿਸੂਸ ਕਰ ਰਿਹਾ ਸੀ। ਉਸ ਨੂੰ ਇਉਂ ਜਾਪ ਰਿਹਾ ਸੀ ਕਿ ਜਿਵੇਂ ਸਰੀਰ ਨੂੰ ਅੰਦਰੋ-ਅੰਦਰੀ ਕੁਝ ਖਾ ਰਿਹਾ ਹੋਵੇ। ਘਰ ਡਾਕਟਰ ਨੂੰ ਬੁਲਾਇਆ ਗਿਆ, ਕਈ ਹਫ਼ਤੇ ਦਵਾਈ ਚੱਲੀ ਪਰ ਕੋਈ ਫਰਕ ਨਾ ਪਿਆ। ਉਸ ਦਾ ਸਰੀਰ ਦਿਨੋਂ-ਦਿਨ ਘਟ ਰਿਹਾ ਸੀ। ਅੰਤ ਬਿਮਾਰੀ ਦੀ ਸਮਝ ਨਾ ਆਉਣ ਕਰਕੇ ਲੁਧਿਆਣੇ ਦੇ ਵੱਡੇ ਹਸਪਤਾਲ "ਦਿਆ ਨੰਦ" ਵਿਚ ਭਰਤੀ ਕਰਵਾਇਆ ਗਿਆ। ਜਿੱਥੇ ਡਾਕਟਰਾਂ ਨੇ ਬਿਮਾਰੀ ਦੇ ਇਲਾਜ ਲਈ ਦਵਾਈਆਂ ਅਤੇ ਬਹੁਤ ਟੈਸਟ ਕੀਤੇ, ਮਹੀਨਾ ਭਰ ਹਸਪਤਾਲ ਰਿਹਾ, ਪਰ ਉਹ ਬਚ ਨਾ ਸਕਿਆ। ਜਿਸ ਦਿਨ ਉਸ ਨੂੰ ਹਸਪਤਾਲ ਲਿਜਾ ਰਹੇ ਸਨ ਤਾਂ ਉਸ ਨੇ ਕਿਹਾ ਸੀ "ਹੁਣ ਮੈਂ ਜਿਉਂਦਾ ਵਾਪਸ ਘਰ ਨਹੀਂ ਪਰਤਾਂਗਾ।" ਸ਼ਾਇਦ ਉਸ ਨੂੰ ਪਤਾ ਲੱਗ ਗਿਆ ਸੀ ਕਿ ਉਸ ਨਾਲ ਕਿਸੇ ਨੇ ਧੋਖਾ ਕੀਤਾ ਹੈ ਅਤੇ ਸ਼ਰਾਬ ਵਿਚ 'ਪਾਰਾ' ਮਿਲਾ ਕੇ ਪਿਆ ਦਿੱਤਾ ਹੈ। ਜਿਸ ਦਾ ਹੁਣ ਕੋਈ ਇਲਾਜ ਨਹੀਂ। ਪਰ ਉਹ ਆਪਣੇ ਪਰਿਵਾਰ ਨੂੰ ਇਹ ਦੱਸ ਕੇ ਦੁਸ਼ਮਣੀ ਨੂੰ ਅੱਗੇ ਹੋਰ ਵਧਾਉਣਾ ਨਹੀਂ ਚਾਹੁੰਦਾ ਸੀ। ਹਸਪਤਾਲ ਵਿਚ ਉਸ ਨੇ ਬੋਲਣਾ ਵੀ ਛੱਡ ਦਿੱਤਾ ਸੀ। ਆਪਣੇ ਕਾਰੋਬਾਰ ਅਤੇ ਪੈਸੇ ਦੇ ਲੈਣ-ਦੇਣ ਬਾਰੇ ਆਪਣੇ ਕੋਲ ਬੈਠੇ ਭਤੀਜੇ ਬਿੱਟੂ ਨੂੰ ਕਈ ਵਾਰ ਦੱਸਣ ਦੀ ਕੋਸ਼ਿਸ਼ ਕਰਦਾ ਤਾਂ ਉਹ ਉਦਾਸ ਹੋ ਰੋਂਦੇ ਹੋਏ ਟਾਲ ਦਿੰਦਾ ਕਿ ਚਾਚਾ ਤੁਸੀਂ ਠੀਕ ਹੋ ਕੇ ਘਰ ਆ ਜਾਣਾ, ਇਹ ਗੱਲਾਂ ਘਰ ਕਰਾਂਗੇ। ਇਸ ਬਾਅਦ ਸ਼ਿੰਗਾਰਾ ਸਿੰਘ ਕਈ ਦਿਨਾਂ ਤੱਕ ਹਸਪਤਾਲ ਦੇ ਮੰਜੇ 'ਤੇ ਪਿਆ ਪਾਠ ਕਰਦਾ ਰਹਿੰਦਾ। ਉਸ ਨੂੰ ਪੰਜੇ ਬਾਣੀਆਂ ਜ਼ੁਬਾਨੀ ਯਾਦ ਸਨ। ਹਰ ਸਮੇਂ ਹੱਥ ਹਸਪਤਾਲ ਦੇ ਵਾਰਡ ਵਿਚ ਸਾਹਮਣੇ ਲੱਗੀ ਕੰਧ ਵੱਲ ਲੱਗੀ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਵੱਲ਼ ਦੇਖਦਿਆਂ ਜੁੜੇ ਰਹਿੰਦੇ। ਆਪਣੇ ਅੰਤਮ ਸਾਹ ਛੱਡਣ ਸਮੇਂ ਵੀ ਉਸ ਨੇ ਤਸਵੀਰ ਨੂੰ ਨਿਮਨ ਕੀਤਾ।

ਚੰਗਾ, ਮਿਲਾਪੜੇ ਸੁਭਾਅ ਅਤੇ ਹਰ ਇੱਕ ਦੇ ਕੰਮ ਆਉਣ ਵਾਲਾ ਇਨਸਾਨ ਹੋਣ ਕਰਕੇ ਉਸ ਦੀ ਮੌਤ ਦਾ ਰਿਸ਼ਤੇਦਾਰ, ਮਿੱਤਰ ਜਾਂ ਪਿੰਡ ਹੀ ਨਹੀਂ, ਸਗੋਂ ਇਲਾਕੇ ਦੇ ਲੋਕਾਂ ਨੇ ਬਹੁਤ ਸੋਗ ਮਨਾਇਆ।

ਹਰ ਸਮੇਂ ਖੁਸ਼ ਰਹਿਣ ਵਾਲੇ ਪਰਿਵਾਰ 'ਤੇ ਦੁੱਖਾਂ ਦੇ ਪਹਾੜ ਟੁੱਟ ਚੁੱਕੇ ਸਨ। ਨੌਜਵਾਨ ਪੁੱਤਰ ਦੇ ਵਿਛੋੜੇ ਵਿਚ ਰੋ-ਰੋ ਮਾਂ ਦੀ ਅੱਖਾਂ ਦੀ ਰੌਸ਼ਨੀ ਚਲੀ ਗਈ ਸੀ। ਸਾਰਾ ਪਰਿਵਾਰ ਇਸ ਦੁੱਖ ਦੇ ਸੰਤਾਪ ਨੂੰ ਹੰਢਾਅ ਰਿਹਾ ਸੀ। ਪਰਿਵਾਰ ਅਤੇ ਪਿੰਡ ਦੇ ਲੋਕਾਂ ਨੂੰ ਇਹ ਅਹਿਸਾਸ ਹੋ ਗਿਆ ਸੀ ਕਿ ਸ਼ਿੰਗਾਰਾ ਸਿੰਘ ਮਰਿਆ ਨਹੀਂ ਕਿਸੇ ਨੇ ਜ਼ਹਿਰ ਦੇ ਕੇ ਮਾਰਿਆ ਹੈ।

ਸਿਆਣੇ ਜਿਵੇਂ ਕਹਿੰਦੇ ਆ ਕਿ ਪਾਪ ਛੁਪਿਆ ਨਹੀਂ ਰਹਿੰਦਾ। ਇਸੇ ਕਹਾਵਤ ਵਾਂਗ ਹਰਦਮ ਸਿੰਘ ਦੇ ਘਰ ਕੁਝ ਮਹੀਨਿਆਂ ਬਾਅਦ ਰੌਲਾ ਪੈਣ ਸ਼ੁਰੂ ਹੋ ਗਿਆ। ਪਿੰਡ ਵਾਲਿਆਂ ਦਾ ਸ਼ੱਕ ਉਸ ਦਿਨ ਸੱਚ ਵਿਚ ਬਦਲ ਗਿਆ ਜਦੋਂ ਉਨ੍ਹਾਂ ਦੀ ਨੂੰਹ ਆਪਣੇ ਕੱਪੜੇ ਲਾਹ-ਲਾਹ ਪਾੜਦੀ ਹੋਈ ਚੀਕ-ਚਿਹਾੜਾ ਪਾਉਂਦੀ ਘਰੋਂ ਬਾਹਰ ਭੱਜਣ ਲੱਗੀ। ਹੁਣ ਉਨ੍ਹਾਂ ਦੇ ਪਾਪ ਆਪ ਬੋਲ ਰਹੇ ਸਨ। ਘਰ ਦੇ ਹਰ ਹਨੇਰੇ ਖੂੰਜੇ ਸ਼ਿੰਗਾਰਾ ਹੀ ਖੜ੍ਹਾ ਦਿਸਦਾ ਅਤੇ ਬਾਹਰ ਨੂੰ ਭੱਜਦੇ ਸਮੇਂ ਚੀਕਾਂ ਵਿਚੋਂ ਇਹੀ ਅਵਾਜ਼ ਆਉਂਦੀ "ਉਹ ਆ ਗਿਆ - ਉਹ ਆ ਗਿਆ।" ਇਸੇ ਤਰ੍ਹਾਂ ਹੋਰ ਪਰਿਵਾਰਕ ਮੈਂਬਰਾਂ ਦੀ ਹਾਲਤ ਵੀ ਬਣੀ ਜਾਪਦੀ ਸੀ। ਇਸ ਬਾਅਦ ਫਿਰ ਹਰਦਮ ਸਿੰਘ ਦੇ ਪਰਿਵਾਰ ਵਾਲੇ ਪਿੰਡ ਤੋਂ ਚੋਰੀ-ਚੋਰੀ ਪਾਖੰਡੀ ਸਾਧਾਂ ਦੇ ਮਗਰ ਗੇੜੇ ਮਾਰਨ ਲੱਗੇ। ਹਨੇਰੇ-ਸਵੇਰੇ ਘਰੇ ਪੰਡਤਾਂ-ਸਾਧਾਂ ਨੂੰ ਲਿਆ ਟੂਣੇ-ਟਾਮਣ ਅਤੇ ਮੰਤਰ ਵੀ ਪੜ੍ਹਾਉਣ ਲੱਗੇ। ਪਰ ਕੋਈ ਫਰਕ ਨਾ ਪਿਆ ਤਾਂ ਕਿਸੇ ਨੇ ਚੰਗੀ ਸਲਾਹ ਦਿੱਤੀ ਕਿ ਤੁਸੀਂ ਪਾਪ ਤਾਂ ਕੀਤਾ ਹੈ, ਪਰ ਹੁਣ ਐਵੇਂ ਆਪਣੀ ਬਹੂ ਨਾ ਸਾਧਾਂ ਦੇ ਚਿਮਟੇ ਮਰਵਾ-ਮਰਵਾ, ਮਰਵਾ ਹੀ ਲਿਓ, ਕਿਸੇ ਚੰਗੇ ਹਸਪਤਾਲ ਮਾਨਸਿਕਤਾ ਵਾਲੇ ਡਾਕਟਰ ਨੂੰ ਦਿਖਾਓ।

ਹੋਰ ਕੋਈ ਚਾਰਾ ਨਾ ਚਲਦਾ ਦੇਖ ਕੇ ਡਾਕਟਰੀ ਇਲਾਜ ਸ਼ੁਰੂ ਕੀਤਾ ਗਿਆ। ਕਈ ਟੈਸਟ ਕੀਤੇ ਗਏ ਅਤੇ ਡਾਕਟਰ ਨੂੰ ਇਹ ਸਮਝ ਆ ਗਈ ਕਿ ਇਹ ਕੋਈ ਭੂਤ-ਭਾਤ ਦਾ ਸਾਇਆ ਨਹੀਂ, ਸਗੋਂ ਕਿਸੇ ਵੱਡੀ ਘਟਨਾ ਕਰਕੇ ਇਸ ਨੂੰ ਗਹਿਰਾ ਸਦਮਾ ਲੱਗਿਆ, ਜੋ ਵਾਰ-ਵਾਰ ਇਸ ਦੇ ਦੁਆਲੇ ਘੁੰਮ ਰਿਹਾ ਹੈ। ਡਾਕਟਰ ਦੀ ਦਵਾਈ ਤੋਂ ਬਾਅਦ ਉਹ ਘਰ ਦਾ ਕੰਮ-ਕਾਜ ਘੱਟ ਹੀ ਕਰਦੀ, ਜ਼ਿਆਦਾ ਸਮਾਂ ਸੁੱਤਿਆਂ ਹੀ ਬਿਤਾਉਂਦੀ। ਜਿਸ ਨਾਲ ਇਸ ਦੀ ਹਾਲਤ ਵਿਚ ਤਾਂ ਕਾਫੀ ਸੁਧਾਰ ਆ ਗਿਆ ਪਰ ਇਸ ਗੱਲ ਦਾ ਅਸਰ ਬਾਕੀ ਪਰਿਵਾਰ 'ਤੇ ਵੀ ਪਿਆ। ਪਿੰਡ ਦੇ ਹਰ ਬੰਦੇ ਦੀ ਜ਼ੁਬਾਨ 'ਤੇ ਇਹੀ ਗੱਲ ਸੀ ਕਿ ਜਿਵੇਂ ਇਨ੍ਹਾਂ ਕੰਜਰਾਂ ਨੇ ਬੇਗਾਨਾ ਦਰਵੇਸ਼ ਪੁੱਤ ਲਾਲਚ ਵੱਸ ਮਾਰਿਆ। ਉਨ੍ਹਾਂ ਦੇ ਪਰਿਵਾਰ ਨਾਲ ਪਿੰਡ ਨੇ ਵਰਤਾਵਾ ਵੀ ਘੱਟ ਕਰ ਦਿੱਤਾ। ਹਰ ਕੋਈ ਬਦ-ਦੁਆਵਾਂ ਦਿੰਦਾ ਕਿ ਜਿਵੇਂ ਇਨ੍ਹਾਂ ਨੇ ਕੀਤਾ ਹੈ, ਉਵੇਂ ਹੀ ਰੱਬ ਇਨ੍ਹਾਂ ਨਾਲ ਵੀ ਕਰੂ। ਸਮਾਂ ਲਗਦਾ ਹੈ, ਪਰਮਾਤਮਾ ਇਨਸਾਫ਼ ਜ਼ਰੂਰ ਕਰੂ। ਸਾਰੇ ਪਿੰਡ ਨੂੰ ਪਤਾ ਸੀ ਇਹ ਸਮੇਂ-ਸਮੇਂ ਸ਼ਿੰਗਾਰੇ ਤੋਂ ਪੈਸੇ ਵੀ ਉਧਾਰ ਲੈ ਚੁੱਕੇ ਸਨ। ਜੋ ਕਦੇ ਵਾਪਸ ਨਹੀਂ ਸਨ ਕੀਤੇ। ਸਗੋਂ ਸਮੇਂ-ਸਮੇਂ ਬੱਚਿਆਂ ਦੇ ਸਕੂਲ ਦਾਖ਼ਲੇ ਕਰਵਾਉਣ ਤੱਕ ਵੀ ਉਸ ਨੂੰ ਹੀ ਕਹਿੰਦੇ ਕਿ ਮਦਦ ਕਰੇ।

ਆਪਣੇ ਮਾਂ-ਬਾਪ ਅਤੇ ਚਾਚਿਆਂ ਦੀ ਇਸ ਸਾਜ਼ਿਸ਼ ਦਾ ਕਰਮੇ ਨੂੰ ਭਲੀ-ਭਾਂਤ ਪਤਾ ਸੀ। ਪਰ ਉਹ ਬੱਚਾ ਹੁੰਦਿਆਂ ਕਰ ਕੁਝ ਨਹੀਂ ਸਕਦਾ ਸੀ। ਸ਼ਿੰਗਾਰੇ ਨੇ ਉਸ ਦੀ ਅਤੇ ਉਸ ਦੀ ਭੈਣ ਦੇ ਸਕੂਲ ਦੇ ਦਾਖਲੇ ਕਰਾਉਣ ਤੋਂ ਲੈ ਹਰ ਕੰਮ ਵਿਚ ਆਪਣੇ ਬੱਚਿਆਂ ਦੀ ਤਰ੍ਹਾਂ ਮਦਦ ਕੀਤੀ ਸੀ। ਉਹ ਵੀ ਹਮੇਸ਼ਾ ਸ਼ਿੰਗਾਰੇ ਨੂੰ ਚਾਚਾ ਜੀ ਕਹਿ ਸਤਿਕਾਰ ਦਿੰਦਾ। ਹੁਣ ਉਸ ਦੇ ਦਿਲ ਅਤੇ ਦਿਮਾਗ ਉੱਪਰ ਇਸ ਗੱਲ ਦਾ ਇੰਨਾ ਗਹਿਰਾ ਅਸਰ ਹੋਇਆ ਕਿ ਉਸ ਦੀ ਰੂਹ ਅੰਦਰੋਂ-ਅੰਦਰੀ ਤੜਫਦੀ ਰਹਿੰਦੀ। ਸਮਾਂ ਲੰਘਦਾ ਗਿਆ, ਇਨ੍ਹਾਂ ਹੀ ਸੋਚਾਂ ਅੰਦਰ ਉਹ ਵੱਡਾ ਹੋਇਆ। ਪੜ੍ਹਾਈ ਵੱਲੋਂ ਬਹੁਤੀ ਦਿਲਚਸਪੀ ਨਹੀਂ ਰਹੀ ਸੀ। ਵੱਡਾ ਹੋ ਆਪਣੇ ਕਿੱਤਾ ਪੁਰਖੀ ਧੰਦੇ ਖੇਤੀ ਵਿਚ ਰੁੱਝਿਆ ਰਹਿੰਦਾ। ਘਰ ਘੱਟ ਹੀ ਆਉਂਦਾ, ਮੋਟਰ 'ਤੇ ਹੀ ਜ਼ਿਆਦਾ ਸਮਾਂ ਬਿਤਾਉਂਦਾ। ਮੋਟਰ ਪਿੰਡੋਂ ਬਾਹਰ ਨਹਿਰ ਵਾਲੇ ਰਸਤੇ ਨਾਲ ਲੱਗਦੀ ਕਰਕੇ ਅਕਸਰ ਇੱਥੇ ਜਾਂਦੇ-ਆਉਂਦੇ ਰਾਹੀ ਵੀ ਪਾਣੀ ਪੀਣ ਜਾਂ ਨਹਿਰ ਕੰਢੇ ਦਰੱਖਤਾਂ ਦੀ ਛਾਵੇਂ ਅਰਾਮ ਕਰਨ ਲਈ ਰੁਕ ਜਾਂਦੇ। ਇਸੇ ਤਰ੍ਹਾਂ ਬਹੁਤ ਸਾਰੇ ਪੋਸਤ-ਡੋਡਿਆਂ ਆਦਿਕ ਦੇ ਨਸ਼ੇ ਵੇਚਣ ਵਾਲੇ ਬਲੈਕੀਏ ਵੀ ਰੁਕਦੇ। ਹੌਲੀ-ਹੌਲੀ ਉਨ੍ਹਾਂ ਨਾਲ ਇਸ ਦੀ ਸਾਂਝ ਵਧ ਗਈ। ਆਪਣੇ ਗ਼ਮਾਂ ਨੂੰ ਘੱਟ ਕਰਨ ਲਈ ਨਸ਼ਾ ਕਰਨਾ ਸ਼ੁਰੂ ਕਰ ਦਿੱਤਾ। ਹੁਣ ਉਹ ਨਸ਼ੇ ਵਿਚ ਇੰਨਾ ਡੁੱਬ ਚੁੱਕਾ ਸੀ ਕਿ ਕਈ ਹੋਰ ਤਰ੍ਹਾਂ ਦੇ ਨਸ਼ੇ ਵੀ ਕਰਨ ਲੱਗਾ। ਪਰਿਵਾਰ ਨੇ ਉਸ ਨੂੰ ਨਸ਼ੇੜੀਆਂ ਤੋਂ ਦੂਰ ਕਰਨ ਲਈ ਵਿਆਹ ਕਰ ਕੈਨੇਡਾ ਭੇਜ ਦਿੱਤਾ। ਜਿੱਥੇ ਉਹ ਸਾਰਾ ਹਫ਼ਤਾ ਵਧੀਆ ਮਿਹਨਤ ਨਾਲ ਕੰਮ ਕਰਦਾ ਪਰ ਵੀਕਐਂਡ ਨੂੰ ਜਦ ਘਰ ਹੁੰਦਾ ਤਾਂ ਉਹੀ ਘਰਦਿਆਂ ਦੀ ਮਾੜੀ ਸੋਚ ਅਤੇ ਸ਼ਿੰਗਾਰੇ ਨੂੰ ਜ਼ਹਿਰ ਦੇ ਕੇ ਮਾਰਨ ਵਾਲੀ ਗੱਲ ਉਸ ਨੂੰ ਤੜਫਾਉਂਦੀ ਤਾਂ ਉਹ ਸ਼ਰਾਬ ਜਾਂ ਹੋਰ ਨਸ਼ੇ ਦਾ ਸੇਵਨ ਇੰਨਾ ਕਰਦਾ ਕਿ ਜਦ ਤੱਕ ਬੇਹੋਸ਼ ਨਾ ਹੋ ਜਾਵੇ। ਕਈ ਵਾਰ ਨਸ਼ੇ ਦੀ ਹਾਲਤ ਵਿਚ ਘਰੋਂ ਬਾਹਰ ਤੁਰ ਪੈਂਦਾ, ਫਿਰ ਉਸ ਨੂੰ ਲੱਭ ਕੇ ਵਾਪਸ ਘਰ ਲਿਆਉਣਾ ਪੈਂਦਾ। ਇੱਥੋਂ ਤੱਕ ਕਿ ਕਈ ਵਾਰ ਤਾਂ ਲੱਭਣ ਲਈ ਪੁਲਿਸ ਦੀ ਮਦਦ ਵੀ ਲੈਣੀ ਪਈ।

ਉਸਦੇ ਦੋ ਬੱਚੇ ਹੋਏ, ਜਿਨ੍ਹਾਂ ਨੂੰ ਉਹ ਬਹੁਤ ਪਿਆਰ ਕਰਦਾ ਸੀ। ਪਰ ਜਦ ਵੀ ਆਪਣੇ ਮਾਂ-ਬਾਪ ਦਾ ਚਿਹਰਾ ਦੇਖਦਾ ਤਾਂ ਆਪੇ ਤੋਂ ਬਾਹਰ ਹੋ ਜਾਂਦਾ ਅਤੇ ਘਰੋਂ ਬਾਹਰ ਭੱਜਦਾ। ਹੁਣ ਉਸਦੀ ਨਸ਼ਿਆਂ ਕਰਕੇ ਅਤੇ ਆਪਣੇ ਪਰਿਵਾਰ ਦੀਆਂ ਲਾਲਚੀ ਸੋਚਾਂ ਬਾਰੇ ਸੋਚ-ਸੋਚ ਇਹ ਹਾਲਤ ਹੋ ਗਈ ਸੀ ਕਿ ਉਸ ਨੇ ਘਰ ਦੇ ਮੈਂਬਰਾਂ ਅਤੇ ਹੋਰ ਲੋਕਾਂ ਨਾਲ ਦੂਰੀ ਬਣਾਉਣੀ ਸ਼ੁਰੂ ਕਰ ਦਿੱਤੀ। ਇੱਥੋਂ ਤੱਕ ਕਿ ਕਿਸੇ ਨੂੰ ਫੋਨ ਕਰਨਾ ਜਾਂ ਸੁਣਨਾ ਵੀ ਛੱਡ ਦਿੱਤਾ। ਉਹ ਜ਼ਿੰਦਗੀ ਤੋਂ ਇੰਨਾ ਅੱਕ ਚੁੱਕਿਆ ਸੀ ਕਿ ਇਸ ਮਤਲਬੀ ਅਤੇ ਲਾਲਚੀ ਦੁਨੀਆ ਅੰਦਰ ਕਿਸੇ ਨਾਲ ਕੋਈ ਨਾਤਾ ਨਹੀਂ ਰੱਖਣਾ ਚਾਹੁੰਦਾ ਸੀ। ਆਪਣਾ ਕੰਮ-ਕਾਰ ਵੀ ਘੱਟ ਕਰ ਦਿੱਤਾ ਸੀ। ਘਰ ਹੁੰਦਿਆਂ ਚੁੱਪ-ਚਾਪ ਕਿਸੇ ਕਿਨਾਰੇ ਬੈਠੇ ਰਹਿਣਾ ਉਸ ਦਾ ਸੁਭਾਅ ਬਣ ਚੁੱਕਿਆ ਸੀ। ਉਸ ਨੂੰ ਸਭ ਪਤਾ ਸੀ ਕਿ ਪਰਿਵਾਰ ਵਾਲੇ ਕਹਿ ਰਹੇ ਹਨ ਕਿ ਨਸ਼ਿਆਂ ਨੇ ਉਸ ਦੀ ਮੱਤ ਮਾਰ ਦਿੱਤੀ ਹੈ। ਕਿਸੇ ਨੇ ਅਸਲ ਵਿਚ ਉਸ ਦੀ ਮਾਨਸਿਕਤਾ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ। ਇੱਥੋਂ ਤੱਕ ਕਿ ਜੀਵਨ ਸਾਥਣ ਵੀ ਘਰ ਵਾਲਿਆਂ ਵਾਂਗ ਹੀ ਸੋਚਦੀ, ਉਸ ਨਾਲ ਅਕਸਰ ਗੁੱਸੇ ਰਹਿੰਦੀ। ਉਸ ਨੂੰ ਇਸ ਮਾਨਸਿਕਤਾ ਵਿਚੋਂ ਕੱਢਣ ਦੀ ਬਜਾਏ ਹੋਰ ਦੁਖੀ ਕਰਨ ਵਿਚ ਕੋਈ ਕਸਰ ਬਾਕੀ ਨਾ ਛੱਡਦੀ।

ਜਦ ਉਸ ਦੀ ਮਾਨਸਿਕਤਾ ਨੂੰ ਕੋਈ ਵੀ ਨਹੀਂ ਸਮਝ ਰਿਹਾ ਸੀ। ਉਸ ਦੇ ਮਨ ਅੰਦਰ ਬਹੁਤ ਸਾਰੇ ਸਵਾਲ ਖੜ੍ਹੇ ਸਨ। ਜਿਨ੍ਹਾਂ ਦੇ ਜੁਆਬ ਵਿਚ ਇਹੀ ਸਾਹਮਣੇ ਆਉਂਦਾ ਸੀ ਕਿ ਲਾਲਚ ਵਿਚ ਬੰਦਾ ਇੰਨਾ ਗਿਰ ਜਾਂਦਾ ਹੈ ਕਿ ਕਿਸੇ ਬੇਗਾਨੇ ਪੁੱਤ ਨੂੰ ਮਾਰਨ ਤੋਂ ਵੀ ਨਹੀਂ ਡਰਦਾ। ਪਰਮਾਤਮਾ ਦੇਖਦਾ ਹੈ। ਉਸ ਨੂੰ ਪਤਾ ਸੀ ਕਿ ਜਦ ਉਸ ਦੇ ਪਰਿਵਾਰ ਨੇ ਲਾਲਚ ਵੱਸ ਸ਼ਿੰਗਾਰੇ ਨੂੰ ਮਾਰਿਆ ਤਾਂ ਉਸ ਦੇ ਮਾਂ-ਬਾਪ ਤਾਂ ਜਿਉਂਦੇ ਜੀ ਮਰ ਗਏ ਸਨ। ਜਿਨ੍ਹਾਂ ਦੇ ਬੁਢਾਪੇ ਦਾ ਸਹਾਰਾ ਖ਼ਾਤਮਾ ਕਰ ਦਿੱਤਾ ਸੀ। ਉਹ ਆਪਣੇ ਮਾਪਿਆਂ ਨੂੰ ਇਸ ਬੇਗਾਨੀ, ਪਰ ਅਪਣੱਤ ਦੇ ਰਿਸ਼ਤਿਆਂ ਵਿਚੋਂ ਉਪਜੀ ਪੀੜ ਦਾ ਅਹਿਸਾਸ ਕਰਵਾਉਣਾ ਚਾਹੁੰਦਾ ਸੀ। ਇਹ ਕਿਵੇਂ ਕਰੇਗਾ ਤਾਂ ਕਿ ਉਸ ਦੇ ਪਰਿਵਾਰ ਨੂੰ ਇਸ ਵਸੀਅਤ ਖਾਤਰ ਉਜਾੜੇ ਬੇਗਾਨੇ ਘਰ ਦਾ ਪਤਾ ਲੱਗ ਸਕੇ। ਇਸ ਗੱਲ ਦਾ ਉਸ ਨੂੰ ਵੀ ਕੋਈ ਪਤਾ ਨਹੀਂ ਸੀ। ਪਰ ਉਸ ਦੇ ਅੰਦਰ ਲੱਗੀ ਅੱਗ ਨਾ ਤਾਂ ਉਸ ਨੂੰ ਜਿਉਣ ਦਿੰਦੀ ਸੀ ਨਾ ਮਰਨ।

ਹਮੇਸ਼ਾ ਵਾਂਗ ਬਾਹਰ ਸਵੇਰ ਦੀ ਸੈਰ ਕਰਨ ਜਾਣ ਲਈ ਜਦ ਘਰ ਦਾ ਦਰਵਾਜ਼ਾ ਨਿੰਦਰ ਨੇ ਖੋਲ੍ਹਿਆ ਤਾਂ ਉਸ ਦੀਆਂ ਧਾਹਾਂ ਨਿਕਲ ਗਈਆਂ। ਉਸ ਨੇ ਉੱਚੀ-ਉੱਚੀ ਚੀਕਣਾ-ਕੁਰਲਾਉਣਾ ਸ਼ੁਰੂ ਕਰ ਦਿੱਤਾ, ਸਾਨੂੰ ਕਿਸੇ ਪਾਸੇ ਦਾ ਨੀ ਛੱਡਿਆ ਵੇ ਕਰਮਿਆ ਪੁੱਤਰਾਂ। ਇਹ ਅਵਾਜ਼ ਸੁਣ ਕੇ ਅੰਦਰੋਂ ਦਰਸ਼ੀ ਬਾਹਰ ਆਇਆ ਅਤੇ ਸਾਹਮਣੇ ਦੇਖਣ ਸਾਰ ਥੱਲੇ ਡਿੱਗ ਪਿਆ। ਇੰਨੇ ਉੱਚੀ-ਉੱਚੀ ਚੀਕਾਂ ਸੁਣ ਗਵਾਂਢੀ ਵੀ ਬਾਹਰ ਆ ਚੁੱਕੇ ਸਨ। ਕਿਸੇ ਨੂੰ ਕੁਝ ਨਹੀਂ ਸੁਝ ਰਿਹਾ ਸੀ ਕਿ ਕੀ ਕਰੇ। ਘਰ ਦੇ ਬਾਹਰ ਦਰਵਾਜ਼ੇ ਦੇ ਸਾਹਮਣੇ ਦਰੱਖਤ ਨਾਲ ਕਰਮੇ ਦੀ ਲਾਸ਼ ਲਟਕ ਰਹੀ ਸੀ। ਵਸੀਅਤ ਖ਼ਾਤਰ ਬੇਗਾਨੇ ਪੁੱਤ ਮਾਰਨ ਵਾਲਿਆਂ ਦਾ ਵਾਰਸ, ਵਸੀਅਤਾਂ ਵਾਲੀ ਸੋਚ ਤੋਂ ਦੂਰ ਜਾ ਚੁੱਕਿਆ ਸੀ। ਉਹ ਆਪਣੇ ਸਾਹਾਂ ਤੋਂ ਹੱਥ ਧੋ ਬੈਠਾ ਸੀ। ਇਉਂ ਜਾਪ ਰਿਹਾ ਸੀ ਜਿਵੇਂ ਉਹ ਆਪਣੇ ਘਰਦਿਆਂ ਨੂੰ ਕਹਿ ਰਿਹਾ ਹੋਵੇ ਕਿ ਜਿਹੋ ਜਿਹਾ ਤੁਸੀਂ ਵਸੀਅਤ ਲਈ ਕੀਤਾ ਸੀ। ਉਸ ਦਾ ਹਾਲ ਹੁਣ ਤੁਸੀਂ ਵੀ ਭੁਗਤੋ। ਤਾਰ ਦੇ ਕੁੰਡੇ ਟੰਗੀ ਵਸੀਅਤ ਵਾਂਗ ਅੱਜ ਉਹ ਗਲ ਵਿਚ ਰੱਸਾ ਪਾਈ ਆਪਣੇ ਹੀ ਘਰ ਦੇ ਦਰਵਾਜ਼ੇ ਲਟਕ ਰਿਹਾ ਸੀ। ਕਿਸੇ ਨੇ ਗੁਆਂਢ ਵਿਚੋਂ ਪੁਲਿਸ ਨੂੰ ਕਾਲ ਕਰ ਦਿੱਤੀ ਸੀ। ਐਂਬੂਲੈਂਸ ਅਤੇ ਪੁਲਿਸ ਅਧਿਕਾਰੀ ਵੀ ਪਹੁੰਚ ਚੁੱਕੇ ਸਨ। ਜਿਨ੍ਹਾਂ ਨੇ ਉਸ ਸਰੀਰ ਨੂੰ ਥੱਲੇ ਉਤਾਰਿਆ ਅਤੇ ਮ੍ਰਿਤਕ ਐਲਾਨ ਕਰਨ ਬਾਅਦ ਬਾਕੀ ਕਾਰਵਾਈ ਲਈ ਨਾਲ ਲੈ ਗਏ। ਹੁਣ ਘਰ ਦੇ ਅੰਦਰ ਚੀਕਾਂ ਮਾਰਦੀ ਹੋਈ ਨਿੰਦਰ ਦਰਸ਼ੀ ਨੂੰ ਮੇਹਣੇ ਮਾਰ ਰਹੀ ਸੀ, "ਕੰਜਰੋ ਥੋਡੀ ਇਸ ਵਸੀਅਤ ਨੇ ਪਹਿਲਾਂ ਰੱਬ ਵਰਗੇ ਸ਼ਿੰਗਾਰੇ ਨੂੰ ਮਾਰਿਆ ਅਤੇ ਉਹੀ ਅੱਜ ਮੇਰੇ ਪੁੱਤ ਨੂੰ ਲੈ ਬੈਠੀ, ਥੋਡਾ ਕੱਖ ਨਾ ਰਹੇ।"

ਹੁਣ ਇਕ ਪਾਸੇ ਬੈਠੇ ਦਰਸ਼ੀ ਨੂੰ ਪਛਤਾਵਾ ਹੋ ਰਿਹਾ ਸੀ ਕਿ ਉਸ ਨੇ ਆਪਣੇ ਭਰਾਵਾਂ ਨਾਲ ਰਲ ਆਪਣੇ ਭਰਾਵਾਂ ਵਰਗੇ ਭਰਾਵਾਂ ਦੇ ਦੋਸਤ ਸ਼ਿੰਗਾਰੇ ਨੂੰ ਸ਼ਰਾਬ ਵਿਚ ਜ਼ਹਿਰੀਲਾ ਪਾਰਾ ਦੇ ਕੇ ਮਾਰਿਆ। ਹੁਣ ਇਸ ਦਾ ਖਮਿਆਜ਼ਾ ਉਹ ਖ਼ੁਦ ਭੁਗਤ ਰਿਹਾ ਹੈ। ਨਜ਼ਦੀਕ ਬੈਠੀ ਬੇਬੇ ਕਹਿ ਰਹੀ ਸੀ ਕਿ ਇਹ ਥੋਡੇ ਲਾਲਚਾਂ ਦਾ ਨਤੀਜਾ ਹੈ। ਤੁਸੀਂ ਪਾਪੀਆਂ ਨੇ ਮੇਰੇ ਪੁੱਤ ਨੂੰ ਮਾਰ ਦਿੱਤਾ। ਕਰਮਾ ਆਪਣੀ ਜ਼ਿੰਦਗੀ ਦੀ ਤੜਫ ਅਤੇ ਪਰਿਵਾਰ ਦੇ ਪਾਪਾਂ ਦੀ ਬਲੀ ਚੜ੍ਹ ਚੁੱਕਿਆ ਸੀ।

# ਫ਼ਿਲਮ ਲੋਕ


## ਅਦਾਕਾਰਾ ਯਾਮੀ ਗੌਤਮ ਦੀ ਬੱਲੇ ਬੱਲੇ



ਅਦਾਕਾਰਾ ਯਾਮੀ ਗੌਤਮ ਜਿਸ ਅੰਦਾਜ਼ ਵਿਚ ਵੱਖ-ਵੱਖ ਭੂਮਿਕਾਵਾਂ ਨਾਲ ਤਜਰਬੇ ਕਰਦੀ ਹੈ, ਉਸ ਲਈ ਹਮੇਸ਼ਾ ਉਸ ਦੀ ਸਰਾਹਨਾ ਕੀਤੀ ਜਾਂਦੀ ਹੈ।ਇਕ ਦਹਾਕਾ ਲੰਮੇ ਕਰੀਅਰ ਵਿਚ ਯਾਮੀ ਨੇ ਆਪਣੀ ਵਧੀਆ ਅਦਾਕਾਰੀ ਤੇ ਹੁਨਰ ਨਾਲ ਕਈ ਫਿਲਮਾਂ ਵਿਚ ਆਪਣੇ ਕਿਰਦਾਰਾਂ ਨੂੰ ਯਾਦਗਾਰ ਬਣਾਇਆ ਹੈ। ਉਸ ਦੇ ਕੋਲ ਗਜਬ ਦੀ ਖ਼ੂਬਸੂਰਤੀ ਦੇ ਨਾਲ-ਨਾਲ ਬਿਹਤਰੀਨ ਐਕਟਿੰਗ ਦਾ ਹੁਨਰ ਵੀ ਹੈ। ਫਿਲਮਾਂ ਵਿਚ ਇਕ ਵੱਖਰੀ ਪਛਾਣ ਬਣਾ ਚੁੱਕੀ ਯਾਮੀ ਗੌਤਮ ਬਾਲੀਵੁੱਡ ਦੀਆਂ ਉਨ੍ਹਾਂ ਅਭਿਨੇਤਰੀਆਂ ਵਿਚੋਂ ਹੈ, ਜੋ ਫਿਲਮ-ਦਰ-ਫ਼ਿਲਮ ਮਜਬੂਤ ਭੂਮਿਕਾਵਾਂ ਜ਼ਰੀਏ ਇਕ ਸਮਰੱਥ ਅਭਿਨੇਤਰੀ ਦੇ ਰੂਪ ਵਿਚ ਆਪਣਾ ਮੁਕਾਮ ਬਣਾਉਂਦੇ ਹੋਏ ਲਗਾਤਾਰ ਅੱਗੇ ਵਧ ਰਹੀ ਹੈ। 28 ਨਵੰਬਰ, 1958 ਨੂੰ ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ ਵਿਚ ਪੈਦਾ ਹੋਈ ਯਾਮੀ ਗੌਤਮ ਕਾਲਜ ਦੇ ਦਿਨਾਂ ਵਿਚ ਬਿਊਟੀ ਕੁਈਨ ਆਫ਼ ਚੰਡੀਗੜ੍ਹ ਰਹਿ ਚੁੱਕੀ ਹੈ। ਕਾਲਜ ਦੇ ਦਿਨਾਂ ਵਿਚ ਹੀ ਉਸ ਦੀ ਖ਼ੂਬਸੂਰਤੀ ਤੋਂ ਪ੍ਰਭਾਵਿਤ ਹੋ ਕੇ ਉਸ ਦੀਆਂ ਕੁਝ ਸਹੇਲੀਆਂ ਨੇ ਉਸ ਨੂੰ ਮਾਡਲਿੰਗ ਖੇਤਰ 'ਚ ਜਾਣ ਦੀ ਸਲਾਹ ਦਿੱਤੀ। ਇਸ ਤਰ੍ਹਾਂ ਯਾਮੀ ਗੌਤਮ ਨੇ ਇਕ ਮਾਡਲ ਦੇ ਰੂਪ ਵਿਚ ਆਪਣਾ ਕਰੀਅਰ ਸ਼ੁਰੂ ਕਰਦੇ ਹੋਏ ਕਈ ਪ੍ਰਸਿੱਧ ਕੰਪਨੀਆਂ ਦੀਆਂ ਐਡ ਫ਼ਿਲਮਾਂ ਕੀਤੀਆਂ। ਯਾਮੀ ਗੌਤਮ ਨੇ ਲੜੀਵਾਰ 'ਚਾਂਦ ਕੇ ਪਾਰ ਚਲੋਂ ਤੋਂ ਛੋਟੇ ਪਰਦੇ 'ਤੇ ਕਦਮ ਰੱਖਿਆ ਸੀ। ਇਸ ਤੋਂ ਬਾਅਦ ਕਲਰ ਚੈਨਲ ਦੇ ਬੇਅ 'ਯੇ ਪਿਆਰ ਨਾ ਹੋਗਾ ਕਮ ਤੇ ਉਸ ਨੂੰ ਪ੍ਰਸਿੱਧੀ ਮਿਲੀ। ਉਸ ਨੇ ਐਨ.ਡੀ.ਟੀ.ਵੀ ਇਮੇਜਿਨ 'ਤੇ ਪ੍ਰਸਾਰਿਤ ਹੋਣ ਵਾਲੇ 'ਮੀਠੀ ਛੁਰੀ ਨੰਬਰ : ਅਤੇ ਕਲਰਸ 'ਤੇ ਪ੍ਰਸਾਰਿਤ ਹੋਣ ਵਾਲੇ 'ਕਿਚਨ ਚੈਂਪੀਅਨ ਸੀਜ਼ਨ-1' ਵਿਚ ਬਤੌਰ ਪ੍ਰਤੀਯੋਗੀ ਹਿੱਸਾ ਲਿਆ। ਟੀ ਵੀ 'ਤੇ ਕੰਮ ਕਰਨ ਦੌਰਾਨ ਯਾਮੀ ਗੌਤਮ ਨੂੰ ਕੰਨੜ ਫ਼ਿਲਮ 'ਉਲਾਸ ਉਤਸ਼ਾਹ ਮਿਲੀ। ਇਸ ਤੋਂ ਬਾਅਦ ਫ਼ਿਲਮ ਵਿੱਕੀ ਡੋਨਰ' ਵਿਚ ਮੁੱਖ ਭੂਮਿਕਾ ਦੇ ਨਾਲ ਉਸ ਨੇ ਬਾਲੀਵੁੱਡ ਵਿਚ ਕਦਮ ਰੱਖਿਆ। ਕੰਨੜ ਅਤੇ ਹਿੰਦੀ ਫ਼ਿਲਮਾਂ ਤੋਂ ਇਲਾਵਾ ਯਾਮੀ ਨੇ ਪੰਜਾਬੀ ਫ਼ਿਲਮ 'ਸ਼ਾਵਾਨੀ ਗਿਰਧਾਰੀ ਲਾਲ' ਵਿਚ ਇਕ ਛੋਟੀ ਕੈਮਿਓ ਭੂਮਿਕਾ ਵੀ ਕੀਤੀ। 4 ਜੂਨ, 2021 ਨੂੰ ਯਾਮੀ ਨੇ ਫਿਲਮ ਨਿਰਮਾਤਾ ਆਦਿਤਿਆ ਧਰ ਨਾਲ ਵਿਆਹ ਕੀਤਾ। ਇਸ ਤੋਂ ਬਾਅਦ ਉਹ ਇਕ ਬੇਟੇ ਦੀ ਮਾਂ ਬਣੀ। ਉਸ ਦੇ ਬੇਟੇ ਦਾ ਨਾਂਅ ਵੇਦਾਵਿਦ ਹੈ। ਮਾਂ ਬਣਨ ਤੋਂ ਬਾਅਦ ਯਾਮੀ ਗੌਤਮ ਇਕ ਵਾਰ ਫਿਰ ਵੱਡੇ ਪਰਦੇ 'ਤੇ ਧਮਾਕੇਦਾਰ ਵਾਪਸੀ ਕਰਨ ਜਾ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਯਾਮੀ ਗੌਤਮ ਆਪਣੇ ਪਤੀ ਨਾਲ ਤਲਾਕ ਤੋਂ ਬਾਅਦ ਮੈਂਟੇਨੈਂਸ ਹਾਸਿਲ ਕਰਨ ਲਈ ਕਾਨੂੰਨੀ ਲੜਾਈ ਲੜ ਕੇ ਮਸ਼ਹੂਰ ਹੋਈ ਸ਼ਾਹ ਬਾਨੋ ਦੇ ਜੀਵਨ 'ਤੇ ਆਧਾਰਿਤ ਬਾਇਓਪਿਕ ਵਿਚ ਮੁੱਖ ਭੂਮਿਕਾ ਵਿਚ ਨਜ਼ਰ ਆਵੇਗੀ।

1985 ਵਿਚ ਤਿੰਨ ਤਲਾਕ, ਔਰਤਾਂ ਦੇ ਅਧਿਕਾਰ ਅਤੇ ਮੁਸਲਿਮ ਪਰਸਨਲ ਲਾਅ ਨਾਲ ਜੁੜੇ ਇਸ ਕੇਸ ਦਾ ਫੈਸਲਾ ਸ਼ਾਹ ਬਾਨੋ ਦੇ ਪੱਖ ਵਿਚ ਆਇਆ ਸੀ। ਸੁਪਰੀਮ ਕੋਰਟ ਦਾ ਉਹ ਫੈਸਲਾ ਦੇਸ਼ ਭਰ ਵਿਚ ਸਮਾਜਿਕ ਅਤੇ ਕਾਨੂੰਨੀ ਚਰਚਾ ਦਾ ਵਿਸ਼ਾ ਬਣ ਗਿਆ ਸੀ। ਸ਼ਾਹ ਬਾਨੋ ਦੀ ਇਸ ਜੀਵਨੀ ਅਧਾਰਿਤ ਫਿਲਮ ਜ਼ਰੀਏ ਯਾਮੀ ਗੌਤਮ ਲੋਕਾਂ ਨੂੰ ਇਸ ਕੇਸ ਦੀ ਅਹਿਮੀਅਤ ਸਮਝਾਏਗੀ। ਯਾਮੀ ਅਨੁਸਾਰ ਇਹ ਉਸ ਦੇ ਕਰੀਅਰ ਦਾ ਆਈਕਾਨਿਕ ਮੋੜ ਹੋਵੇਗਾ। ਯਾਮੀ ਗੌਤਮ ਜਾਣਦੀ ਹੈ ਕਿ ਇਸ ਸਮੇਂ ਉਹ ਆਪਣੇ ਕਰੀਅਰ ਦੇ ਸਭ ਤੋਂ ਉੱਚੇ ਮੁਕਾਮ 'ਤੇ ਹੈ। ਸ਼ਾਹ ਬਾਨੋ ਦੇ ਇਸ ਕਿਰਦਾਰ ਨੂੰ ਉਹ ਇਕ ਨਵੀਂ ਚੁਣੌਤੀ ਮੰਨਦੇ ਹੋਏ ਸਖ਼ਤ ਮਿਹਨਤ ਕਰ ਰਹੀ ਹੈ। ਇਸ ਨਵੀਂ ਚੁਣੌਤੀ ਨੂੰ ਲੈ ਕੇ ਉਹ ਬੇਹੱਦ ਉਤਸ਼ਾਹੀ ਨਜ਼ਰ ਆ ਰਹੀ ਹੈ।

## ਨੀਲ ਨਿਤਿਨ ਮੁਕੇਸ਼ ਦੀ ਵਾਪਸੀ ਵੀ ਫਲਾਪ ਰਹੀ



ਨੀਲ ਨਿਤਿਨ ਮੁਕੇਸ਼ ਨੇ ਰਾਜੇਸ਼ ਖੰਨਾ, ਅਨਿਲ ਕਪੂਰ, ਰਿਸ਼ੀ ਕਪੂਰ, ਅਨੁਪਮ ਖੇਰ, ਹੇਮਾ ਮਾਲਿਨੀ, ਮਿਨਾਕਸ਼ੀ ਸ਼ੇਸ਼ਾਧਰੀ ਵਰਗੇ ਐਕਟਰਾਂ ਦੀ ਫ਼ਿਲਮ 'ਵਿਜੈ' (1988) ਵਿਚ ਬਤੌਰ ਇਕ ਬਾਲ ਕਲਾਕਾਰ ਤੋਂ ਸ਼ੁਰੂਆਤ ਕੀਤੀ ਸੀ। 'ਵਿਜੈ' ਤੋਂ ਇਲਾਵਾ ਗੋਵਿੰਦਾ ਅਤੇ ਕਿਮੀ ਕਾਟਕਰ ਦੀ ਫ਼ਿਲਮ 'ਜੈਸੀ ਕਰਨੀ ਵੈਸੀ ਭਰਨੀ' ਵਿਚ ਵੀ ਉਹ ਬਾਲ ਕਲਾਕਾਰ ਦੇ ਤੌਰ 'ਤੇ ਨਜ਼ਰ ਆਏ ਸਨ। ਨੀਲ ਨੇ 'ਮੁਝਸੇ ਦੋਸਤੀ ਕਰੋਗੀ' ਵਿਚ ਸਹਾਇਕ ਨਿਰੇਦਸ਼ਕ ਦੇ ਤੌਰ 'ਤੇ ਕੰਮ ਕਰਨ ਤੋਂ ਬਾਅਦ 2007 ਵਿਚ ਸ੍ਰੀਰਾਮ ਰਾਘਵ ਦੀ ਫ਼ਿਲਮ 'ਜਾਨੀ ਗਦਾਰ ਤੋਂ ਬਤੌਰ ਮੁੱਖ ਭੂਮਿਕਾ ਨਾਲ ਬਾਲੀਵੁੱਡ ਵਿਚ ਸ਼ੁਰੂਆਤ ਕੀਤੀ। ਇਸ ਫ਼ਿਲਮ ਲਈ ਉਸ ਨੂੰ ਬੈਸਟ ਮੇਲ ਡੈਬਿਊ ਕੈਟੇਗਰੀ ਲਈ ਫ਼ਿਲਮਫੇਅਰ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਪਰ ਉਸ ਦੀ ਇਹ ਫ਼ਿਲਮ ਸੁਪਰ ਫਲਾਪ ਰਹੀ। ਨੀਲ ਨਿਤਿਨ ਮੁਕੇਸ਼ ਨੂੰ ਪਹਿਲੀ ਅਤੇ ਆਖਰੀ ਕਾਮਯਾਬੀ ਕਬੀਰ ਖਾਨ ਦੀ ਡਰਾਮਾ, ਥ੍ਰਿਲਰ 'ਨਿਊਯਾਰਕ' ਤੋਂ ਮਿਲੀ, ਜਿਸ ਵਿਚ ਉਸ ਨੂੰ ਪੁਰਸਕਾਰ ਲਈ ਨਾਮਜ਼ਦਗੀ ਮਿਲੀ ਸੀ। ਇਸ ਤੋਂ ਬਾਅਦ ਨੀਲ ਨਿਤਿਨ ਮੁਕੇਸ਼ ਸਾਇੰਸ-ਫ਼ਿਲਮ 'ਆ ਦੇਖੋ ਜ਼ਰਾ', ਦੀਪਿਕਾ ਪਾਦੂਕੋਨ ਦੇ ਨਾਲ ਪ੍ਰਦੀਪ ਸਰਕਾਰ ਦੀ ਐਕਸ਼ਨ, ਡਰਾਮਾ ਫ਼ਿਲਮ 'ਲਫੰਗੇ ਪਰਿੰਦੇ, ਸੁਧੀਰ ਮਿਸ਼ਰਾ ਦੀ ਡਰਾਮਾ, ਥ੍ਰਿਲਰ 'ਤੇਰਾ ਕਿਆ ਹੋਗਾ ਜਾਨੀ', ਵਿਸ਼ਾਲ ਭਾਰਦਵਾਜ ਦੀ ਬਲੈਕ ਕਾਮੇਡੀ, ਡਰਾਮਾ ਫ਼ਿਲਮ '7 ਖ਼ੂਨ ਮਾਫ਼', ਅਬਾਸ ਮਸਤਾਨ ਦੀ 'ਪਲੇਅਰਜ਼' ਬਿਜੋਏ ਨਾਂਬੀਆਰ ਦੀ ਐਕਸ਼ਨ, ਡਰਾਮਾ 'ਡੇਵਿਡ' ਅਤੇ ਇਰੋਸ ਇੰਟਰਨੈਸ਼ਨਲ ਦੀ ਡਰਾਉਣੀ ਫ਼ਿਲਮ '3ਜੀ' ਵਿਚ ਨਜ਼ਰ ਆਏ ਪਰ ਇਨ੍ਹਾਂ ਵਿਚੋਂ ਕੋਈ ਵੀ ਫ਼ਿਲਮ ਸਫਲ ਨਹੀਂ ਰਹੀ। ਇਸ ਤਰ੍ਹਾਂ ਨੀਲ ਨੇ ਏ.ਆਰ. ਮੁਰੂਗਾਦਾਸ ਦੀ ਫ਼ਿਲਮ 'ਕੱਥੀ' ਤੋਂ ਤਾਮਿਲ ਸਿਨੇਮਾ ਵਿਚ ਸ਼ੁਰੂਆਤ ਕੀਤੀ। ਫ਼ਿਲਮ 'ਕਵਚਮ' ਜ਼ਰੀਏ ਨੀਲ ਨੇ ਤੇਲਗੂ ਫ਼ਿਲਮਾਂ ਵਿਚ ਕਦਮ ਰੱਖਿਆ ਪਰ ਦੱਖਣ ਫ਼ਿਲਮ ਸਨਅਤ ਵਿਚ ਵੀ ਉਸ ਦੀ ਗੱਲ ਨਹੀਂ ਬਣ ਸਕੀ।

'ਪ੍ਰੇਮ ਰਤਨ ਧਨ ਪਾਇਓ' ਅਤੇ 'ਗਲੋਮਾਲ ਅਗੇਨ' ਵਰਗੀਆਂ ਨੀਲ ਦੀਆਂ ਕੁਝ ਹੋਰ ਫ਼ਿਲਮਾਂ ਹਿੱਟ ਵੀ ਰਹੀਆਂ ਪਰ ਉਸ ਵਿਚ ਨੀਲ ਦਾ ਯੋਗਦਾਨ ਨਾ ਦੇ ਬਰਾਬਰ ਸੀ। ਇਸ ਤਰ੍ਹਾਂ ਆਪਣੇ ਕਰੀਅਰ ਵਿਚ ਲਗਾਤਾਰ 11 ਫਲਾਪ ਫ਼ਿਲਮਾਂ ਦੇਣ ਤੋਂ ਬਾਅਦ ਨੀਲ ਨਿਤਿਨ ਮੁਕੇਸ਼ ਦਾ ਐਕਟਿੰਗ ਕਰੀਅਰ ਬੁਰੀ ਤਰ੍ਹਾਂ ਫਲਾਪ ਰਿਹਾ।

## ਰਣਬੀਰ ਕਪੂਰ ਖਲਨਾਇਕ ਬਣੇਗਾ



ਆਖ਼ਰਿਕਾਰ ਯਸ਼ਰਾਜ ਫ਼ਿਲਮਜ਼ ਦੀ ਵੱਡੇ ਬਜਟ ਵਾਲੀ ਐਕਸ਼ਨ ਨਾਲ ਭਰਪੂਰ ਫਿਲਮ 'ਧੂਮ-4' ਰਣਬੀਰ ਕਪੂਰ ਦੇ ਖਾਤੇ ਵਿਚ ਆ ਚੁੱਕੀ ਹੈ। ਇਸ ਫ਼ਿਲਮ ਵਿਚ ਰਣਬੀਰ ਕਪੂਰ ਨਾਂਹਪੱਖੀ ਭੂਮਿਕਾ ਵਿਚ ਨਜ਼ਰ ਆਵੇਗਾ। 'ਧੂਮ-4' ਵਿਚ ਆਪਣੇ ਦਾਖ਼ਲੇ ਨਾਲ ਰਣਬੀਰ ਕਪੂਰ ਬੇਹੱਦ ਖੁਸ਼ ਹੈ। ਇਸ ਫ੍ਰੈਂਚਾਈਜ਼ੀ ਦੀਆਂ ਫ਼ਿਲਮਾਂ ਵਿਚ ਜੇ ਦੀਕਸ਼ਿਤ ਦਾ ਕਿਰਦਾਰ ਨਿਭਾਉਣ ਵਾਲੇ ਅਭਿਸ਼ੇਕ ਬੱਚਨ ਅਤੇ ਇੰਸਪੈਕਟਰ ਅਲੀ ਅਕਬਰ ਫ਼ਤਹਿ ਖਾਨ ਦਾ ਕਿਰਦਾਰ ਨਿਭਾਉਣ ਵਾਲੇ ਉਦੈ ਚੋਪੜਾ, ਦੋਵਾਂ ਫ਼ਿਲਮਾਂ ਤੋਂ ਬਾਹਰ ਹੋ ਚੁੱਕੇ ਹਨ। 'ਧੂਮ' ਸੀਰੀਜ਼ ਦੀ ਸ਼ੁਰੂਆਤ ਸਾਲ 2004 ਵਿਚ ਹੋਈ ਸੀ। ਇਸ ਫ੍ਰੈਂਚਾਈਜੀ ਦੇ ਹੁਣ ਤੱਕ ਤਿੰਨ ਹਿੱਸੇ ਰਿਲੀਜ਼ ਹੋ ਚੁੱਕੇ ਹਨ। ਫ੍ਰੈਂਚਾਈਜ਼ੀ ਦੀ ਪਹਿਲੀ ਫ਼ਿਲਮ 'ਧੂਮ' ਵਿਚ ਅਭਿਸ਼ੇਕ ਬੱਚਨ, ਜਾਨ ਅਬ੍ਰਾਹਮ, ਉਦੈ ਚੋਪੜਾ ਅਹਿਮ ਭੂਮਿਕਾਵਾਂ ਵਿਚ ਸਨ, ਜਦ ਕਿ 'ਧੂਮ-2' ਵਿੱਚ ਅਭਿਸ਼ੇਕ ਬੱਚਨ, ਰਿਤਿਕ ਰੌਸ਼ਨ ਅਤੇ ਐਸ਼ਵਰਿਆ ਰਾਏ ਮੁੱਖ ਭੂਮਿਕਾਵਾਂ ਵਿਚ ਸਨ। ਸਾਲ 2013 ਵਿਚ ਰਿਲੀਜ਼ ਹੋਈ 'ਧੂਮ-3' ਵਿਚ ਦੋਹਰੀ ਭੂਮਿਕਾ ਨਿਭਾਈ ਸੀ।

ਫਿਲਮ ਵਿਚ ਉਸ ਖਾਨ ਨਾਲ ਕੈਟਰੀਨਾ ਕੈਫ ਸੀ। ਇਸ ਤਰ੍ਹਾਂ ਹੁਣ ਦਰਸ਼ਕਾਂ ਨੂੰ ਫ਼ਿਲਮ 'ਧੂਮ-4' ਦਾ ਇੰਤਜ਼ਾਰ ਹੈ। ਰਣਬੀਰ ਨੇ ਇਸ ਫ਼ਿਲਮ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਅਯਾਨ ਮੁਖਰਜੀ ਦੇ ਨਿਰਦੇਸ਼ਨ ਵਿਚ ਬਣਨ ਵਾਲੀ ਇਸ ਫ਼ਿਲਮ ਦੀ ਸ਼ੂਟਿੰਗ ਸਾਲ 2026 'ਚ ਅਪ੍ਰੈਲ ਵਿੱਚ ਹੋਵੇਗੀ। 'ਧੂਮ-3' ਨਿਰਦੇਸ਼ਤ ਕਰਨ ਵਾਲੇ ਵਿਜੈ ਕ੍ਰਿਸ਼ਨ ਅਚਾਰਿਆ ਨੇ 'ਧੂਮ-4' ਦਾ ਲੇਖਨ ਕੰਮ ਕੀਤਾ ਹੈ। ਨਿਰਮਾਤਾ ਇਸ ਵਾਰ ਫ਼ਿਲਮ ਦਾ ਵਿਸਥਾਰ ਨਹੀਂ। ਸਗੋਂ ਇਸ ਨੂੰ ਨਵੇਂ ਤੌਰ 'ਤੇ ਬਣਾ ਰਹੇ ਹਨ। ਇਸ ਦੀ ਕਹਾਣੀ ਨਵੇਂ ਸਿਰੇ ਤੋਂ ਲਿਖਣ ਤੋਂ ਬਾਅਦ ਕਹਾਣੀ ਪੱਕੀ ਹੋ ਚੁੱਕੀ ਹੈ ਅਤੇ ਇਸ ਦੀ ਟੀਮ ਹੁਣ ਕਾਸਟਿੰਗ 'ਤੇ ਕੰਮ ਸ਼ੁਰੂ ਕਰਨ ਵਾਲੀ ਹੈ।

ਸੂਤਰਾਂ ਅਨੁਸਾਰ ਨੌਜਵਾਨ ਪੀੜੀ ਦੇ ਹੀ ਦੋ ਨਵੇਂ ਹੀਰੋਆਂ ਨੂੰ ਪੁਲਿਸ ਅਫ਼ਸਰ ਦੀ ਭੂਮਿਕਾ ਵਿਚ ਕਾਸਟ ਕੀਤਾ ਜਾਵੇਗਾ। ਦੱਖਣ ਦੀ ਇਕ ਅਦਾਕਾਰਾ ਦਾ ਨਾਂਅ ਮੁੱਖ ਭੂਮਿਕਾ ਲਈ ਲਗਭਗ ਫਾਈਨਲ ਕੀਤਾ ਜਾ ਚੁੱਕਾ ਹੈ, ਜਦ ਕਿ ਹੋਰ ਔਰਤ ਦੀ ਮੁੱਖ ਭੂਮਿਕਾ ਲਈ ਭਾਲ ਜਾਰੀ ਹੈ। ਖਲਨਾਇਕ ਦੀ ਭੂਮਿਕਾ ਲਈ ਕਿਸੇ ਦੱਖਣ ਦੇ ਐਕਟਰ ਨੂੰ ਲਏ ਜਾਣ 'ਤੇ ਵਿਚਾਰ ਹੋ ਰਿਹਾ ਹੈ। ਸੂਤਰਾਂ ਅਨੁਸਾਰ ਨੌਜਵਾਨ ਪੀੜ੍ਹੀ ਦੇ ਹੀ ਦੋ ਨਵੇਂ ਹੀਰੋ ਨੂੰ ਪੁਲਿਸ ਅਫ਼ਸਰ ਦੀ ਭੂਮਿਕਾ ਵਿਚ ਕਾਸਟ ਕੀਤਾ ਜਾਵੇਗਾ। ਦੱਖਣ ਦੀ ਇਕ ਅਦਾਕਾਰਾ ਦਾ ਨਾਂਅ ਮੁੱਖ ਭੂਮਿਕਾ ਲਈ ਲਗਭਗ ਫਾਈਨਲ ਕੀਤਾ ਜਾ ਚੁੱਕਾ ਹੈ, ਜਦ ਕਿ ਹੋਰ ਔਰਤ ਦੀ ਮੁੱਖ ਭੂਮਿਕਾ ਲਈ ਭਾਲ ਜਾਰੀ ਹੈ। ਖਲਨਾਇਕ ਦੀ ਭੂਮਿਕਾ ਲਈ ਕਿਸੇ ਦੱਖਣ ਦੇ ਐਕਟਰ ਨੂੰ ਲਏ ਜਾਣ 'ਤੇ ਵਿਚਾਰ ਹੋ ਰਿਹਾ ਹੈ। ਰਣਬੀਰ ਕਪੂਰ ਫ਼ਿਲਮ 'ਧੂਮ-4' ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਜ਼ਿਆਦਾ ਤੋਂ ਜ਼ਿਆਦਾ ਮੌਜੂਦ ਪ੍ਰਾਜੈਕਟਾਂ ਦੀ ਸ਼ੂਟਿੰਗ ਖ਼ਤਮ ਕਰ ਲੈਣਾ ਚਾਹੁੰਦੇ ਹਨ।


-0-



## ਅਨੰਨਿਆ ਪਾਂਡੇ: ਸਪੱਸ਼ਟਵਾਦੀ ਨਾਇਕਾ

ਦੋ ਸਾਲ ਪਹਿਲਾਂ ਅਨੰਨਿਆ ਪਾਂਡੇ ਦੀ ਫਿਲਮ 'ਲਾਈਗਰ' ਬੁਰੀ ਤਰ੍ਹਾਂ ਫੇਲ੍ਹ ਹੋਈ ਸੀ, ਇਸ ਦੇ ਬਾਵਜੂਦ ਬਾਲੀਵੁੱਡ ਵਿਚ ਉਸ ਨੇ ਆਪਣਾ ਚੰਗਾ ਮੁਕਾਮ ਬਣਾਇਆ ਹੈ। ਹਾਲਾਂਕਿ 'ਲਾਈਗਰ' ਬਾਬਤ ਖ਼ੁਦ ਮਿਸ ਪਾਂਡੇ ਨੇ ਆਪਣੀ ਛੋਟੀ ਉਮਰ ਦਾ ਹਵਾਲਾ ਦਿੱਤਾ ਸੀ ਤੇ ਪਿਤਾ ਜੀ ਨਾਲ ਇਸ ਬਾਬਤ ਸਲਾਹ ਮਸ਼ਵਰਾ ਵੀ ਕੀਤਾ ਸੀ। ਇਥੇ ਧੀ ਫ਼ਿਲਮ ਨਹੀਂ ਸੀ ਕਰਨਾ ਚਾਹੁੰਦੀ ਪਰ ਪਿਤਾ ਚੰਕੀ ਪਾਂਡੇ ਨੇ ਕਿਹਾ ਸੀ ਕਿ ਮਸਾਲਾ ਫ਼ਿਲਮ ਹੈ, ਚੱਲ ਜਾਣੀ ਹੈ ਤੇ ਅਨੰਨਿਆ ਨੇ ਫ਼ਿਲਮ ਆਪਣੇ ਪਿਤਾ ਜੀ ਦੇ ਕਹਿਣ 'ਤੇ ਕਰ ਲਈ ਸੀ ਪਰ ਹੁਣ ਚੰਕੀ ਆਖਦੇ ਨੇ ਉਨ੍ਹਾਂ ਦਾ ਫ਼ੈਸਲਾ ਗਲਤ ਸੀ ਤੇ ਛੋਟੀ ਉਮਰ ਦੀ ਅਨੰਨਿਆ ਪਾਂਡੇ ਦਾ ਇਹ ਕਹਿਣਾ ਸਹੀ ਸੀ ਕਿ ਇਹ ਫ਼ਿਲਮ ਉਹ ਨਾ ਹੀ ਕਰੇ। ਉਸ ਦਿਨ ਤੋਂ ਬਾਅਦ ਅਨੰਨਿਆ ਜ਼ਰੂਰ ਆਪਣੇ ਪਿਤਾ ਜੀ ਤੋਂ ਅੱਜ ਤੱਕ ਸਲਾਹ ਮੰਗਦੀ ਹੈ ਪਰ ਉਹ ਆਖਦੇ ਨੇ ਕਿ ਉਨ੍ਹਾਂ ਨੇ ਬੇਟੀ ਨੂੰ ਸਾਫ਼ ਕਿਹਾ ਹੈ ਕਿ ਉਹ ਆਪਣੇ ਫ਼ੈਸਲੇ ਆਪ ਕਰਿਆ ਕਰੋ ਕਿਉਂਕਿ ਉਹ ਨਵੇਂ ਜ਼ਮਾਨੇ ਦੀ ਹੈ ਤੇ ਮੈਂ ਪੁਰਾਣੇ ਸਕੂਲ ਦਾ ਪੁਰਾਣਾ ਵਿਦਿਆਰਥੀ ਹਾਂ। ਅਗਲੇ ਪੰਜ ਸਾਲਾਂ ਦੌਰਾਨ ਉਹ ਵਿਆਹ ਕਰਵਾ ਕੇ ਮਾਂ ਬਣਨ ਦਾ ਸੁਪਨਾ ਲੈ ਰਹੀ ਹੈ ਉਹ ਵਿਆਹ ਨੂੰ ਤਿਆਰ ਹੈ ਤੇ ਚਾਹੁੰਦੀ ਹੈ ਕਿ ਪਤੀ ਨਾਲ ਘਰ ਵਸਾਵੇ ਤੇ ਬਹੁਤ ਸਾਰੇ ਪਾਲਤੂ ਕੁੱਤੇ ਰੱਖੇ ਤੇ ਘਰ ਵਿਚ ਉਸ ਦਾ ਰੁਝੇਵਾਂ ਬਣੇ। ਦੋ ਦਿਨ ਬਾਅਦ 'ਵੈਲੇਨਟਾਈਨ ਡੇ ਆ ਰਿਹਾ ਹੈ ਤੇ ਹੈ ਤੇ ਇਸ ਬਾਬਤ ਉਹ ਚੁੱਪ ਹੈ ਕਿਉਂਕਿ ਫਿਲਹਾਲ ਉਸ ਦਾ ਕਿਸੇ ਨਾਲੋਂ ਰਿਸ਼ਤਾ ਟੁੱਟ ਚੁੱਕਾ ਹੈ। ਉਸ ਨੇ ਕਿਹਾ ਕਿ ਮੁੰਡਿਆਂ ਦੀ ਸਮੱਸਿਆ ਇਹ ਹੈ ਕਿ ਉਹ ਆਪਣੇ ਨਾਲ ਦੀ ਦੀ ਕਾਮਯਾਬੀ ਨੂੰ ਹਜ਼ਮ ਨਹੀਂ ਕਰ ਸਕਦੇ ਜਦ ਕਿ ਦੋਸਤ ਹੋਣਾ ਵੀ ਜ਼ਰੂਰੀ ਹੈ ਪਰ ਅਜਿਹੇ ਕਾਰਨ ਦੋਸਤੀ ਤੋੜ ਦਿੰਦੇ ਹਨ ਤਾਂ ਹੀ ਉਹ ਆ ਰਹੇ ਵਰ੍ਹਿਆਂ ਦੌਰਾਨ ਵਿਆਹ ਕਰਵਾ ਕੇ ਘਰ, ਪਤੀ ਤੇ ਬੱਚਿਆਂ ਨਾਲ ਰੁੱਝ ਜਾਣ ਦੀਆਂ ਗੱਲਾਂਬਾਤਾਂ ਕਰ ਰਹੀ ਹੈ। ਵਿਚਾਰਾਂ 'ਤੇ ਸ਼ੱਕ, ਬੇਵਫ਼ਾਈ ਤੇ ਹੰਕਾਰ ਇਹ ਤਿੰਨ ਚੀਜ਼ਾਂ ਆਮ ਤੌਰ 'ਤੇ ਮਰਦਾਂ 'ਚ ਹੁੰਦੀਆਂ ਹਨ ਤੇ ਔਰਤ ਇਨ੍ਹਾਂ ਨੂੰ ਸਮਝ ਕੇ ਚੱਲੇ ਤਾਂ ਅਨੰਨਿਆ ਅਨੁਸਾਰ ਸਹੀ ਰਹਿੰਦਾ ਹੈ, ਵਰਨਾ ਘਰ ਟੁੱਟ ਜਾਂਦੇ ਹਨ ਤੇ ਤਾਂ ਹੀ ਅੱਜਕਲ੍ਹ ਧੜਾਧੜ ਤਲਾਕ ਹੋ ਰਹੇ ਹਨ।

## ਸ਼ਾਹਰੁਖ ਲਈ ਸਕ੍ਰਿਪਟ ਦੀ ਤਲਾਸ਼



ਫ਼ਿਲਮ ਦੀ ਕਹਾਣੀ ਤਾਂ ਹੀ ਅੱਗੇ ਵਧਣੀ ਚਾਹੀਦੀ ਹੈ ਜਦੋਂ ਉਹ ਪ੍ਰਭਾਵਸ਼ਾਲੀ ਹੋਵੇ। ਅਜਿਹਾ ਕਿੰਗ ਖ਼ਾਨ ਸ਼ਾਹਰੁਖ਼ ਖ਼ਾਨ ਵੀ ਮੰਨਦੇ ਹਨ ਤਾਂ ਹੀ 21 ਸਾਲ ਬਾਅਦ ਹੁਣ ਸ਼ਾਹਰੁਖ਼ 'ਮੈਂ ਹੂੰ ਨਾ,' ਦੀ ਸੀਕਵਲ ਬਾਰੇ ਸੋਚ ਰਹੇ ਹਨ। ਫਿਲਮ ਦੀ ਡਾਇਰੈਕਟਰ ਫਰਹਾ ਖ਼ਾਨ ਕਾਫੀ ਸਮੇਂ ਤੋਂ ਸ਼ਾਹਰੁਖ਼ ਨਾਲ ਦੁਬਾਰਾ ਕੰਮ ਕਰਨ ਲਈ ਚੰਗੀ ਸਕ੍ਰਿਪਟ ਦੀ ਤਲਾਸ਼ ਵਿਚ ਸੀ। ਹੁਣ ਸੁਣਨ ਵਿਚ ਆਇਆ ਹੈ ਕਿ ਫਰਹਾ ਜਿਸ ਕਹਾਣੀ 'ਤੇ ਕੰਮ ਕਰ ਰਹੀ ਸੀ, ਉਹ 'ਮੈਂ ਹੂੰ ਨਾ' ਦੀ ਕਹਾਣੀ ਨੂੰ ਅੱਗੇ ਵਧਾਉਣ ਲਈ ਬਿਲਕੁਲ ਸਹੀ ਹੈ। ਫਿਲਮ ਨਾਲ ਜੁੜੇ ਸੂਤਰਾਂ ਮੁਤਾਬਕ 'ਮੈਂ ਹੂੰ ਨਾ ਸ਼ਾਹਰੁਖ਼ ਅਤੇ ਗੌਰੀ ਖ਼ਾਨ ਦੇ ਦਿਲ ਦੇ ਕਾਫੀ ਨੇੜੇ ਹੈ . ਕਿਉਂਕਿ ਇਹ ਉਨ੍ਹਾਂ ਦੀ ਪ੍ਰੋਡਕਸ਼ਨ ਕੰਪਨੀ ਰੈੱਡ ਚਿਲੀਜ਼ ਦੀ ਪਹਿਲੀ ਫਿਲਮ ਰਹੀ ਹੈ। ਸਭ ਕੁਝ ਸਹੀ ਰਿਹਾ ਤਾਂ 'ਮੈਂ ਹੂੰ ਨਾ','ਓਮ ਸ਼ਾਂਤੀ ਓਮ ਅਤੇ ਚੈਂਪੀ ਨਿਊ ਯੀਅਰ' ਤੋਂ 'ਬਾਅਦ ਇਹ ਫਰਹਾ ਤੇ ਸ਼ਾਹਰੁਖ਼ ਦੀ ਇਕੱਠਿਆਂ ਚੌਥੀ ਫਿਲਮ ਹੋਵੇਗੀ।

ਫ਼ਿਲਹਾਲ ਸ਼ਾਹਰੁਖ਼ ਆਪਣੀ ਫਿਲਮ 'ਕਿੰਗ' ਵਿਚ ਰੁੱਝੇ ਹੋਏ ਹਨ। ਇਸ ਦੇ ਨਾਲ ਹੀ ਉਹ ਯਸ਼ਰਾਜ ਫਿਲਮਜ਼ ਦੀ 'ਪਠਾਨ-2' ਵੀ ਕਰਨਗੇ, ਜਿਹੜੀ ਫ਼ਿਲਹਾਲ ਲਿਖਣ ਦੇ ਪੱਧਰ 'ਤੇ ਹੀ ਹੈ।

# Reliable

## *Trucks & Trailer Repair Shop*

**7401 Brookville Road Indianapolis, IN 46239**



* Truck & Trailer Alignment
* Truck Oil Change
* Truck & Trailer Brakes
* Shock and Chambers
* Drive Lines & AC Work
* Tire Change, Repair, & Balance
* Reefer Oil Change
* DPF Work
* Nox Sensor
* Truck & Trailer Bushings
* Air Compressor *
* Air Dryer
* Radiator Change

ਟਰੱਕ ਅਤੇ ਟਰੇਲਰ ਅਲਾਈਨਮੈਂਟ, ਟਰੱਕ ਆਇਲ ਬਦਲਣ, ਟਰੱਕ ਅਤੇ ਟਰੇਲਰ ਬਰੇਕਾਂ, ਟਾਇਰ ਬਦਲਣ, ਰਿਪੇਅਰ ਅਤੇ ਬੈਲੇਂਸ, ਰੀਫਰ ਆਇਲ ਬਦਲਣ, ਏਅਰ ਡਰਾਇਰ, ਰੇਡੀਏਟਰ ਬਦਲਣ ਅਤੇ ਟਰੱਕਾਂ ਤੇ ਟਰੇਲਰ ਨਾਲ ਸਬੰਧਤ ਹੋਰ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ।

**Gurbaksh S Randhawa: 317-800-2976**

**Sam Bhullar: 317-995-2020**